ਮੁੱਲ 35/-

ਭਾਈ ਦਿੱਤ ਸਿੰਘ ਪੱਤ੍ਰਿਕਾ

ਅੰਕ 113 ਸਾਲ 10 6 ਮਈ 2019 (ਮਾਸਿਕ, ਪੰਜਾਬੀ) ਕੁੱਲ ਪੰਨੇ 48



ਪੰਥ ਰਤਨ
ਗਿਆਨੀ ਦਿੱਤ ਸਿੰਘ ਜੀ
21 ਅਪ੍ਰੈਲ 1850 - 6 ਸਤੰਬਰ 1901

ਅੰਦਰ ਪੜ੍ਹੋ ਸੰਪਾਦਕੀ

ਰੀਸ ਦੀ ਘੜੀਸ !!! ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਪੂਰੀ ਦੁਨੀਆਂ ਦੀਆਂ ਸੰਸਥਾਵਾਂ, ਪੰਜਾਬ ਤੇ ਕੇਂਦਰ ਸਰਕਾਰਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਵੱਡੀ ਪੱਧਰ 'ਤੇ ਮਨਾਉਣਗੇ- ਪਰ ਅਸਲ ਸੰਦੇਸ਼ ਤੋਂ ਦੂਰ ਹੀ ਰਹਿਣਗੇ !!!

ਬਾਬਾ ਨਾਨਕ ਬਾਬਾ ਨਾਨਕ....

ਬਾਬਾ ਨਾਨਕ - ਬਾਬਾ ਨਾਨਕ
ਪੂਰੀ ਦੁਨੀਆਂ ਤੇਰਾ 550 ਵਾਂ ਪ੍ਰਕਾਸ਼ ਪੁਰਬ ਮਨਾ ਰਹੀ ਏ
ਵਿਸ਼ਵ ਪੱਧਰ 'ਤੇ ਖ਼ੂਬ ਚਰਚਾ ਕਰਵਾ ਰਹੀ ਏ
ਦਿਖਾਵਿਆਂ, ਛੋਛੇਬਾਜ਼ੀਆਂ, ਰੀਸੋ-ਘੜੀਸ 'ਚ
ਗੁੱਝਚ ਤੇਰੀ ਪਿਆਰੀ ਸੰਗਤ
ਲਗਦੈ ਤੇਰੇ ਅਸਲ ਸੰਦੇਸ਼ ਤੋਂ ਦੂਰ ਜਾ ਰਹੀ ਏ
ਪਰ ਸੱਚ ਹੈ ਕਿ ਤੇਰਾ ਪੁਰਬ ਤਾਂ ਮਨਾ ਰਹੀ ਏ
ਭੰਬਲਭੂਸੇ 'ਚ ਤੇਰੇ ਸਿੱਖ ਤੈਨੂੰ ਯਾਦ ਕਰਦੇ ਨੇ
ਪਰ ਮੈਨੂੰ ਤਾਂ ਲੱਗਦਾ ਜਿਵੇਂ ਬਾਬਾ ਨਾਨਕ ਦਾ ਸ਼ਰਾਧ ਕਰਦੇ ਨੇ
ਕਿਉਂਕਿ ਸ਼ਰਾਧ ਵਿੱਚ ਵੀ ਤਾਂ ਮੋਹਰੀ ਖਾਣ-ਪਾਣ ਹੁੰਦਾ ਏ।
ਤੇ ਸਮਾਗਮਾਂ ਵਿੱਚ ਵੀ ਲੰਗਰ ਪ੍ਰਧਾਨ ਹੁੰਦਾ ਏ।
ਇੱਕ ਤੋਂ ਵੱਧ ਇਕ ਸ਼ਾਹੀ ਪਕਵਾਨ ਹੁੰਦਾ ਏ।
ਰੋਟੀਆਂ ਕਾਰਨ ਹੀ ਸਭ ਤਾਲ ਵਜਦੇ ਨੇ।
ਗੋਲਕਾਂ ਭਰਨ ਲਈ ਸਭ ਦੀਵਾਨ ਸਜਦੇ ਨੇ।
ਤੇਰੀ ਸਿੱਖੀ ਇਨ੍ਹਾਂ 'ਚ ਉਲਝੀ ਜਾ ਰਹੀ ਏ।
ਪਰ ਤੇਰਾ ਪੁਰਬ..........।
ਤੂੰ ਕਿਹਾ ਸੀ ਘਰ-ਘਰ ਅੰਦਰ ਧਰਮਸਾਲ ਹੋਵੇ।
ਉਥੇ ਕੁਰਬਾਣੀ ਦਾ ਪ੍ਰਵਾਹ ਬੇ-ਮਿਸਾਲ ਹੋਵੇ।
ਅਸੀਂ ਤਾਂ ਮਹਿਲਾਂ ਵਰਗੇ ਗੁਰਦੁਆਰੇ ਬਣਾ ਲਏ।
ਇੰਜ ਲਗਦੈ ਜਿਵੇਂ ਗੋਲਕਾਂ ਦੇ ਅਦਾਰੇ ਬਣਾ ਲਏ।
ਨਾਮ ਦੀ ਨਹੀਂ ਗੋਲਕ ਖੁਮਾਰੀ ਚੜ੍ਹਦੀ ਜਾ ਰਹੀ ਏ।
ਪਰ ਤੇਰਾ ਪੁਰਬ..........।
ਦੇਖ ਲਵੋ ਕਿਸ ਤਰ੍ਹਾਂ ਅਜੇਹੇ ਪੁਰਬ ਮਨਾਉਂਦੇ ਨੇ।
ਸੰਦੇਸ਼ ਦੇਣਾ ਭੁਲ ਗਏ ਡਫ਼ਲੀ ਆਪਣੀ ਵਜਾਉਂਦੇ ਨੇ।
ਧਰਮ ਦਾ ਮਖੌਟਾ ਪਹਿਨ ਕੇ ਧਰਮ ਦੇ ਠੇਕੇਦਾਰਾਂ ਨੇ।
ਜਕੜ ਲਿਆ ਤੇਰੀ ਸਿੱਖੀ ਨੂੰ ਅਖੌਤੀ ਜਥੇਦਾਰਾਂ ਨੇ।
'ਤੇ ਨਸੀਬ ਵਰਗੇ ਨੂੰ ਸਦਾ ਦਬਾ ਰਹੇ ਨੇ।
ਪਰ ਤੇਰਾ ਪੁਰਬ..........।

ਪ੍ਰਿੰ: ਨਸੀਬ ਸਿੰਘ 'ਸੇਵਕ'
9465216530

ਪੱਤ੍ਰਿਕਾ ਇੰਟਰਨੈੱਟ 'ਤੇ ਪੜ੍ਹੀ ਜਾ ਸਕਦੀ ਹੈ: **http://bhaiditsinghpatrika.blogspot.in/**
ਲੇਖਕ ਆਪਣੀਆਂ ਰਚਨਾਵਾਂ ਈ-ਮੇਲ ਦੇ ਭੇਜਣ: bhaiditsinghpatrikachd@gmail.com or bhaiditsinghpatrika@yahoo.com

ਭਾਈ ਦਿੱਤ ਸਿੰਘ ਪੱਤ੍ਰਿਕਾ ਲਈ ਵਿਸ਼ੇਸ਼

ਵਿਅੰਗ ਚੌਕੇ



ਪ੍ਰੋ: ਜਸਵੰਤ ਸਿੰਘ ਕੈਲਵੀ
9878381474

❀ ਅਸੀਂ ਹਾਂ ਜਾਦੂਗਰ ❀

ਜਾਦੂਗਰ ਹਾਂ ਅਸੀਂ, ਰੁਮਾਲ ਥੱਲੇ,
ਹਾਥੀ ਊਠ ਲੁਕੋਣਾ ਜਾਣਦੇ ਹਾਂ।
ਲਾਟੂ ਸੱਚ ਦਾ ਅਸੀਂ ਨਹੀਂ ਜਗਣ ਦੇਂਦੇ,
ਕੁਫ਼ਤਰ ਝੂਠ ਲੁਕੋਣਾ ਜਾਣਦੇ ਹਾਂ।
ਅਸਾਂ ਵੋਟਾਂ ਦੀ ਨਹੀਂ ਹਾਂ ਭੀਖ ਮੰਗਦੇ,
ਹੱਥ, ਠੂਠ ਲੁਕੋਣਾ ਜਾਣਦੇ ਹਾਂ।
ਵਾਅਦੇ ਕੈਲਵੀ ਵੰਡੀਏ ਪ੍ਰਸ਼ਾਦਿ ਵਾਗੂੰ,
ਅਸੀਂ ਜੂਠ ਲੁਕੋਣਾ ਜਾਣਦੇ ਹਾਂ।

----- 0 -----

❀ ਯਾਰੀ ❀

ਮੂਰਖ ਸਦਾ ਨੇ ਸੁਖ ਦੀ ਨੀਂਦ ਸੌਂਦੇ,
ਪਾ ਮਿੱਤਰਾ! ਮੂਰਖਾਂ ਨਾਲ ਯਾਰੀ।
ਪਾਪ ਧੋਣ ਲਈ ਬਣੇ ਅਨੇਕ ਤੀਰਥ,
ਓਥੇ ਲਾ ਡੁਬਕੀ ਓਥੇ ਲਾ ਤਾਰੀ।
ਕੀ ਲੈਣਾ ਏਂ? ਤੂੰ ਸਿਆਣਿਆਂ ਤੋਂ,
ਮੁਫ਼ਤ ਵੰਡ ਦਿੱਤੀ ਜੀਹਨਾਂ ਅਕਲ ਸਾਰੀ।
ਯਾਰੀ ਕੁਰਸੀ ਨਾਲ ਕੈਲਵੀ ਪਾ ਪੱਕੀ,
ਹਰੇ ਰੁੱਖਾਂ ਤੇ ਖੁਲ੍ਹ ਕੇ ਫੇਰ ਆਰੀ।

----- 0 -----

❀ ਕਾਣੀ ਸੋਚ ❀

ਸਿਆਸਤਦਾਨ ਸਿਆਸਤ ਦੀ ਖੇਡ ਖੇਡਣ,
ਲਾਉਂਦੇ ਬੋਲਾਂ ਦੇ ਨਾਲ ਨੇ ਅੱਗ ਮੀਆਂ।
ਲੀਰੋ ਲੀਰ ਕਰਕੇ ਕੌਮੀ ਏਕਤਾ ਨੂੰ,
ਰੋਲ ਰਹੇ ਨੇ ਕੌਮ ਦੀ ਪੱਗ ਮੀਆਂ।
ਕਾਣੀ ਸੋਚ ਨਾਲ ਲੋਕਾਂ ਨੂੰ ਕਰਨ ਕਾਣਾ,
ਪੈਦਾ ਕਰਦੇ ਭਰਮ ਦੀ ਝੱਗ ਮੀਆਂ।
ਬਚ ਸਕੋ ਤਾਂ ਕੈਲਵੀ ਬਚ ਜਾਓ,
ਥਾਂ-ਥਾਂ ਫਿਰਦੇ ਬਨਾਰਸ ਦੇ ਠੱਗ ਮੀਆਂ।

----- 0 -----

❀ ਵੋਟ ਜ਼ਰੂਰ ਪਾਓ ❀

ਰੱਜ-ਰੱਜ ਅਜ਼ਾਦੀ ਦਾ ਰੰਗ ਮਾਣੋ,
ਕਾਲੇ ਕਰੋ ਧੰਧੇ, ਟੈਕਸ ਛੋਟ ਪਾਓ।
ਹੇਰਾ ਫੇਰੀ ਜੋ ਕਰਦੇ ਹੋ ਕਰੀ ਜਾਓ,
ਸੋਨੇ ਚਾਂਦੀ 'ਚ ਰੱਜ ਕੇ ਖੋਟ ਪਾਓ।
ਮਨਮਰਜ਼ੀ ਦਾ ਖਾਓ, ਹੰਢਾਓ, ਪਹਿਨੋ
ਭਾਵੇਂ ਪਾਟੀ ਬੁਨੈਣ ਤੇ ਕੋਟ ਪਾਓ।
ਗੱਲ ਕੈਲਵੀ ਦੀ ਇੱਕ ਮੰਨ ਲਓ,
ਪਰ, ਘਰੋਂ ਨਿਕਲੋ ਅਵੱਸ਼ ਤੇ ਵੋਟ ਪਾਓ।

----- 0 -----

❀ ਨਾ ਤੂੰ ਕਰ ਚਿੰਤਾ ❀

ਘਰ, ਕੋਠੀ 'ਚ ਪਾ ਤੂੰ ਇੱਕ ਕਮਰਾ,
ਓਸ ਕਮਰੇ 'ਚ ਸਾਰੀ ਤੂੰ ਧਰ ਚਿੰਤਾ।
ਕਿਹੜਾ ਚੋਰਾਂ ਨੇ ਉਹ ਚੁਰਾ ਲੈਣੀ,
ਬੇਫਿਕਰ ਹੋ ਕੇ ਓਥੇ ਭਰ ਚਿੰਤਾ।
ਜਦੋਂ ਕੈਦ ਕੱਟੀ ਚੇਤੇ ਆਊ ਨਾਨੀ,
ਤੜਫ ਤੜਫ ਕੇ ਜਾਊਗੀ ਮਰ ਚਿੰਤਾ,
ਚਿੰਤਾ, ਕੈਲਵੀ ਚਿੰਤਾ ਸਮਾਨ ਹੁੰਦੀ,
ਥੋੜ੍ਹਾ ਹੱਸਿਆ ਕਰ, ਨਾਹ ਤੂੰ ਕਰ ਚਿੰਤਾ।

****



ਭਾਈ ਦਿੱਤ ਸਿੰਘ ਪੱਤ੍ਰਿਕਾ

ਮੁੱਲ 35/- *ਗਿਆਨੀ ਦਿੱਤ ਸਿੰਘ ਮੈਮੋਰੀਅਲ ਸੁਸਾਇਟੀ (ਰਜਿ:) ਦੀ ਸਰਪ੍ਰਸਤੀ ਅਧੀਨ*

ਅੰਕ 113 ● ਸਾਲ 10 ● 6 ਮਈ 2019 (ਮਾਸਿਕ,ਪੰਜਾਬੀ) ● ਕੁੱਲ ਪੰਨੇ 48

ਤੱਤਕਰਾ

ਰਚਨਾਵਾਂ ਭੇਜਣ ਲਈ ਪਤਾ: ਭਾਈ ਦਿੱਤ ਸਿੰਘ ਪੱਤ੍ਰਿਕਾ # 712, ਅਨੰਦਪੁਰ ਕੰਪਲੈਕਸ, ਕਜਹੇੜੀ, ਯੂ.ਟੀ.ਚੰਡੀਗੜ੍ਹ-160036 ਫੋਨ: 9465216530

ਈ-ਮੇਲ - bhaiditsinghpatrikachd@gmail.com or bhaiditsinghpatrika@yahoo.com

ਪੱਤ੍ਰਿਕਾ ਇੰਟਰਨੈੱਟ 'ਤੇ ਪੜ੍ਹੀ ਜਾ ਸਕਦੀ ਹੈ: http://bhaiditsinghpatrika.blogspot.in/

ਚੰਦਿਆਂ ਦਾ ਵੇਰਵਾ

ਸਮਾਂ	ਦੇਸ਼ 'ਚ	ਵਿਦੇਸ਼ 'ਚ
ਸਾਲਾਨਾ	400/-	$ 70
ਪੰਜ ਸਾਲ	1600/-	$ 350
ਲਾਈਫ ਮੈਂਬਰ	12,000/-	$ 3000

ਮਾਇਆ ਭੇਜਣ ਲਈ ਪਤਾ:- ਭਾਈ ਦਿੱਤ ਸਿੰਘ ਪੱਤ੍ਰਿਕਾ

A/c No. 65139724105, IFSC Code: SBIN0050435swift

ਸਟੇਟ ਬੈਂਕ ਆਫ਼ ਇੰਡੀਆ, ਸ਼ਾਖਾ ਕਜਹੇੜੀ, ਚੰਡੀਗੜ੍ਹ।

ਛਾਪਕ, ਆਰ.ਕੇ. ਸ਼ਰਮਾ ਅਤੇ ਪ੍ਰਕਾਸ਼ਕ ਸ. ਨਸੀਬ ਸਿੰਘ ਸੇਵਕ ਨੇ ਮਾਲਕ ਸ. ਨਸੀਬ ਸਿੰਘ ਸੇਵਕ ਦੇ ਤੌਰ 'ਤੇ ਦੁਰਗਾ ਪ੍ਰਿੰਟ-ਓ-ਪੈਕ ਕਜਹੇੜੀ ਚੰਡੀਗੜ੍ਹ ਫੋਨ: 0172-2667070 ਤੋਂ ਛਪਵਾ ਕੇ 712, ਅਨੰਦਪੁਰ ਕੰਪਲੈਕਸ ਕਜਹੇੜੀ (ਚੰਡੀਗੜ੍ਹ) ਤੋਂ ਪ੍ਰਕਾਸ਼ਿਤ ਕੀਤਾ। ਸੰਪਾਦਕ ਪ੍ਰਿੰ: ਨਸੀਬ ਸਿੰਘ ਸੇਵਕ

ਰੀਸ ਦੀ ਘੜੀਸ !!! ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਪੂਰੀ ਦੁਨੀਆਂ ਦੀਆਂ ਸੰਸਥਾਵਾਂ, ਪੰਜਾਬ ਤੇ ਕੇਂਦਰ ਸਰਕਾਰਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਵੱਡੀ ਪੱਧਰ 'ਤੇ ਮਨਾਉਣਗੇ- ਪਰ ਅਸਲ ਸੰਦੇਸ਼ ਤੋਂ ਦੂਰ ਹੀ ਰਹਿਣਗੇ !!!



ਪ੍ਰਿ: ਨਸੀਬ ਸਿੰਘ ਸੇਵਕ
9465216530

ਆ ਬਾਬਾ ਤੇਰਾ ਵਤਨ ਵੀਰਾਨ ਹੋ ਗਿਆ।
ਰੱਬ ਦੇ ਘਰਾਂ ਦਾ ਰਾਖਾ ਮੁੜ ਸ਼ੈਤਾਨ ਹੋ ਗਿਆ।
'ਕਲਜੁਗ ਹੈ ਰੱਥ ਅਗਨ ਦਾ' ਤੂੰ ਆਪ ਆਖਿਆ।
ਮੁੜ ਕੂੜ ਉਸੇ ਰੱਥ ਦਾ, ਰਥਵਾਨ ਹੋ ਗਿਆ।
ਪ੍ਰੋ: ਮੋਹਨ ਸਿੰਘ

ਪੰਜਾਬੀ ਦੇ ਉੱਚ ਕੋਟੀ ਦੇ ਸ਼ਾਇਰ ਜਿਸ ਨੂੰ ਹੱਡ, ਚੰਮ ਤੇ ਮਾਸ ਦੇ ਕਵੀ ਦੇ ਤੌਰ 'ਤੇ ਜਾਣਿਆ ਜਾਂਦਾ ਹੈ ਨੇ ਗੁਰੂ ਨਾਨਕ ਦੇਵ ਜੀ ਸੰਬੰਧੀ ਇਕ ਮਹਾਂਕਾਵਿ, ਨਨਕਾਇਣ ਲਿਖ ਕੇ ਇਕ ਵੱਡੀ ਮੱਲ ਮਾਰੀ ਸੀ। 6-7 ਦਹਾਕੇ ਪਹਿਲਾਂ ਉਨ੍ਹਾਂ ਨੇ ਇਕ ਕਵਿਤਾ **"ਗੁਰੂ ਨਾਨਕ ਨੂੰ"** ਲਿਖੀ ਸੀ ਜਿਸ ਦੀਆਂ ਪਹਿਲੀਆਂ ਲਾਇਨਾਂ ਨਾਲ ਇਹ ਸੰਪਾਦਕੀ ਸ਼ੁਰੂ ਕੀਤੀ ਗਈ ਹੈ। ਪ੍ਰੋ: ਸਾਹਿਬ ਨੇ ਉਸ ਸਮੇਂ ਦੇ ਸਿੱਖੀ ਦੇ ਹਾਲਾਤਾਂ, ਬਾਬੇ ਨਾਨਕ ਦੇ ਸੰਦੇਸ਼ ਦੀ ਸਿੱਖਾਂ ਵੱਲੋਂ ਕੀਤੀ ਬੇਕਦਰੀ ਤੋਂ ਦੁਖੀ ਹੋ ਕੇ ਇਹ ਕਵਿਤਾ ਲਿਖੀ ਸੀ। ਇਸ ਲੰਮੀ ਕਵਿਤਾ ਵਿੱਚ ਉਸ ਨੇ ਉਹ ਸਭ ਕੁਝ ਖੁਲ੍ਹ ਕੇ ਲਿਖਿਆ ਹੈ ਜੋ ਗੁਰੂ ਨਾਨਕ ਦੇਵ ਜੀ ਦੀ ਫਿਲਾਸਫੀ ਦੇ ਉਲਟ ਹੋ ਰਿਹਾ ਸੀ ਜਿਵੇਂ ਕੁੱਝ ਸਤਰਾਂ ਇਸ ਪ੍ਰਕਾਰ ਹਨ:

ਕੁਝ ਐਸਾ ਕੁਫ਼ਰ ਤੋਲਿਆ ਈਮਾਨ ਵਾਲਿਆਂ
ਕਿ ਕੁਫ਼ਰ ਤੋਂ ਵੀ ਹੌਲਾ ਹੋ ਈਮਾਨ ਹੋ ਗਿਆ।

ਮੁੜ ਮੈਦੇ ਬਾਸਮਤੀਆਂ ਦਾ ਆਦਰ ਹੈ ਵਧਿਆ,
ਮੁੜ ਕੋਧਰੇ ਦੀ ਰੋਟੀ ਦਾ ਅਪਮਾਨ ਹੋ ਗਿਆ।

ਮੁੜ ਭਾਗੋਆਂ ਦੀ ਚਾਂਦਰੀਂ ਛਿੱਟੇ ਨੇ ਖ਼ੂਨ ਦੇ,
ਮੁੜ ਲਾਲੋਆਂ ਦੇ ਖ਼ੂਨ ਦਾ ਨੁਚੜਾਨ ਹੋ ਗਿਆ।

ਪਰ ਅੱਜ ਦੇ ਸਿੱਖੀ ਦੇ ਹਾਲਾਤ ਤਾਂ ਉਸ ਤੋਂ ਵੀ ਬਦਤਰ ਹੋ ਚੁੱਕੇ ਹਨ। ਜੇ ਅੱਜ ਦੇ ਹਾਲਾਤਾਂ ਤੋਂ ਡੇਢ ਕੁ ਸਦੀ ਪਿਛੇ ਜਾਈਏ ਤਾਂ ਪਤਾ ਚਲਦਾ ਹੈ ਕਿ ਜਦੋਂ ਸਿੱਖੀ ਦੀ ਬੇੜੀ ਡੁੱਬ ਰਹੀ ਸੀ। ਸਿੱਖ ਧੜਾਧੜ ਇਸਾਈ ਬਣ ਰਹੇ ਸਨ। 1861 ਈ: ਦੀ ਮਰਦਮਸ਼ੁਮਾਰੀ ਵਿੱਚ ਸਿੱਖਾਂ ਦੀ 20 ਸਾਲ ਪਹਿਲਾਂ ਦੀ 1 ਕਰੋੜ ਦੀ ਗਿਣਤੀ ਘਟ ਕੇ 18 ਲੱਖ 70 ਹਜ਼ਾਰ ਰਹਿ ਗਈ ਸੀ। ਬਾਹਰਲੇ ਦੇਸ਼ਾਂ ਦੀਆਂ ਅਖਬਾਰਾਂ ਇਹ ਟਿਚਰਾਂ ਦੇ ਤੌਰ 'ਤੇ ਲਿਖਣ ਲੱਗ ਪਈਆਂ ਸਨ ਕਿ ਜੇ ਕਿਸੇ ਨੇ 25 ਸਾਲ ਬਾਅਦ ਕਿਸੇ ਸਿੱਖ ਦੇ ਦਰਸ਼ਨ ਕਰਨੇ ਹੋਣਗੇ ਤਾਂ ਸਿਰਫ ਅਜਾਇਬ ਘਰਾਂ ਵਿੱਚ ਹੋ ਸਕਣਗੇ। ਸਿੱਖੀ 'ਤੇ ਇਕ ਹੋਰ ਵੱਡਾ ਮਾਰੂ ਹਮਲਾ ਹੋ ਰਿਹਾ ਸੀ ਡੇਰਾਵਾਦ ਤੇ ਬਾਬਾਵਾਦ ਦਾ। ਪ੍ਰੋ: ਗੁਰਮੁਖ ਸਿੰਘ ਤੇ ਗਿਆਨੀ ਦਿੱਤ ਸਿੰਘ ਹੁਰਾਂ ਨੇ ਸਿੰਘ ਸਭਾ ਲਹਿਰ ਚਲਾਈ, ਖਾਲਸਾ ਅਖਬਾਰ ਲਾਹੌਰ ਸ਼ੁਰੂ ਕੀਤਾ, ਗਿਆਨੀ ਦਿੱਤ ਸਿੰਘ ਨੇ 72 ਕਿਤਾਬਾਂ ਲਿਖੀਆਂ ਤੇ ਅਖਬਾਰ ਦੀ ਸੰਪਾਦਕੀ ਕੀਤੀ। ਧੂਆਂਧਾਰ ਭਾਸ਼ਨ ਕੀਤੇ ਤੇ ਸਿੱਖੀ ਦੀ ਡੁੱਬਦੀ ਬੇੜੀ ਨੂੰ ਬਚਾ ਲਿਆ ਸੀ ਪਰ 1901 ਦੇ ਨੇੜੇ-ਤੇੜੇ ਇਹ ਦੋਨੋ ਸਿੱਖੀ ਦੇ ਰਹਿਬਰ ਚਲ ਵਸੇ ਤੇ ਹਾਲਾਤ ਫੇਰ ਉਸੇ ਤਰ੍ਹਾਂ ਦੇ ਉਭਰਨ ਲੱਗੇ ਤੇ ਪ੍ਰੋ: ਮੋਹਨ ਸਿੰਘ ਨੇ ਪ੍ਰਭਾਵਿਤ ਹੋ ਕੇ ਬਾਬਾ ਨਾਨਕ ਨੂੰ ਕਾਵਿ ਮਈ ਰੂਪ ਵਿੱਚ ਵੰਗਾਰਿਆ ਸੀ:

ਤੂੰ ਰੱਬ ਨੂੰ ਵੰਗਾਰਿਆ, ਤੈਨੂੰ ਵੰਗਾਰਾਂ ਮੈਂ,
"ਆਇਆ ਨਾ ਤੈਂ ਕੀ ਦਰਦ ਏਨਾ ਘਾਣ ਹੋ ਗਿਆ।"

ਆਓ! ਅੱਜ ਤੋਂ 550 ਸਾਲ ਪਿਛੇ ਜਾਈਏ ਜਦੋਂ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ ਸੀ। ਉਸ ਸਮੇਂ

ਹਾਲਾਤਾਂ ਦੀ ਤਸਵੀਰ ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਖਿੱਚੀ ਹੈ:

ਸਤਿਗੁਰੂ ਨਾਨਕ ਪ੍ਰਗਟਿਆ
ਮਿੱਟੀ ਧੁੰਦ ਜਗ ਚਾਨਣ ਹੋਇਆ

ਬਾਬੇ ਨਾਨਕ ਨੇ ਸਭ ਤੋਂ ਪਹਿਲਾਂ ਇੱਕ ਅਕਾਲ ਪੁਰਖ ਭਾਵ 'ਇਕ' ਦਾ ਨਾਅਰਾ ਦਿੱਤਾ-

ਸਾਹਿਬ ਮੇਰਾ ਏਕੋ ਹੈ
ਏਕੋ ਹੈ ਭਾਈ ਏਕੋ ਹੈ (ਅੰਗ 350)

ਉਹ ਇਸ ਇਕ ਦੇ ਵਿਸ਼ੇਸ਼ ਦੂਤ ਵਜੋਂ ਆਏ ਸਨ ਜਿਨ੍ਹਾਂ ਨੇ ਸਮਾਜ ਵਿਚਲੇ ਗੰਦਲੇਪਣ ਨੂੰ ਆਪਣੀ ਅਲਾਹੀ ਬਾਣੀ ਜ਼ਰੀਏ ਸਾਫ ਕਰਕੇ ਤੇ ਇਕ ਨਵੇਂ ਨਿਰਮਲ ਪੰਥ ਦੀ ਸ਼ੁਰੂਆਤ ਕਰਨੀ ਸੀ। ਗੁਰੂ ਜੀ ਨੇ ਪੂਰੀ ਦੁਨੀਆਂ ਵਿੱਚ ਚਾਰ ਉਦਾਸੀਆਂ ਰਾਹੀਂ ਯਾਤਰਾ ਕੀਤੀ ਹਰ ਸਮਾਜ, ਜਾਤ, ਧਰਮ ਆਦਿ ਦੀ ਨਬਜ਼ ਮਹਿਸੂਸ ਕੀਤੀ। ਲੋੜ ਮੁਤਾਬਿਕ ਵੱਖ-ਵੱਖ ਸੰਦੇਸ਼ ਦਿੱਤੇ। ਕੁਰਾਹਿਆਂ ਨੂੰ ਰਾਹ ਦਰਸਾਏ। ਆਪਣੀਆਂ ਫੇਰੀਆਂ ਦੌਰਾਨ ਕਦੇ ਸਿੱਧਾਂ ਨਾਲ ਗੋਸ਼ਟੀਆਂ, ਮੱਕੇ ਵਿਖੇ ਖੁਦਾ ਵੱਲ ਪੈਰ ਕਰਕੇ ਸੌਂ ਗਏ। ਹਰਿਦੁਆਰ ਜਾਕੇ ਵਡੇਰਿਆਂ ਨੂੰ ਲੋਕਾਂ ਵੱਲੋਂ ਦਿੱਤੇ ਜਾ ਰਹੇ ਪਾਣੀ ਨੂੰ ਨਿੰਦਿਆਂ, ਜਨੇਊ ਪਾਉਣ ਨੂੰ ਵੰਗਾਰਿਆਂ। ਕਿਤੇ ਮਲਕ ਭਾਗੋਆਂ ਦੇ ਸ਼ਾਹੀ ਖਾਣੇ ਦੀ ਬਜਾਏ ਕੋਧਰੇ ਦੀ ਰੋਟੀ ਪ੍ਰਵਾਨ ਕੀਤੀ। ਰਾਜੇ ਮਹਾਰਾਜਿਆਂ ਦੇ ਜ਼ੁਲਮ ਦੇ ਵਿਰੁਧ ਡਟ ਕੇ ਖੜ੍ਹੇ ਹੋਏ ਆਦਿ। ਅਨੇਕਾਂ ਹੀ ਸਦੀਵੀ ਯਾਦ ਰੱਖਣਯੋਗ ਕਾਰਜਾਂ ਦੇ ਨਾਲ-ਨਾਲ ਸਮਾਜ ਵਿਚਲੀਆਂ ਕੁਰੀਤੀਆਂ ਦੇ ਖਿਲਾਫ ਲੋਕਾਂ ਨੂੰ ਜਾਗਰੂਕ ਕੀਤਾ। ਧਰਮ ਵਿੱਚ ਪਹਿਲਾਂ ਤੋਂ ਹੀ ਪ੍ਰਚਲਤ ਮਨੌਤਾਂ, ਵਿਚਾਰਾਂ, ਕਰਮਕਾਂਡਾਂ ਆਦਿ ਨੂੰ ਪੂਰੀ ਤਰ੍ਹਾਂ ਰੱਦ ਕਰਕੇ ਉਨ੍ਹਾਂ ਨੂੰ ਨਵੇਂ ਅਰਥ ਦਿੱਤੇ ਸਨ।

"ਬਾਬਾ ਨਾਨਕ ਸੰਸਾਰ ਦੇ ਪਹਿਲੇ ਧਰਮ-ਵਿਗਿਆਨੀ ਹੋਏ ਹਨ ਜਿਨ੍ਹਾਂ ਨੇ ਮਨੁੱਖੀ ਇਤਿਹਾਸ ਵਿੱਚ, ਪਹਿਲੀ ਵਾਰ, ਧਰਮ ਵਿੱਚ ਦਾਖਲ ਹੋਈਆਂ ਸਾਰੀਆਂ ਗੈਰ-ਧਾਰਮਕ ਗੱਲਾਂ ਨੂੰ ਨਿਖੇੜ ਕੇ ਕਹਿ ਦਿੱਤਾ-ਇਨ੍ਹਾਂ ਗੱਲਾਂ ਦਾ ਤਾਂ ਧਰਮ ਨਾਲ ਸਬੰਧ ਹੀ ਕੋਈ ਨਹੀਂ।"

2019 ਦਾ ਸਾਲ ਪੂਰਾ ਸਿੱਖ ਜਗਤ ਬਾਬੇ ਨਾਨਕ ਦਾ 550ਵਾਂ ਪ੍ਰਕਾਸ਼ ਪੁਰਬ ਦੇ ਤੌਰ ਤੇ ਮਨਾ ਰਿਹਾ ਹੈ। ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਬਹੁਤ ਸਾਰੀਆਂ ਸੰਸਥਾਵਾਂ, ਸੰਪਰਦਾਵਾਂ, ਡੇਰੇ ਇਸ ਪ੍ਰਕਾਸ਼ ਪੁਰਬ ਨੂੰ ਧੂੰਮਧਾਮ ਨਾਲ ਮਨਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਹਨ। ਇਹ ਬਿਲਕੁਲ ਸਹੀ ਹੈ ਆਪਣੇ ਰਹਿਬਰਾਂ ਦੇ ਅਜੇਹੇ ਦਿਹਾੜੇ ਧੂਮ-ਧਾਮ ਨਾਲ ਮਨਾਏ ਜਾਣੇ ਚਾਹੀਦੇ ਹਨ ਪਰ ਇਕ ਸਵਾਲ ਗੰਭੀਰ ਹੈ ਕਿ ਕੀ ਸਾਡੇ ਫ਼ਰਜ਼ ਇਥੇ ਤੱਕ ਹੀ ਸੀਮਤ ਹਨ ਜਾਂ ਇਸ ਤੋਂ ਅੱਗੇ ਵੀ ਹੈ ਹੋਰ ਬਹੁਤ ਕੁਝ ਹੈ? ਜਵਾਬ ਵਿੱਚ ਇਹੀ ਕਹਿ ਸਕਦੇ ਹਾਂ ਕਿ ਹੈ ਤਾਂ ਬਹੁਤ ਕੁਝ ਪਰ ਅਸੀਂ ਲੋਕ ਛੋਛੇ-ਬਾਜ਼ੀਆਂ, ਦਿਖਾਵੇ, ਪਾਖੰਡਵਾਦ ਆਦਿ ਵਿੱਚ ਇੰਨੇ ਉਲਝੇ ਹੋਏ ਕਿ ਬਾਬਾ ਨਾਨਕ ਦੇ ਅਸਲ ਸੰਦੇਸ਼ ਨੂੰ ਉਹ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕਰਦੇ। ਅਜੇਹੇ ਝੂਠ ਦੇ ਦਿਖਾਵਿਆਂ ਨਾਲ ਹੀ ਮਨ ਨੂੰ ਤਸੱਲੀ ਦਈ ਜਾਂਦੇ ਹਨ। ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ ਜੇ ਇਹ ਕਹਿ ਲਿਆ ਜਾਵੇ ਕਿ ਬਾਬਾ ਨਾਨਕ ਨੇ ਬਿਪਰਵਾਦੀ ਸਮਾਜ ਦੇ ਹਜ਼ਾਰਾਂ ਸਾਲ ਪੁਰਾਣੇ ਘਿਸੇ-ਪਿਟੇ ਕਰਮਕਾਂਡ, ਪਖੰਡਵਾਦ ਆਦਿ ਦਾ ਮੂਲੋਂ ਖਾਤਮਾ ਕਰਕੇ ਇਕ ਨਵਾਂ ਨਿਰੋਆ ਨਿਰਮਲ ਪੰਥ ਚਲਾਇਆ ਸੀ ਤੇ ਇਕ ਅਕਾਲ ਪੁਰਖ ਵਾਹਿਗੁਰੂ ਦਾ ਹੋਕਾ ਬੁਲੰਦ ਕੀਤਾ ਸੀ। ਅਸਲ ਜੀਵਨ ਜਾਂਚ ਦੇ ਨਵੇਂ ਤੌਰ ਤਰੀਕੇ ਸਮਝਾਉਣ ਦੇ ਨਾਲ ਨਾਲ ਇਕ ਨਵਾਂ ਸਿਧਾਂਤ ਲੋਕਾਂ ਨੂੰ ਦਿੱਤਾ ਸੀ ਅਤੇ ਕਿਰਤ ਕਰੋ, ਵੰਡ ਛਕੋ, ਨਾਮ ਜਪੋ ਆਦਿ ਸ਼ਬਦਾਂ ਨੂੰ ਅਮਲ ਵਿੱਚ ਲਿਆਉਣ ਵਰਗੇ ਵਡਮੁੱਲੇ ਵਿਚਾਰ ਪੇਸ਼ ਕੀਤੇ ਸਨ ਪਰ ਅਫਸੋਸ ਕਿ ਅਸੀਂ ਪੁਰਾਣੇ ਰੀਤੀ ਰਿਵਾਜ਼ਾਂ ਨਾਲ ਹੀ ਆਪਣੇ ਆਪ ਨੂੰ ਸੰਤੁਸ਼ਟ ਸਮਝਦੇ ਆ ਰਹੇ ਹਾਂ। ਦਸਵੀਂ ਜੋਤ ਗੁਰੂ ਗੋਬਿੰਦ ਸਿੰਘ ਜੀ ਤੱਕ ਤਾਂ ਜਨਤਾ ਨੇ ਹਰ ਵਿਚਾਰ/ਸੰਦੇਸ਼ ਸਿਰਮੱਥੇ ਕਬੂਲਿਆ ਉਪਰੰਤ ਖਾਲਸਾ ਪੰਥ ਦੀ ਸਾਜਨਾ ਤੱਕ ਬਾਬੇ ਨਾਨਕ ਦੀ ਫਿਲਾਸਫੀ ਸਿਖਰ 'ਤੇ ਆ ਪੁੱਜੀ ਸੀ। 1708 ਈ: ਤੋਂ ਲਗਭਗ 1800 ਤੱਕ ਸੱਚੇ-ਸੁੱਚੇ ਸਿੱਖਾਂ ਨੇ ਸਿੱਖ ਕੌਮ

ਨੂੰ ਆਂਚ ਨਹੀਂ ਆਉਣ ਦਿੱਤੀ ਤੇ ਹਰ ਚਣੌਤੀ ਦਾ ਸਾਹਮਣਾ ਕੀਤਾ। ਬੇਅੰਤ ਕੁਰਬਾਨੀਆਂ ਕੀਤੀਆਂ। ਭਾਰਤ ਵਰਸ਼ ਤੇ ਅੰਗਰੇਜ਼ਾਂ ਦਾ ਰਾਜ ਆ ਗਿਆ। ਇਹ ਹਕੀਕਤ ਹੈ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ 10 ਸਾਲ ਬਾਅਦ ਤੱਕ ਵੀ ਅੰਗਰੇਜ਼ ਪੰਜਾਬ ਤੇ ਕਬਜ਼ਾ ਨਹੀਂ ਕਰ ਸਕੇ ਸਨ। ਜੁਝਾਰੂ ਕੌਮ ਦੀਆਂ ਜੋਸ਼ੀਲੀਆਂ ਕੁਰਬਾਨੀਆਂ ਨੇ ਅੰਗਰੇਜ਼ਾਂ ਨੂੰ ਸੋਚਣ ਲਈ ਮਜ਼ਬੂਰ ਕੀਤਾ ਹੋਇਆ ਸੀ। 1849 ਵਿੱਚ ਪੰਜਾਬ ਉੱਤੇ ਕਬਜ਼ਾ ਕਰਨ ਉਪਰੰਤ ਅੰਗਰੇਜ਼ਾਂ ਦਾ ਪਹਿਲਾ ਵੱਡਾ ਕਾਰਜ ਸੀ ਸਿੱਖਾਂ ਦੇ ਮਨੋਬਲ ਨੂੰ ਕਮਜ਼ੋਰ ਕਰਨਾ, ਗੁਰੂ ਗ੍ਰੰਥ ਸਾਹਿਬ ਨਾਲੋਂ ਤੋੜ ਕੇ ਵੱਖ-ਵੱਖ ਫਿਰਕੇ ਕਾਇਮ ਕਰਨੇ। ਬਾਬੇ ਨਾਨਕ ਦੀ ਪਵਿੱਤਰ ਧਰਤੀ 'ਤੇ ਡੇਰਾਵਾਦ ਦੇ ਜਨਮਦਾਤਾ ਅੰਗਰੇਜ਼ ਹੀ ਹਨ। ਰਾਧਾ ਸੁਆਮੀ, ਨਿਰੰਕਾਰੀ, ਸਚਾ ਸੌਦਾ ਉਰਫ ਸੌਦਾ ਸਾਧ, ਮਸਤੂਆਣਾ, ਨਾਮਧਾਰੀ, ਨੌਰੰਗਾਬਾਦ ਆਦਿ ਡੇਰਿਆਂ ਦੇ ਪਹਿਲੇ ਮੁੱਖੀ ਅੰਗਰੇਜ਼ੀ ਫੌਜ ਵਿਚੋਂ ਭੇਜੇ ਗਏ ਸਨ ਤੇ ਤਨਖਾਹ ਉਨ੍ਹਾਂ ਨੂੰ ਫੌਜ ਵਿਚੋਂ ਮਿਲਦੀ ਸੀ। ਅੱਜ ਨਤੀਜਾ ਸਾਡੇ ਸਾਹਮਣੇ ਹੈ। ਬਾਬੇ ਨਾਨਕ ਦੀ ਸਿੱਖੀ ਲਈ ਇਹ ਅਹਿਮ ਚਣੌਤੀ ਤੇ ਡੇਰਾਵਾਦ, ਬਾਬਾਵਾਦ ਹੀ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਭ ਤੋਂ ਨੇੜਲੇ ਸ਼ਰੀਕ ਹਨ। ਸਿੱਖ ਕੌਮ ਅੱਜ ਇਨ੍ਹਾਂ ਡੇਰਿਆਂ ਵਿੱਚ ਵੰਡੀ ਹੋਣ ਦੇ ਨਾਲ-ਨਾਲ ਪੀਰਾਂ ਦੀਆਂ ਸਮਾਧਾਂ ਤੇ ਦੇਵੀ ਦੇ ਚਾਲਿਆਂ ਵਿੱਚ ਵਧੇਰੇ-ਵੇਖੇ ਜਾ ਸਕਦੇ ਹਨ। ਸਿੱਖੀ ਸਿਧਾਂਤਾਂ ਤੋਂ ਉਲਟ ਜਾਂਦੇ ਹਨ। ਅਫਸੋਸ ਤਾਂ ਉਦੋਂ ਹੁੰਦਾ ਹੈ ਜਦ ਕਿਸੇ ਅੰਮ੍ਰਿਤਧਾਰੀ ਸਿੰਘ ਨੂੰ ਲਾਲਾਂ ਵਾਲੇ ਪੀਰ 'ਤੇ ਹਰੀ ਚਾਦਰ ਚੜਾਉਂਦੇ ਹੋਏ, ਕਿਸੇ ਜੋਤਸ਼ੀ ਨੂੰ ਹੱਥ ਫੜਾਇਆ ਵੇਖਦੇ ਹਾਂ ਅਤੇ ਕਿਸੇ ਪਾਖੰਡੀ ਪਾਉਣਾਹਾਰੀ ਚੇਲੇ, ਸਾਧ ਦੀ ਹਾਜ਼ਰੀ ਭਰਦਾ ਦੇਖਦੇ ਹਾਂ। ਉਦੋਂ ਮਨ ਵਿੱਚ ਬਾਬਾ ਨਾਨਕ ਨੂੰ ਸਵਾਲ ਪੁਛਣ ਨੂੰ ਉਤਾਵਲਾ ਹੁੰਦੇ ਦੇਖਦੇ ਹਾਂ ਕਿ ਬਾਬਾ ਨਾਨਕ ਤੇਰੇ ਬਾਹਰੋਂ ਦਿਖਾਈ ਦਿੰਦੇ ਪੱਕੇ ਸਿੱਖਾਂ ਨੂੰ ਵੀ ਧੁਰ ਕੀ ਬਾਣੀ ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਭਰੋਸਾ ਕਿਉਂ ਨਹੀਂ ਹੈ? ਇਹ ਇਕ ਸਚਾਈ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਇਕ ਮਹਾਨ ਗੁਰਦੁਆਰਾ ਸਾਹਿਬ ਦਾ ਮੋਤਬਰ ਗ੍ਰੰਥੀ ਆਪਣੇ ਪੁੱਤਰ-ਪੁੱਤਰੀ ਨੂੰ ਅਮਰੀਕਾ, ਕਨੇਡਾ ਭੇਜਣ ਲਈ ਜੋਤਸ਼ੀ, ਪੰਡਤ ਦੀ ਗਾਹੇ-ਬਗਾਹੇ ਹਾਜ਼ਰੀ ਭਰਦਾ ਦੇਖਿਆ ਗਿਆ ਜੋ ਇਕ ਵੱਡਾ ਕਥਾ ਵਾਚਕ ਹੈ ਕੌਮ ਦਾ ਵੱਡਾ ਸਿੱਖ ਵਿਦਵਾਨ ਹੈ। ਉਸੇ ਦੇ ਬਹੁਤ ਹੀ ਉੱਚੇ ਸੁੱਚੇ ਵਿਚਾਰ ਸੁਣਕੇ ਮੰਨ ਨੂੰ ਸ਼ਾਤੀ ਮਿਲਦੀ ਹੈ। ਲਾਹਨਤ ਹੈ ਗੁਰੂ ਦੇ ਅਜੇਹੇ ਪਾਖੰਡੀ ਪ੍ਰਚਾਰਕਾਂ ਨੂੰ!!

ਸਿੱਖ ਸਭਾ ਲਹਿਰ ਦਾ ਜਨਮ 1872 ਫੇਰ 1879 ਵਿੱਚ ਉਸ ਸਮੇਂ ਹੋਇਆ ਸੀ ਜਦੋਂ ਸਿੱਖ ਧੜਾਧੜ ਇਸਾਈ ਬਣਦੇ ਜਾ ਰਹੇ ਸਨ। ਇਸ ਲਹਿਰ ਨੂੰ ਸੇਧ ਦੇਣ ਵਾਲੇ ਪ੍ਰੋ: ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ, ਭਾਈ ਜਵਾਹਰ ਸਿੰਘ ਅਤੇ ਹੋਰ ਕੁਝ ਸਾਥੀ ਸਨ ਜਿਨ੍ਹਾਂ ਨੇ ਇਸ ਚਣੌਤੀ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਕਾਫੀ ਸਫਲਤਾ ਵੀ ਪ੍ਰਾਪਤ ਕਰ ਲਈ ਸੀ। 1920 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਆਈ ਜੋ ਸਿੰਘ ਸਭਾ ਦੇ ਨਕਸ਼ੇ ਕਦਮਾਂ ਦੇ ਮੁਤਾਬਿਕ ਬਣੀ ਸੀ। ਇਸ ਸਰਬ-ਉੱਚ ਕਮੇਟੀ ਦੀ ਜਿਮੇਂਵਾਰੀ ਹੈ ਕਿ ਸਿੱਖਾਂ ਦੀਆਂ ਹਰ ਤਰ੍ਹਾਂ ਦੀਆਂ ਮੁਸ਼ਕਲਾਂ ਸਮੇਂ ਸਿੱਖੀ ਦਾ ਪ੍ਰਚਾਰ ਤੇ ਪ੍ਰਸਾਰ ਕਰੇ ਇਸ ਦੇ ਨਾਲ ਹੀ ਇਸ ਦੇ ਅਧੀਨ ਆਉਂਦੇ ਗੁਰਦੁਆਰਿਆਂ ਦੀ ਸਾਂਭ-ਸੰਭਾਲ ਵੀ ਕਰੇ। ਪਹਿਲੇ ਪੰਜ ਛੇ ਦਹਾਕੇ ਤਾਂ ਸਭ ਠੀਕ-ਠਾਕ ਸੀ ਪਰ ਹੌਲੀ ਹੌਲੀ ਰਾਜਨੀਤਕ ਲੋਕਾਂ ਦੇ ਕਬਜ਼ੇ ਵਿੱਚ ਆ ਗਈ ਆਖਰ 'ਗੋਲਕ' ਹੀ ਇਸ ਕਮੇਟੀ ਦਾ ਕੇਂਦਰ ਬਿੰਦੂ ਬਣ ਗਿਆ। ਅੱਜ ਹਾਲਾਤ ਇਥੋਂ ਤੱਕ ਬਦਤਰ ਹੋ ਗਏ ਹਨ ਕਿ ਇਹ ਸਿੱਖਾਂ ਦੀ ਸਭ ਤੋਂ ਵੱਡੀ ਸੰਸਥਾ ਦੀ ਬਜਾਏ ਇਕ ਸਿਆਸੀ ਪਾਰਟੀ ਦਾ ਰੂਪ ਧਾਰਨ ਕਰ ਗਈ ਹੈ। ਇਹ ਗੱਲ ਅੱਜ ਕਿਸੇ ਵੀ ਸੂਝਵਾਨ ਜਾਂ ਆਮ ਸਿੱਖਾਂ ਤੋਂ ਲੁਕੀ ਹੋਈ ਨਹੀਂ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਅਸਲ ਨਿਸ਼ਾਨੇ ਤੋਂ ਭਟਕ ਚੁੱਕੀ ਹੈ। ਜੋ ਵੀ ਇਸ ਦੀ ਦੇਖ-ਰੇਖ ਅਧੀਨ ਪ੍ਰੋਗਰਾਮ ਹੁੰਦਾ ਹੈ ਉਨ੍ਹਾਂ ਤੇ ਬਿਪਰਵਾਦ ਦਾ ਪ੍ਰਛਾਵਾਂ ਸ਼ਰੇਆਮ ਵੇਖਿਆ ਜਾ ਸਕਦਾ ਹੈ। ਇਹ ਸਿਆਸਤ ਤੋਂ ਪ੍ਰੇਰਤ ਹੀ ਨਹੀਂ ਸਗੋਂ ਪੂਰਾ ਸਿਆਸੀਕਰਨ ਹੁੰਦਾ ਹੈ।

ਬਾਕੀ ਅਗਲੇ ਮਹੀਨੇ

****

ਸੁੱਖ ਦੁੱਖ



ਹਰੀ ਸਿੰਘ ਕੁਵੈਤ ਵਾਲੇ
9814007847

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ
ਅਉਰੁ ਮਾਨ ਅਪਮਾਨਾ। (ਅੰਗ-219)

ਮਨੁੱਖ ਤਿੰਨਾਂ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ, ਸਰੀਰ, ਮਨ ਤੇ ਆਤਮਾ। ਸਰੀਰ ਨੂੰ ਚੰਗੀ ਖੁਰਾਕ, ਮਨ ਨੂੰ ਚੰਗੇ ਖਿਆਲ ਤੇ ਆਤਮਾ ਨੂੰ ਇਕਾਗਰਤਾ ਚੰਗੇ ਲੱਗਦੇ ਹਨ ਤੇ ਸੁੱਖੀ ਬਣਾਉਂਦੇ ਹਨ। ਅਸੀਂ ਆਪਣੇ ਭੁਲੇਖੇ ਕਾਰਨ ਕੇਵਲ ਆਪਣੇ ਸਰੀਰਕ ਸੁੱਖਾਂ ਬਾਰੇ ਹੀ ਸੋਚਦੇ ਹਾਂ। ਸਰੀਰ ਨਾਸਵੰਤ ਹੈ ਤੇ ਇਸ ਨਾਲ ਸੰਬੰਧਤ ਸਾਰੀ ਦੁਨੀਆਂ ਵੀ ਖਿਆਲੀ ਤੇ ਝੂਠੀ ਹੈ। ਇਨ੍ਹਾਂ ਨਾਸਵੰਤ ਚੀਜ਼ਾਂ ਤੋਂ ਸਾਨੂੰ ਕਦੇ ਵੀ ਸਦੀਵੀ ਸੁੱਖ ਨਹੀਂ ਮਿਲ ਸਕਦੇ।

ਅਸਲੀ ਸੁੱਖ ਬਾਹਰ ਦੀ ਦੁਨੀਆ ਵਿੱਚ ਨਹੀਂ ਸਗੋਂ ਸਾਡੇ ਆਪਣੇ ਅੰਦਰੋਂ ਹੀ ਪ੍ਰਾਪਤ ਹੋ ਸਕਦਾ ਹੈ। ਗੁਰਬਾਣੀ ਇਸ ਬਾਰੇ ਨਸੀਹਤ ਕਰਦੀ ਹੈ:

ਸਭ ਕਿਛੁ ਘਰ ਮਹਿ ਬਾਹਰਿ ਨਾਹੀ
ਬਾਹਰਿ ਟੋਲੈ ਸੋ ਭਰਮਿ ਭੁਲਾਹੀ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ
ਸੋ ਅੰਤਰਿ ਬਾਹਰਿ ਸੁਹੇਲਾ ਜੀਉ॥ (ਅੰਗ-102)

ਪ੍ਰਮਾਤਮਾ ਸੁੱਖਾਂ ਦਾ ਸੋਮਾ ਹੈ। ਇਸ ਲਈ ਸਾਨੂੰ ਚਾਹੀਦਾ ਹੈ ਕਿ ਮਨ ਦੀ ਸ਼ਕਤੀ ਨੂੰ ਅੰਦਰ ਵੱਲ ਮੋੜੀਏ ਤਾਂ ਫਿਰ ਆਤਮਿਕ ਸੁੱਖਾਂ ਦੇ ਨਾਲ-ਨਾਲ ਬਾਹਰ ਦੇ ਸਾਰੇ ਦੁਨਿਆਵੀ ਸੁੱਖ ਆਪਣੇ ਆਪ ਮਿਲ ਜਾਂਦੇ ਹਨ।

ਸਾਡੇ ਦੁੱਖਾਂ ਦੇ ਦੋ ਕਾਰਨ ਹੁੰਦੇ ਹਨ। ਇਕ ਸਾਡੀ ਭੁੱਲ ਕਰਕੇ ਤੇ ਦੂਸਰਾ ਪ੍ਰਮਾਤਮਾ ਵਲੋਂ ਸਾਨੂੰ ਸਿੱਧੇ ਰਸਤੇ ਤੇ ਪਾਉਣ ਲਈ ਚਿਤਾਵਨੀ ਹੁੰਦੀ ਹੈ। ਵੇਖੋ ਇਕ ਬੱਚੇ ਨੇ ਚੋਰੀ ਕੀਤੀ ਪਰ ਪਕੜਿਆ ਗਿਆ ਤੇ ਲੋਕਾਂ ਪਾਸੋਂ ਚਪੇੜਾਂ ਖਾਦੀਆਂ। ਇਕ ਦੂਸਰੇ ਬੱਚੇ ਨੇ ਚੋਰੀ ਕਰਨ ਬਾਰੇ ਸੋਚਿਆ ਤੇ ਜਦ ਮਾਂ ਨੂੰ ਪਤਾ ਲੱਗਾ ਤਾਂ ਉਸ ਨੇ ਵੀ ਚਪੇੜਾਂ ਮਾਰੀਆਂ। ਜਿਥੇ ਤੱਕ ਚਪੇੜਾਂ ਦੇ ਦੁੱਖ ਦਾ ਸਵਾਲ ਹੈ, ਉਹ ਤਾਂ ਬਰਾਬਰ ਹੈ ਪਰ ਇਕ ਫਰਕ ਜ਼ਰੂਰ ਹੈ। ਪਹਿਲੇ ਬੱਚੇ ਦੀਆਂ ਚਪੇੜਾਂ ਸਜਾ ਹਨ ਪਰ ਮਾਂ ਦੀਆਂ ਚਪੇੜਾਂ ਮਿਹਰ ਹੈ। ਸਾਡੀ ਭੁੱਲ ਤੋਂ ਜੋ ਦੁੱਖ ਮਿਲੇ ਉਹ ਸਜਾ ਹੈ ਪਰ ਪ੍ਰਮਾਤਮਾ ਵਲੋਂ ਜੋ ਦੁੱਖ, ਸਾਨੂੰ ਕਿਸੇ ਹੋਰ ਵਡੇ ਅਪਦਰ ਤੋਂ ਬਚਾਉਣ ਲਈ ਮਿਲੇ ਉਹ ਉਸ ਦੀ ਮਿਹਰ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜਿਹੜਾ ਦੁੱਖ ਪ੍ਰਮਾਤਮਾ ਨੂੰ ਚੰਗਾ ਲਗ ਰਿਹਾ ਹੈ, ਭਾਵੇਂ ਅਸੀਂ ਉਸ ਵੇਲੇ ਔਖੇ ਹੋ ਰਹੇ ਹਾਂ, ਉਹ ਉਸ ਦੀ ਦਾਤ ਹੈ। ਜਿਵੇਂ ਮਾਂ ਦੀਆਂ ਚਪੇੜਾਂ ਵਿੱਚ ਪੁੱਤਰ ਲਈ ਹਜ਼ਾਰਾਂ ਸ਼ੁਭ ਕਾਮਨਾਵਾਂ ਹਨ। ਜਪੁਜੀ ਸਾਹਿਬ ਵਿੱਚ ਅਸੀਂ ਰੋਜ਼ ਪੜ੍ਹਦੇ ਹਾਂ:

ਕੇਤਿਆਂ ਦੂਖ ਭੂਖ ਸਦ ਮਾਰ॥
ਏਹਿ ਭਿ ਦਾਤਿ ਤੇਰੀ ਦਾਤਾਰ॥

ਪ੍ਰਮਾਤਮਾ ਦਾ ਦਿੱਤਾ ਦੁਖ ਸਾਡੇ ਅਨੇਕ ਦੁਖ ਕੱਟਣ ਆਇਆ ਹੈ ਪਰ ਸਾਡੀ ਭੁੱਲ ਤੋਂ ਮਿਲਿਆ ਦੁੱਖ ਸਾਨੂੰ ਨਿਕੰਮਾ ਤੇ ਪਾਪੀ ਬਣਾ ਦੇਵੇਗਾ। ਸੰਸਾਰਕ ਪਦਾਰਥਾਂ ਦੇ ਸੁੱਖ ਕਦੇ ਵੀ ਸਦੀਵੀ ਖੁਸ਼ੀ ਨਹੀਂ ਦੇ ਸਕਦੇ। ਇਨ੍ਹਾਂ ਬਾਰੇ ਸਦਾ ਚਿੰਤਾ ਲੱਗੀ ਰਹਿੰਦੀ ਹੈ ਕਿ ਇਹ ਧੰਨ ਦੌਲਤ, ਮਹਿਲ ਮਾੜੀਆਂ ਤੇ ਇੱਜ਼ਤ ਸਨਮਾਨ ਕੋਈ ਲੁੱਟ ਕੇ ਨਾ ਲੈ ਜਾਵੇ। ਜੇ ਬਚੇ ਵੀ ਰਹੇ ਤਾਂ ਆਖਰਕਾਰ ਬੁੱਢਾਪੇ ਵਿੱਚ ਇਹ ਸੁੱਖ ਉੱਝ ਹੀ ਨਹੀਂ ਭੋਗੇ ਜਾਣੇ ਤੇ ਅੰਤ ਮੌਤ ਨੇ ਇਕ ਦਿਨ ਸਭ ਖੇਲ ਖਤਮ ਕਰ ਦੇਣਾ ਹੈ। ਅਸੀਂ ਜਿੰਨਾ ਮਰਜ਼ੀ ਯਤਨ ਕਰੀਏ ਅਸਲੀ ਸੁੱਖ ਕੇਵਲ ਪ੍ਰਮਾਤਮਾ ਦੀ ਯਾਦ ਵਿੱਚ ਜੁੜ ਕੇ ਹੀ ਮਾਣੇ ਜਾ ਸਕਦੇ ਹਨ।

ਸਭ ਸੁੱਖ ਦੇ ਸਾਥੀ ਹਨ ਪਰ ਇਕ ਐਸਾ ਵੀ ਸਾਥੀ ਹੈ ਜੋ ਹਰ ਸਮੇਂ ਸਾਡੇ ਨਾਲ ਰਹਿੰਦਾ ਹੈ, ਉਹ ਪ੍ਰਮਾਤਮਾ ਹੈ। ਵੇਖਿਆ ਜਾਵੇ ਤਾਂ ਅਸਲੀ ਤੇ ਸਦੀਵੀ ਉਹੀ ਹੀ ਸਾਥੀ ਹੈ। ਜਦ ਅਸੀਂ ਕਿਸੇ ਦੀ ਕੋਈ ਗਰਜ਼ ਪੂਰੀ ਕਰਦੇ ਹਾਂ ਤੇ ਉਸ ਨੂੰ ਸੁੱਖ ਦਿੰਦੇ ਹਾਂ ਤਾਂ ਹੀ ਉਹ ਸਾਨੂੰ ਆਪਣਾ ਕਹਿੰਦਾ ਹੈ। ਜਿਸ ਦਿਨ ਉਸ ਦਾ ਸਵਾਰਥ ਪੂਰਾ ਨਾ ਹੋਇਆ, ਉਸ ਦਿਨ ਉਸ ਨੇ ਸਾਡੇ ਪਾਸ ਨਹੀਂ ਆਉਣਾ, ਬਸ ਤੂੰ ਕੌਣ ਤੇ ਮੈਂ ਕੌਣ। ਵੇਖੋ ਤਾਂ ਕੋਈ ਕਿਸੇ ਦਾ ਨਹੀਂ, ਇਹ ਜੋ ਭਰਮ ਹੈ ਕਿ ਮੇਰਾ ਕੋਈ ਹੈ ਇਸ ਦੀ ਟੇਕ ਕੇਵਲ ਸੁੱਖ ਪ੍ਰਾਪਤੀ ਲਈ ਹੈ। ਇਸ ਲਈ ਗੁਰਬਾਣੀ ਸਾਵਧਾਨ ਕਰਦੀ ਹੈ:

ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮੇਰੇ ਮਨ
ਤੇ ਸਭ ਆਪਣੈ ਸੁਆਇ ਮਿਲਾਸਾ॥
ਜਿਤੁ ਦਿਨਿ ਉਨ ਕਾ ਸੁਆਉ ਹੋਇ ਨ ਆਵੈ
ਤਿਤੁ ਦਿਨ ਨੇੜੈ ਕੋ ਨ ਢੁਕਾਸਾ॥ (ਅੰਗ 860)

ਜਿੰਨੇ ਅਸੀਂ ਪ੍ਰਮਾਤਮਾ ਨਾਲੋਂ ਦੂਰ ਹੁੰਦੇ ਜਾਂਦੇ ਹਾਂ, ਉਨੇ ਹੀ ਦੁੱਖੀ ਹੁੰਦੇ ਜਾਂਦੇ ਹਾਂ। ਜਿੰਨੀ ਇਹ ਦੂਰੀ ਵਧੇਗੀ, ਅਸੀਂ ਹੋਰ ਜ਼ਿਆਦਾ ਦੁੱਖੀ ਹੁੰਦੇ ਜਾਵਾਂਗੇ। ਜਿਵੇਂ ਜੇ ਅਸੀਂ ਕਿਸੇ ਪ੍ਰਕਾਰ ਦੀ ਰੋਸ਼ਨੀ ਕੋਲੋਂ ਦੂਰ ਹੁੰਦੇ ਜਾਂਦੇ ਹਾਂ ਤਿਵੇਂ ਓਨਾ ਹੀ ਹਨੇਰਾ ਵਧਦਾ ਜਾਂਦਾ ਹੈ।

ਵਿਦਿਆਰਥੀਆਂ ਦੇ ਸਮੇਂ ਸਮੇਂ ਸਿਰ ਇਮਤਿਹਾਨ ਹੁੰਦੇ ਰਹਿੰਦੇ ਹਨ ਤੇ ਜਿਹੜੇ ਚੰਗੇ ਨੰਬਰ ਪ੍ਰਾਪਤ ਕਰਦੇ ਹਨ, ਉਨ੍ਹਾਂ ਦੀ ਅਗਲੀ ਜਮਾਤ ਵਿੱਚ ਤਰੱਕੀ ਕਰ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਸਾਡੇ ਸਿੱਦਕ ਤੇ ਭਰੋਸੇ ਨੂੰ ਪ੍ਰਖਣ ਲਈ ਪ੍ਰਮਾਤਮਾ ਵਲੋਂ ਦੁੱਖ ਤੇ ਤਕਲੀਫ ਆਉਂਦੇ ਰਹਿੰਦੇ ਹਨ। ਸਾਨੂੰ ਐਸੇ ਸਮੇਂ ਘਬਰਾਉਣਾ ਨਹੀਂ ਚਾਹੀਦਾ ਸਗੋਂ ਇਕ ਚੁਣੌਤੀ ਸਮਝ ਕੇ ਅਡੋਲ ਤੇ ਭਾਣੇ ਵਿੱਚ ਰਹਿਣ ਦਾ ਯਤਨ ਕਰਨਾ ਚਾਹੀਦਾ ਹੈ।

ਜਦ ਅਸੀਂ ਸੁੱਖੀ ਹੁੰਦੇ ਹਾਂ ਤਾਂ ਆਕੜੇ ਫਿਰਦੇ ਹਾਂ ਕਿ ਇਹ ਸਭ ਸਾਡੇ ਉਦਮ ਕੀਤੇ ਦਾ ਫਲ ਹੈ ਪਰ ਜਦ ਕੋਈ ਦੁੱਖ ਆਵੇ ਤਾਂ ਜ਼ਿੰਮੇਵਾਰੀ ਦੂਸਰਿਆਂ ਤੇ ਜਾਂ ਪ੍ਰਮਾਤਮਾ ਉਪਰ ਸੁੱਟਦੇ ਹਾਂ। ਇਨ੍ਹਾਂ ਦੋਹਾਂ ਹਾਲਤਾਂ ਵਿੱਚ ਸਾਡੀ ਸੋਚਣੀ ਬਿਲਕੁਲ ਗਲਤ ਹੈ। ਵੇਖੋ ਨਾ ਤਾਂ ਦੁੱਖ ਦੇ ਲਈ ਕੋਈ ਦੂਸਰਾ ਅਤੇ ਨਾ ਹੀ ਸੁੱਖ ਲਈ ਅਸੀਂ ਆਪ ਜ਼ਿੰਮੇਵਾਰ ਹਾਂ। ਇਨ੍ਹਾਂ ਦੋਹਾਂ ਦੇ ਪਿਛੇ ਇਕੋ ਪ੍ਰਮਾਤਮਾ ਹੀ ਜ਼ਿੰਮੇਵਾਰ ਹੈ ਅਤੇ ਹੁਣ ਜੇ ਸਾਨੂੰ ਇਹ ਦੁੱਖ-ਸੁੱਖ ਇਕੋ ਹੀ ਹੱਥੋਂ ਆ ਰਹੇ ਹਨ ਤਾਂ ਇਨ੍ਹਾਂ ਵਿੱਚ ਕੋਈ ਫਰਕ ਨਾ ਰਿਹਾ, ਦੋਵੇਂ ਇਕ ਬਰਾਬਰ ਹੋ ਗਏ।

ਕਹਿੰਦੇ ਹਨ ਕਿ ਇਕ ਰਾਜਾ ਸੀ। ਉਸਦਾ ਆਪਣੇ ਇਕ ਸੇਵਕ ਨਾਲ ਬਹੁਤ ਪਿਆਰ ਸੀ ਤੇ ਉਹ ਸੇਵਕ ਵੀ ਆਪਣੇ ਮਾਲਕ ਦਾ ਬਹੁਤ ਖਿਆਲ ਰਖਦਾ ਸੀ। ਇਕ ਦਿਨ ਦੋਨੋਂ ਜੰਗਲ ਵਿਚੋਂ ਲੰਘ ਰਹੇ ਹਨ। ਰਾਜੇ ਨੇ ਇਕ ਰੁੱਖ ਉਪਰੋਂ ਇਕ ਬਹੁਤ ਸੁੰਦਰ ਫਲ ਤੋੜਿਆ। ਜਿਵੇਂ ਕਿ ਉਸ ਦੀ ਆਦਤ ਸੀ ਜਦ ਉਹ ਖਾਣ ਲੱਗਾ ਤਾਂ ਪਹਿਲੀ ਫਾੜੀ ਕੱਟ ਕੇ ਆਪਣੇ ਸੇਵਕ ਨੂੰ ਦਿੱਤਾ। ਸੇਵਕ ਨੇ ਖਾ ਕੇ ਇਕ ਹੋਰ ਦੀ ਮੰਗ ਕੀਤੀ ਤੇ ਫਿਰ ਹੋਰ ਹੋਰ ਮੰਗਦਾ ਹੀ ਗਿਆ। ਜਦ ਹੱਥ ਵਿੱਚ ਕੇਵਲ ਆਖਰੀ ਫਾੜੀ ਹੀ ਰਹਿ ਗਈ ਤਦ ਰਾਜੇ ਨੇ ਕਿਹਾ ਕਿ ਜੇਕਰ ਇਹ ਫਲ ਏਨਾ ਸਵਾਦਲਾ ਹੈ ਤਾਂ ਇਹ ਫਾੜੀ ਉਹ ਜ਼ਰੂਰ ਖਾਏਗਾ। ਰਾਜੇ ਦੇ ਕਹਿਣ ਦੇ ਬਾਵਜੂਦ ਵੀ ਸੇਵਕ ਨੇ ਉਹ ਫਾੜੀ ਖੋਹਣ ਦਾ ਯਤਨ ਕੀਤਾ ਪਰ ਉਸ ਨੇ ਜਲਦੀ ਨਾਲ ਮੂੰਹ ਵਿੱਚ ਪਾ ਲਈ। ਰਾਜਾ ਬਹੁਤ ਹੈਰਾਨ ਹੋਇਆ ਕਿਉਂਕਿ ਉਹ ਫਲ ਮਿੱਠਾ ਹੋਣਾ ਤਾਂ ਇਕ ਪਾਸੇ ਸਗੋਂ ਉਹ ਤਾਂ ਬਿਲਕੁਲ ਜ਼ਹਿਰ ਸੀ। ਰਾਜੇ ਨੇ ਕਿਹਾ ਕਿ ਹੱਦ ਹੋ ਗਈ, ਤੂੰ ਇਸ ਜ਼ਹਿਰ ਨੂੰ ਕਿਉਂ ਖਾਂਦਾ ਰਿਹਾ, ਮੈਨੂੰ ਦਸ ਦੇਣਾ ਸੀ। ਸੇਵਕ ਨੇ ਬੜੀ ਨਿਮਰਤਾ ਨਾਲ ਉੱਤਰ ਦਿੱਤਾ, "ਐ ਮੇਰੇ ਮਾਲਕ ਜਿਨ੍ਹਾਂ ਹੱਥਾਂ ਤੋਂ ਅੱਜ ਤਕ ਏਨੇ ਸੁੱਖ ਮਿਲਦੇ ਆਏ ਹਨ ਅਤੇ ਏਨੇ ਸਵਾਦਲੇ ਫਲ ਖਾਂਦੇ ਰਹੇ ਹਾਂ ਅੱਜ ਜੇਕਰ ਇਕ ਕੌੜਾ ਫਲ ਵੀ ਮਿਲ ਗਿਆ ਤਾਂ ਕੋਈ ਗਿਲ੍ਹਾ ਨਹੀਂ। ਹਿਸਾਬ ਫਲਾਂ ਦਾ ਨਹੀਂ ਸਗੋਂ ਹੱਥਾਂ ਦੀ ਗੱਲ ਹੈ।"

ਜਿਸ ਦਿਨ ਸਾਨੂੰ ਵਿਸ਼ਵਾਸ਼ ਹੋ ਜਾਵੇ ਕਿ ਪ੍ਰਮਾਤਮਾ ਦੇ ਹੱਥਾਂ ਤੋਂ ਦੁੱਖ ਵੀ ਮਿਲਦਾ ਹੈ, 'ਸੱਚ ਜਾਨਣਾ, ਉਸ ਦਿਨ ਅਸੀਂ ਉਸ ਦੁੱਖ ਨੂੰ ਦੁੱਖ ਕਿਵੇਂ ਕਹਾਂਗੇ। ਦੁੱਖ ਸਾਨੂੰ ਤਦ ਮਹਿਸੂਸ ਹੁੰਦਾ ਹੈ ਜਦ ਅਸੀਂ ਹੱਥਾਂ ਨੂੰ ਨਹੀਂ ਵੇਖ ਰਹੇ ਹੁੰਦੇ। ਜੇ ਸਾਨੂੰ ਅਸਲੀਅਤ ਦਾ ਗਿਆਨ ਹੋ

ਜਾਵੇ ਕਿ ਦੁੱਖ ਵੀ ਉਸਦਾ ਤੇ ਸੁੱਖ ਵੀ ਉਸਦਾ ਹੈ ਤਾਂ ਇਨ੍ਹਾਂ ਦੋਹਾਂ ਸੁੱਖ ਤੇ ਦੁੱਖ ਦਾ ਰੂਪ ਬਦਲ ਜਾਵੇਗਾ। ਫਿਰ ਨਾ ਸੁੱਖ ਵਰਗਾ ਲਗੇਗਾ ਅਤੇ ਨਾ ਦੁੱਖ, ਦੁੱਖ ਵਰਗਾ ਲਗੇਗਾ।

ਗੁਰੂ ਗੋਬਿੰਦ ਸਿੰਘ ਜੀ ਦੇ ਪਿਆਰੇ ਭਗਤ ਭਾਈ ਸਾਹਿਬ, ਨੰਦ ਲਾਲ ਜੀ 'ਦੇਵਾਨੇ ਗੋਆ' ਵਿੱਚ ਦੁੱਖ ਤੇ ਸੁੱਖ ਦੀ ਬਹੁਤ ਸੁੰਦਰ ਵਿਆਖਿਆ ਕਰਦੇ ਹਨ। ਉਹ ਪਹਿਲਾਂ ਆਪੇ ਹੀ ਸਵਾਲ ਕਰਦੇ ਹਨ:

"ਬਾਸੁਦ" ਅਰਥਾਤ ਗਮ ਕੀ ਹੈ, ਦੁੱਖ ਕੀ ਹੈ? ਫਿਰ ਆਪੇ ਹੀ ਉੱਤਰ ਦਿੰਦੇ ਹਨ:

"ਗਫਲਤ ਅਜਾ ਯਾਦੇ ਖੁਦਾ" ਅਰਥਾਤ ਖੁਦਾ ਹੀ ਯਾਦ ਭੁੱਲ ਜਾਣੀ। ਇਸ ਗੱਲ ਨੂੰ ਗੁਰੂ ਨਾਨਕ ਦੇਵ ਜੀ ਵੀ ਬਿਆਨ ਕਰਦੇ ਹਨ-

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥

ਪ੍ਰਮਾਤਮਾ ਤੋਂ ਭੁੱਲੇ ਹੋਏ ਆਦਮੀ ਨੂੰ ਸਾਰੇ ਸਰੀਰਕ, ਮਾਨਸਿਕ ਤੇ ਆਰਥਿਕ ਰੋਗ ਅਤੇ ਕਲੇਸ਼ ਲਗ ਜਾਂਣੇ ਹਨ। ਇਸ ਸੰਸਾਰ ਵਿੱਚ ਜੋ ਵੀ ਮਨੁੱਖੀ ਤਨ ਧਾਰਨ ਕਰਕੇ ਆਉਂਦਾ ਹੈ ਉਹ ਲਾਜ਼ਮੀ ਦੁੱਖੀ ਹੋਵੇਗਾ। ਵੇਖੋ ਰਾਮ ਕਹਿਆਂ ਦੂਸਰਿਆਂ ਦੇ ਦੂੱਖ ਕੱਟੇ ਜਾਂਦੇ ਹਨ ਪਰ ਉਹ ਰਾਮ ਵੀ ਰੋ ਰਿਹਾ ਹੈ:

ਰੋਵੈ ਰਾਮੁ ਨਿਕਾਲਾ ਭਇਆ॥
ਸੀਤਾ ਲਖਮਣੁ ਵਿਛੜਿ ਗਇਆ॥ (ਅੰਗ 953)

ਦੂਸਰਾ ਸਵਾਲ ਭਾਈ ਸਾਹਿਬ ਕਰਦੇ ਹਨ:

"ਚੀਸਤ ਸ਼ਾਦੀ" ਅਰਥਾਤ ਖੁਸ਼ੀ ਕੀ ਹੈ?

ਇਥੇ ਸ਼ਾਦੀ ਦਾ ਅਰਥ ਵਿਆਹ ਜਾਂ ਅਨੰਦ ਕਾਰਜ ਤੋਂ ਨਹੀਂ ਹੈ ਕਿਉਂਕਿ ਮੁਸਲਮਾਨ ਵੀਰ ਉਸ ਨੂੰ ਨਿਕਾਹ ਕਹਿੰਦੇ ਹਨ। ਇਸ ਦਾ ਭਾਈ ਸਾਹਿਬ ਆਪ ਹੀ ਉੱਤਰ ਦਿੰਦੇ ਹਨ ਕਿ ਜਿਸ ਨੂੰ ਪ੍ਰਮਾਤਮਾ ਦੀ ਯਾਦ ਆ ਗਈ। ਪ੍ਰਮਾਤਮਾ ਦੀ ਯਾਦ ਵਿੱਚ ਹੀ ਮਹਾਂ ਅਨੰਦ ਹੈ। ਇਸ ਦੀ ਪੁਸ਼ਟੀ ਗੁਰਬਾਣੀ ਵੀ ਕਰਦੀ ਹੈ:

ਤੁਧੁ ਚਿਤਿ ਆਏ ਮਹਾ ਅਨੰਦਾ॥
ਜਿਸ ਵਿਸਰਹਿ ਸੋ ਮਰਿ ਜਾਏ॥ (ਅੰਗ 749)

ਇਹ ਕੁਦਰਤ ਦਾ ਨਿਯਮ ਹੈ ਕਿ ਜੋ ਵੀ ਅਸੀਂ ਬੀਜਦੇ ਹਾਂ ਉਹ ਸਮਾਂ ਪਾ ਕੇ ਅਣਗਿਣਤ ਹੋ ਕੇ ਮਿਲਦਾ ਹੈ। ਜੇ ਕੋਈ ਕੇਵਲ ਆਪਣੇ ਆਪ ਨੂੰ ਸੁੱਖੀ ਬਣਾਉਣ ਲਈ ਦੂਸਰਿਆਂ ਨੂੰ ਦੁੱਖ ਦੇਣ ਤੱਕ ਦੀ ਪ੍ਰਵਾਹ ਨਾ ਕਰੇ ਤੇ ਜੇ ਉਹ ਐਵੇਂ ਹੀ ਕਰਦਾ ਰਿਹਾ ਤਾਂ ਇਕ ਦਿਨ ਉਹ ਵੇਖੇਗਾ ਕਿ ਉਸ ਦੀ ਝੋਲੀ ਦੁੱਖਾਂ ਨਾਲ ਭਰ ਜਾਵੇਗੀ। ਇਸ ਲਈ ਜੇ ਕੋਈ ਦੁੱਖੀ ਹੈ ਤਾਂ ਸਮਝ ਲੈਣਾ ਕਿ ਦੂਸਰਿਆਂ ਨੂੰ ਦਿੱਤੇ ਹੋਏ ਦੁੱਖ ਵਾਪਸ ਪਰਤ ਕੇ ਆਏ ਹਨ।

ਇਸ ਸੰਸਾਰ ਦੋ ਰੰਗੀ ਹੈ, ਇਕ ਰੰਗੀ ਨਹੀਂ। ਦੁੱਖ ਤੇ ਸੁੱਖ, ਦਿਨ ਤੇ ਰਾਤ, ਸਰਦੀ ਤੇ ਗਰਮੀ, ਅਮੀਰੀ ਤੇ ਗਰੀਬੀ, ਇੱਜ਼ਤ ਤੇ ਬੇਇਜ਼ਤੀ ਅਤੇ ਜਨਮ ਤੇ ਮਰਨ, ਸਭ ਆਪੋ ਵਿੱਚ ਜੁੜੇ ਹੋਏ ਹਨ। ਐਸਾ ਕੋਈ ਸੁੱਖ ਨਹੀਂ ਜੋ ਜਲਦੀ ਹੀ ਦੁੱਖ ਵਿੱਚ ਬਦਲ ਨਾ ਜਾਂਦਾ ਹੋਵੇ। ਇਸੇ ਤਰ੍ਹਾਂ ਹਾਸਾ ਰੋਣੇ ਵਿੱਚ, ਇੱਜ਼ਤ ਬੇਇਜ਼ੱਤੀ ਵਿੱਚ ਅਤੇ ਜਵਾਨੀ ਬੁਢਾਪੇ ਵਿੱਚ ਬਦਲ ਜਾਂਦੀ ਹੈ। ਇਕ ਦਾ ਨਾਮ ਲਵੋ, ਦੂਸਰਾ ਨਾਲ ਖੜਾ ਹੈ। ਕੋਈ ਵਿਰਲਾ ਹੀ ਮਾਈ ਦਾ ਲਾਲ ਹੁੰਦਾ ਹੈ ਕਿ ਜੋ ਦੁੱਖ ਤੇ ਸੁੱਖ ਵਿੱਚ ਆਪਣੀ ਮਾਨਸਿਕ ਅਵੱਸਥਾ ਨੂੰ ਸੰਤੁਲਨ ਵਿੱਚ ਰੱਖ ਸਕੇ। ਵੇਖਿਆ ਹੋਵੇਗਾ ਕਿ ਮਨੁੱਖ ਦੁੱਖਾਂ ਦੀ ਮਾਰ ਖਾ ਕੇ ਤਾਂ ਪ੍ਰਭੂ ਨਾਲ ਜੁੜਿਆ ਰਹਿੰਦਾ ਹੈ ਪਰ ਜਦ ਕਦੀ ਬਹੁਤੇ ਦੁਨਿਆਵੀ ਸੁੱਖ ਮਿਲ ਜਾਣ ਤਾਂ ਫਿਰ ਜ਼ਰੂਰ ਪ੍ਰਮਾਤਮਾ ਨੂੰ ਭੁੱਲ ਜਾਂਦਾ ਹੈ।

ਜੇ ਸੁੱਖ ਚਾਹੁੰਦੇ ਹੋ ਤਾਂ ਦੁੱਖ ਵੀ ਨਾਲ ਹੀ ਆਵੇਗਾ। ਜੇ ਸਫਲਤਾ ਚਾਹੀਦੀ ਹੈ ਤੇ ਕਦੇ ਹਾਰ ਦਾ ਮੂੰਹ ਵੀ ਵੇਖਣਾ ਪਵੇਗਾ। ਜੇ ਚਾਹੋ ਤਾਂ ਹਰ ਸਮੇਂ ਇੱਜ਼ਤ ਤੇ ਸਨਮਾਨ ਹੀ ਨਹੀਂ ਮਿਲ ਸਕਦਾ ਕਦੇ ਅਪਮਾਨ ਵੀ ਜ਼ਰੂਰ ਹੋਵੇਗਾ। ਜੇ ਦੋਹਾਂ ਨੂੰ ਸਵੀਕਾਰ ਕਰ ਲਈਏ ਤਾਂ ਹੁਣੇ ਹੀ ਸੁੱਖੀ ਹੋ ਸਕਦੇ ਹਾਂ। ਜੇ ਸਾਨੂੰ ਸਦਾ ਸੁੱਖ ਹੀ ਸੁੱਖ ਮਿਲਦੇ ਰਹਿਣ ਤਾਂ ਸਾਡੀ ਜੀਵਨ ਨੋਕਾ ਗੁਲਾਈ ਵਿੱਚ ਘੁੰਮਣ ਲੱਗ ਜਾਵੇਗੀ। ਇਸ ਲਈ ਹਰ ਇਕ ਚੀਜ਼ ਨੂੰ ਸਾਧਨ ਲਈ ਦੂਸਰੇ ਦੀ ਲੋੜ ਪੈਂਦੀ ਹੈ ਜਿਵੇਂ ਬੇੜੀ ਦੇ ਦੋ ਚੱਪੂ, ਜਨਮ ਤੇ ਮਰਨ ਅਤੇ ਰਾਤ ਦੇ ਦਿਨ ਜ਼ਰੂਰੀ ਹਨ। ਫਲਸਰੂਪ ਸਾਨੂੰ ਸੁੱਖ ਨਾਲ ਕਦੀ ਕਦੀ ਥੋੜ੍ਹਾਂ ਦੁੱਖ ਮਿਲਦਾ ਰਹਿਣਾ ਚਾਹੀਦਾ ਹੈ ਤਾਂ ਜੋ ਸੰਤੁਲਨ ਬਣਿਆ ਰਹੇ ਤੇ ਅੰਦਰ ਪ੍ਰਮਾਤਮਾ ਦੀ ਯਾਦ ਬਣੀ ਰਹੇ। ਇਸ ਭਾਵ ਨੂੰ ਅਕਬਰ ਦੇ ਨੌ ਰਤਨਾਂ ਵਿਚੋਂ ਮਹਾਨ ਕਵੀ ਰਹੀਮ ਬੜੇ ਸੁੰਦਰ ਸ਼ਬਦਾਂ ਵਿਚ ਬਿਆਨ ਕਰਦੇ ਹਨ:

ਰਹੀਮ ਵਿਪਤਾ ਹੂੰ ਭਲੀ ਜੋ ਥੋੜੇ ਦਿਨ ਹੋਏ।
ਹਿਤ ਅਨਹਿਤ ਸਭ ਜਗਤ ਮੈਂ ਜਾਨ ਪਰਤ ਸਭ ਕੋਇ।

ਦੁੱਖ ਵਿੱਚ ਆਪਣੇ ਤੇ ਪ੍ਰਾਏ ਦੀ ਪਹਿਚਾਨ ਹੋ ਜਾਂਦੀ ਹੈ। ਦੁੱਖ ਵਿੱਚ ਸਾਰੇ ਸਾਥ ਛੱਡ ਜਾਂਦੇ ਹਨ ਜਿਵੇਂ ਹਨੇਰੇ ਵਿੱਚ ਆਪਣਾ ਛਾਇਆ ਵੀ ਸਾਥ ਛੱਡ ਦਿੰਦਾ ਹੈ। ਇਹ ਗੱਲ ਵੱਖਰੀ ਹੈ ਕਿ ਮਨੁੱਖ ਨੂੰ ਇਕ ਚਾਹੀਦਾ ਹੈ। ਸੁੱਖ ਚਾਹੀਦਾ ਹੈ ਦੁੱਖ ਨਹੀਂ, ਹਾਸਾ ਚਾਹੀਦਾ ਹੈ ਰੋਣਾ ਨਹੀਂ, ਇੱਜ਼ਤ ਚਾਹੀਦੀ ਹੈ ਬੇਇੱਜ਼ਤੀ ਨਹੀਂ। ਇਸੇ ਤਰ੍ਹਾਂ ਜਨਮ ਦੀ ਮੰਗ ਹੈ ਮੌਤ ਦੀ ਨਹੀਂ। ਤਦੇ ਅਸੀਂ ਮਰਨ ਦਿਨ ਭੁਲਾ ਕੇ ਮਰਦੇ ਦਮ ਤੱਕ ਜਨਮ ਦਿਨ ਮਨਾਉਂਦੇ ਰਹਿੰਦੇ ਹਾਂ।

ਇਸ ਦੋ ਰੰਗੇ ਸੰਸਾਰ ਵਿੱਚ ਜੋ ਕੋਈ ਇਕ ਨੂੰ ਲੱਭਣ ਦਾ ਯਤਨ ਕਰੇਗਾ ਉਹ ਮੂਰਖ ਹੈ। ਭਗਤਾਂ ਤੇ ਗੁਰੂਆਂ ਨੂੰ ਇਹ ਦੋ ਰੰਗ ਨਜ਼ਰ ਆਏ ਤੇ ਉਨ੍ਹਾਂ ਨੇ ਇਨ੍ਹਾਂ ਦੋਹਾਂ ਨੂੰ ਕਬੂਲ ਕਰਨ ਦਾ ਉਪਦੇਸ਼ ਦਿੱਤਾ। ਜਿਵੇਂ ਭਗਤ ਨਾਮਦੇਵ ਜੀ ਕਹਿੰਦੇ ਹਨ ਕਿ ਪ੍ਰਮਾਤਮਾ ਜੇ ਤੂੰ ਸਾਨੂੰ ਰਾਜ ਦੇਵੇ ਤਾਂ ਭਿਖਾਰੀ ਬਣਾ ਦੇਵੇ ਸਾਨੂੰ ਕੋਈ ਫਰਕ ਨਹੀਂ। ਅਸੀਂ ਦੋਹਾਂ ਹਾਲਤਾਂ ਵਿੱਚ ਖੁਸ਼ ਹਾਂ:

ਜੋ ਰਾਜੁ ਦੇਹਿ ਤ ਕਵਨ ਵਡਾਈ॥
ਜੋ ਭੀਖ ਮੰਗਵਾਹਿ ਤ ਕਿਆ ਘਟਿ ਜਾਈ॥

(ਅੰਗ 525)

ਗੁਰੂ ਅਰਜਨ ਦੇਵ ਜੀ ਦੁੱਖ ਨੂੰ ਸੁੱਖ ਕਰਕੇ ਹੀ ਮੰਨਦੇ ਹਨ ਤੇ ਉਨ੍ਹਾਂ ਦਾ ਬੜਾ ਪਿਆਰਾ ਫੁਰਮਾਨ ਹੈ:

ਦੂਖ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥
ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ॥

(ਅੰਗ 1302)

ਪ੍ਰਮਾਤਮਾ ਤੇਰੇ ਦਿੱਤੇ ਹੋਏ ਛੱਤੀ ਪ੍ਰਕਾਰ ਦੇ ਭੋਜਨ ਛਕਦੇ ਰਹੇ ਹਾਂ, ਤੇਰਾ ਧੰਨਵਾਦ ਪਰ ਜੇ ਅੱਜ ਭੁਖੇ ਹਾਂ ਤਾਂ ਵੀ ਕੋਈ ਸ਼ਿਕਵਾ ਨਹੀਂ ਤੇਰਾ ਧੰਨਵਾਦ ਹੈ। ਇਕ ਦਿਨ ਸ਼ਾਹੀ ਸਿੰਘਾਸਨ ਤੇ ਬੈਠੇ ਉਪਰ ਚੋਰ ਹੁੰਦੀ ਸੀ ਪਰ ਅੱਜ ਜੇ ਤੱਤੀ ਤਵੀ ਤੇ ਬਿਠਾਇਆ ਹੈ ਤਾਂ ਵੀ ਖੁਸ਼ ਹਾਂ। ਸਾਡੇ ਧੰਨਵਾਦ ਵਿੱਚ ਫਰਕ ਨਹੀਂ ਆਵੇਗਾ। ਇਹ ਗੱਲ ਜਿੰਨੀ ਕਹਿਣੀ ਸੌਖੀ ਹੈ ਉਤਨੀ ਕਰਨੀ ਕਠਿਨ ਹੈ।

ਭਗਤ ਕਬੀਰ ਜੀ ਤਾਂ ਇਸ ਬਾਰੇ ਇਕ ਕਦਮ ਹੋਰ ਅੱਗੇ ਚਲੇ ਜਾਂਦੇ ਹਨ। ਉਹ ਸੁੱਖ ਦੀ ਚਾਹਤ ਹੀ ਨਹੀਂ ਕਰਦੇ। ਜੇਕਰ ਇਕ ਦਿਨ ਸੁੱਖ ਨੇ ਦੁੱਖ ਵਿੱਚ ਬਦਲ ਜਾਣਾ ਹੈ ਤਾਂ ਸਾਨੂੰ ਉਸ ਦੀ ਲੋੜ ਹੀ ਨਹੀਂ। ਜਿਵੇਂ:

ਸੁਖੁ ਮਾਂਗਤ ਦੁਖੁ ਆਗੈ ਆਵੈ॥
ਸੋ ਸੁਖੁ ਹਮਹੁ ਨ ਮਾਂਗਿਆ ਭਾਵੈ॥

(ਅੰਗ 330)

ਦੁੱਖ ਦੀ ਅਸਲੀਅਤ ਨੂੰ ਸਮਝੋ। ਦੁੱਖ ਪ੍ਰਾਥਨਾ ਨੂੰ ਜਨਮ ਦਿੰਦਾ ਹੈ ਜਿਵੇਂ ਹਰ ਤਬਾਹੀ ਪਿਛੇ ਵੀ ਕੋਈ ਨਾ ਕੋਈ ਤਾਮੀਰੀ ਕੰਮ ਛੁਪੇ ਹੁੰਦੇ ਹਨ ਤਿਵੇਂ ਹਰ ਇਕ ਨਵਾਂ ਦੁੱਖ ਕੋਈ ਨਾ ਕੋਈ ਨਵਾਂ ਅਨੁਭਵ ਦੇ ਜਾਂਦਾ ਹੈ।

ਮਨੁੱਖ ਦੀ ਅਸਲੀ ਚਾਹਿਤ ਤਾਂ ਇਕ ਰੰਗ ਦੀ ਹੈ ਕਿ ਜੀਵਨ ਵਿੱਚ ਮਰਨ ਨਾ ਹੋਵੇ ਪਰ ਸੰਸਾਰ ਵਿੱਚ ਰਹਿੰਦਿਆਂ ਐਸਾ ਨਹੀਂ ਹੋ ਸਕਦਾ। ਮਨੁੱਖ ਨੂੰ ਐਸੇ ਸੁੱਖ ਦੀ ਤਲਾਸ਼ ਹੈ ਜੋ ਕਦੇ ਦੁੱਖ ਵਿੱਚ ਨਾ ਬਦਲੇ ਅਤੇ ਵੇਖਿਆ ਜਾਵੇ ਤਾਂ ਐਸੇ ਸੁੱਖ ਦੇ ਜੀਵਨ ਦਾ ਨਾਮ ਹੀ ਪ੍ਰਮਾਤਮਾ ਹੈ। ਐਸਾ ਰਸ ਚਾਹੀਦਾ ਹੈ ਜੋ ਕਦੇ ਬੇਰਸੀ ਵਿੱਚ ਨਾ ਬਦਲੇ ਤੇ ਐਸੇ ਮਹਾਂ ਰਸ ਦਾ ਨਾਮ ਹੀ ਪ੍ਰਮਾਤਮਾ ਹੈ।

ਜੇ ਵੇਖਿਆ ਜਾਵੇ ਤਾਂ ਅਸਲੀ ਸੁੱਖ ਤਾਂ ਸਾਨੂੰ ਕਦੇ ਨਸੀਬ ਹੁੰਦਾ ਹੀ ਨਹੀਂ ਸਭ ਦੁੱਖ ਹੀ ਦੁੱਖ ਹੈ। ਬਸ ਅਸੀਂ ਇਕ ਦੁੱਖ ਨੂੰ ਦੂਸਰੇ ਵਿੱਚ ਬਦਲ ਕੇ ਰਾਹਤ ਮਹਿਸੂਸ ਕਰ ਲੈਂਦੇ ਹਾ। ਪੁਰਾਣਾ ਦੁੱਖ ਹਟਿਆ ਤਾਂ ਕੋਈ ਨਵਾਂ ਸਹੇੜ ਲੈਂਦੇ ਹਾਂ। ਜਦ ਕੁਝ ਸਮੇਂ ਬਾਅਦ ਇਹ ਵੀ ਪੁਰਾਣਾ ਹੋ ਗਿਆ ਤਾਂ ਫਿਰ ਅਸੀਂ ਕਿਸੇ ਹੋਰ ਨਵੇਂ ਵਿੱਚ ਫਸ ਜਾਂਦੇ ਹਾਂ। ਬਸ ਸਦਾ ਆਸ ਬਣੀ ਰਹਿੰਦੀ ਹੈ ਕਿ ਕਦੀ ਨਾ ਕਦੀ ਤਾਂ ਇਨ੍ਹਾਂ ਦੁੱਖਾਂ ਤੋਂ ਛੁਟਕਾਰਾ ਹੋਵੇਗਾ। ਇਹ ਰਾਹ ਸੁੱਖੀ ਹੋਣ ਦਾ ਨਹੀਂ। ਦਰਅਸਲ ਜਿਸ ਨੂੰ ਅਸੀਂ ਸੁੱਖ ਮੰਨ ਲੈਂਦੇ ਹਾਂ ਉਹ ਸਿਵਾਏ ਥੋੜ੍ਹੇ ਸਮੇਂ ਦੇ ਲਈ ਕੇਵਲ ਕਿਸੇ ਤਣਾਓ ਜਾਂ ਪ੍ਰੇਸ਼ਾਨੀ ਤੋਂ ਛੁਟਕਾਰਾ ਮਿਲਦਾ ਹੈ। ਅਸੀਂ ਥੋੜ੍ਹੇ ਸਮੇਂ ਲਈ ਹੱਸ ਖੇਡ ਲੈਂਦੇ ਹਾਂ ਤਾਂ ਸੋਚਦੇ ਹਾਂ ਕਿ ਅਸੀਂ ਸੁੱਖੀ ਹੋ ਗਏ ਪਰ ਇਹ ਸਾਰੇ ਸੁੱਖ ਕੇਵਲ ਆਪਣੀ ਤੰਗ ਜੁੱਤੀ

ਨੂੰ ਸਾਮੀ ਉਤਾਰਨ ਦੇ ਬਰਾਬਰ ਹਨ। ਇਨ੍ਹਾਂ ਦਾ ਅਸਲੀ ਤੇ ਸਦੀਵੀ ਸੁੱਖ ਨਾਲ ਕੋਈ ਲੈਣ ਦੇਣ ਨਹੀਂ ਕਿਉਂਕਿ ਅਸੀਂ ਲਹਿਰਾਂ ਨਾਲ ਲਹਿਰਾਂ ਨੂੰ ਬਦਲ ਰਹੇ ਹਾਂ। ਲਹਿਰਾਂ ਤਾਂ ਬੇਗਿਣਤ ਹਨ ਪਰ ਸਾਗਰ ਇਕੋ ਹੀ ਹੈ। ਲਹਿਰਾਂ ਵਿੱਚ ਮੰਜ਼ਿਲ ਨਹੀਂ ਹੁੰਦੀ, ਇਹ ਤਾਂ ਸਮੁੰਦਰ ਨਾਲ ਮਿਲ ਕੇ ਹੀ ਨਸੀਬ ਹੁੰਦੀ ਹੈ। ਇਸ ਲਈ ਜੇ ਸੁੱਖ ਸ਼ਾਂਤੀ ਚਾਹੁੰਦੇ ਹੋ ਤਾਂ ਕੇਵਲ ਇਕ ਪ੍ਰਮਾਤਮਾ ਦੇ ਮਿਲਾਪ ਲਈ ਯਤਨ ਕਰੋ।

ਇਸ ਸੰਸਾਰ ਵਿੱਚ ਦੋ ਪ੍ਰਕਾਰ ਦੇ ਆਦਮੀ ਮਿਲਦੇ ਹਨ, ਇਕ ਸੁੱਖਾਂ ਦੇ ਮੰਗਤੇ ਤੇ ਦੂਸਰੇ ਸੁੱਖਾਂ ਦੇ ਲੁਟੇਰੇ। ਸਾਡੇ ਸਾਰੇ ਧੀਆਂ, ਪੁੱਤਰ, ਪਤੀ ਜਾਂ ਪਤਨੀ ਤੇ ਹੋਰ ਰਿਸ਼ਤੇਦਾਰ ਸਭ ਸੁੱਖਾਂ ਦੇ ਮੰਗਦੇ ਹਾਂ ਜਦ ਕਿ ਰਾਜਨੀਤਕ, ਰਾਜੇ ਮਹਾਰਾਜੇ ਤੇ ਤਾਕਤਵਰ ਸਭ ਸੁੱਖਾਂ ਦੇ ਲੁਟੇਰੇ ਹਨ। ਬਸ ਇਕ ਦੂਸਰੇ ਨੂੰ ਸੁੱਖ ਦਿੱਤਾ ਜਾਵੇ ਤਾਂ ਠੀਕ ਹੈ, ਨਹੀਂ ਤਾਂ ਸੰਬੰਧ ਟੁੱਟ ਜਾਂਦੇ ਹਨ। ਐਸੇ ਸੁੱਖਾਂ ਦੇ ਮੰਗਤੇ ਇਕ ਦੂਸਰੇ ਨੂੰ ਕੀ ਸੁੱਖ ਦੇ ਸਕਦੇ ਹਨ? ਦੂਸਰੇ ਜੋ ਸੁੱਖਾਂ ਦੇ ਲੁਟੇਰੇ ਹਨ, ਉਨ੍ਹਾਂ ਪਾਸੋਂ ਤਾਂ ਸੁੱਖਾਂ ਦੀ ਆਸ ਰੱਖਣੀ ਫਜ਼ੂਲ ਹੈ ਕਿਉਂਕਿ ਪਹਿਲਾਂ ਇਨ੍ਹਾਂ ਦਾ ਢਿੱਡ ਭਰੇਗਾ ਤਦ ਹੀ ਕਿਸੇ ਦੂਸਰੇ ਦਾ ਖਿਆਲ ਆਵੇਗਾ। ਇਸ ਲਈ ਅਸਲੀ ਤੇ ਸਦੀਵੀ ਸੁੱਖਾਂ ਦਾ ਦਾਤਾ ਤਾਂ ਕੇਵਲ ਪ੍ਰਮਾਤਮਾ ਹੀ ਹੈ। ਉਹ ਨਾ ਤਾਂ ਸੁੱਖਾਂ ਦਾ ਮੰਗਤਾ ਤੇ ਨਾ ਹੀ ਸੁੱਖਾਂ ਦਾ ਲੁਟੇਰਾ ਹੈ। ਜੋ ਉਸ ਨਾਲ ਸਦਾ ਜੁੜਿਆ ਰਹੇਗਾ ਤੇ ਉਸ ਨੂੰ ਸਦਾ ਯਾਦ ਕਰਦਾ ਰਹੇਗਾ ਉਹੀ ਸੁੱਖੀ ਜੀਵਨ ਬਤੀਤ ਕਰੇਗਾ। ਸੱਚ ਜਾਣੋ ਤਾਂ ਕਦੇ ਵੀ ਦੂਸਰੇ ਪਾਸੋਂ ਸੁੱਖਾਂ ਦੀ ਆਸ ਨ ਰਖੋ ਤੇ ਨਾ ਹੀ ਕਦੇ ਦੂਸਰੇ ਦੇ ਸੁੱਖ ਲੁਟੋ ਸਗੋਂ ਹਰ ਦੁੱਖੀ ਨੂੰ ਸਦਾ ਸੁੱਖ ਦੇਣ ਦਾ ਯਤਨ ਕਰੋ।

ਅਸਲੀ ਸੁੱਖ ਪ੍ਰਮਾਤਮਾ ਦੀ ਯਾਦ ਅਤੇ ਉਸ ਦੀ ਯਾਦ ਦੀ ਮਸਤੀ ਵਿੱਚ ਕੀਤੇ ਸ਼ੁਭ ਕੰਮਾਂ ਵਿੱਚ ਹੀ ਹੈ। ਸਾਨੂੰ ਚਾਹੀਦਾ ਹੈ ਕਿ ਹਰ ਦੁੱਖੀ ਜੀਵ ਨੂੰ ਹਰ ਪ੍ਰਕਾਰ ਦਾ ਸੁੱਖ ਦੇਣ ਦਾ ਉਪਰਾਲਾ ਕਰੀਏ। ਸੁੱਖ ਕੇਵਲ ਲੈਣੇ ਵਿੱਚ ਹੀ ਨਹੀਂ ਸਗੋਂ ਹੋਰਨਾਂ ਨੂੰ ਸੁੱਖ ਦੇਣ ਵਿੱਚ ਵੀ ਹੈ ਤੇ ਵਧੇਰੇ ਹੈ। ਇਸ ਲਈ ਆਪਣੀ ਮਾਇਆ ਤੋਂ ਕੇਵਲ ਆਪਣੇ ਸੁੱਖਾਂ ਦਾ ਹੀ ਖਿਆਲ ਨਾ ਕਰੋ ਸਗੋਂ ਦੂਸਰਿਆਂ ਨੂੰ ਸੁੱਖ ਦੇਵੋ।

ਜਦ ਕੋਈ ਦੁੱਖ ਆਵੇ ਤਾਂ ਘਬਰਾਉਣ ਦੀ ਲੋੜ ਨਹੀਂ। ਉਸ ਨੂੰ ਇਕ ਚੁਣੌਤੀ ਜਾਣ ਕੇ ਪ੍ਰਵਾਨ ਕਰੋ ਫਿਰ ਉਹ ਦੁੱਖ ਸੁੱਖ ਵਿੱਚ ਬਦਲ ਜਾਵੇਗਾ। ਇਸ ਲਈ ਦੁੱਖ ਨੂੰ ਦਾਰੂ ਕਰਕੇ ਕਿਹਾ ਹੈ:

ਦੁਖੁ ਦਾਰੂ ਸੁਖ ਰੋਗ ਭਇਆ। ਜਾ ਸੁਖੁ ਤਾਮਿ ਨ ਹੋਈ।
ਤੂੰ ਕਰਤਾ ਕਰਣਾ ਮੈ ਨਾਹੀ। ਜਾ ਹਉ ਕਰੀ ਨ ਹੋਈ॥

ਅੰਗ-469

ਜੇਕਰ ਅਸੀਂ ਆਪਣੇ ਤੋਂ ਜ਼ਿਆਦਾ ਦੁੱਖੀ ਵਲ ਖਿਆਲ ਕਰੀਏ ਤਾਂ ਸਾਡਾ ਦੁੱਖ ਮਾਮੂਲੀ ਰਹਿ ਜਾਵੇਗਾ। ਜ਼ਰਾ ਸੋਚੋ ਕਿ ਜੋ ਦੁੱਖ ਮਿਲਿਆ ਹੈ ਉਸ ਨਾਲੋਂ ਵਧੇਰੇ ਵੀ ਮਿਲ ਸਕਦਾ ਸੀ। ਹੋਰ ਵੱਡੇ ਦੁੱਖ ਦੇ ਸਾਮ੍ਹਣੇ ਛੋਟਾ ਦੁੱਖ ਭੁੱਲ ਜਾਂਦਾ ਹੈ। ਜੇ ਇਕ ਲਕੀਰ ਦੇ ਕੋਲ ਇਕ ਹੋਰ ਵੱਡੀ ਲਕੀਰ ਖਿੱਚ ਦੇਵੋ ਤਾਂ ਉਹ ਆਪਣੇ ਛੋਟੀ ਹੋ ਜਾਂਦੀ ਹੈ। ਇਸ ਲਈ ਸਦਾ ਪ੍ਰਮਾਤਮਾ ਦੇ ਧੰਨਵਾਦ ਵਿੱਚ ਰਹੋ ਕਿ ਜੋ ਵੀ ਉਹ ਕਰੇਗਾ ਉਸ ਵਿੱਚ ਹੀ ਸਾਡੀ ਭਲਾਈ ਹੈ।

****

ਜ਼ਰੂਰੀ ਨੋਟ

ਜਿਵੇਂ ਕਿ ਪਹਿਲਾਂ ਹੀ ਸੂਚਿਤ ਕੀਤਾ ਜਾ ਚੁੱਕਾ ਹੈ ਭਾਈ ਦਿੱਤ ਸਿੰਘ ਪੱਤ੍ਰਿਕਾ ਦੇ ਦਸੰਬਰ 2019 ਤੱਕ ਦੇ ਅੰਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੋਣਗੇ। ਇਸ ਲਈ ਲੜੀਵਾਰ ਚਲ ਰਹੀਆਂ ਪੁਸਤਕਾਂ **'ਦੰਭ ਵਿਦਾਰਨ'**, **'ਨਿੱਕੀਆਂ ਜਿੰਦਾਂ ਵੱਡੇ ਸਾਕੇ'** ਤੇ **'ਸਿੰਗਾਂ ਵਾਲੇ ਗਧੇ'** ਦੇ ਅਗਲੇ ਭਾਗ ਜਨਵਰੀ 2020 ਤੋਂ ਪ੍ਰਕਾਸ਼ਿਤ ਕੀਤੇ ਜਾਣਗੇ ਅਤੇ ਇਸ ਦੀ ਥਾਂ ਤੇ ਸ. ਮਨਮੋਹਨ ਸਿੰਘ ਦਾਊਂ ਜੀ ਦੀ ਪੁਸਤਕ **"ਗੁਰੂ ਨਾਨਕ ਕਾਵਿ ਅੰਜਲੀ"** ਜੋ ਕਿ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਹੀ ਸਮਰਪਿਤ ਹੈ, ਮਈ 2019 ਤੋਂ ਲੜੀਵਾਰ ਪ੍ਰਕਾਸ਼ਿਤ ਕੀਤੀ ਜਾਵੇਗੀ। ***ਮੁੱਖ ਸੰਪਾਦਕ***

ਦਿਵਸ ਰਾਤ ਦੋਇ ਦਾਈ ਦਾਇਆ



ਰਣਜੀਤ ਸਿੰਘ
9915515436

ਅਕਾਲ ਪੁਰਖ ਦੇ ਸਾਜੇ ਬ੍ਰਹਿਮੰਡ ਵਿੱਚ ਜਿੱਥੇ ਲੱਖਾਂ ਹੀ ਸੂਰਜ, ਧਰਤੀਆਂ, ਚੰਦਰਮਾ ਤੇ ਅਕਾਸ਼ ਹਨ ਉਥੇ ਇਸ ਧਰਤੀ ਤੇ ਰਹਿਣ ਵਾਲੇ ਜੀਵਾਂ ਦਾ ਸਬੰਧ ਕੇਵਲ ਇੱਕ ਦਿਖਾਈ ਦੇਣ ਵਾਲੇ ਸੂਰਜ ਤੇ ਚੰਦਰਮਾ ਨਾਲ ਹੈ। ਬ੍ਰਹਿਮੰਡ ਦੀ ਇਸ ਰਚਨਾ ਤੋਂ ਪਹਿਲਾਂ ਜਾਂ ਇਹ ਕਹਿ ਲਈਏ ਕਿ ਅਰਬਾਂ ਸਾਲ ਪਹਿਲਾਂ ਇੱਥੇ ਘੁੱਪ ਹਨੇਰਾ ਸੀ ਕਿਉਂਕਿ ਉਸ ਸਮੇਂ ਨਾਂ ਸੂਰਜ ਸੀ, ਨਾ ਚੰਦ, ਨਾਂ ਧਰਤੀ ਤੇ ਨਾਂ ਹੀ ਕੁੱਝ ਹੋਰ। ਮਾਰੂ ਰਾਗ ਵਿੱਚ ਨਾਨਕ ਦੇਵ ਜੀ ਫੁਰਮਾਉਂਦੇ ਹਨ –

ਅਰਬਦ ਨਰਬਦ ਧੁੰਧੂਕਾਰਾ ਧਰਣਿ ਨ ਗਗਨਾ ਹੁਕਮ ਅਪਾਰਾ ॥ਨ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥ (1035)

ਪ੍ਰਮਾਤਮਾ ਦੇ ਇੱਕ ਫੁਰਨੇ ਨਾਲ ਹੀ ਬ੍ਰਹਿਮੰਡ ਦੀ ਸਿਰਜਨਾ ਅਰੰਭ ਹੋ ਗਈ। ਸੂਰਜ, ਚੰਦ, ਤਾਰੇ, ਧਰਤੀ ਤੇ ਅਕਾਸ਼ ਦਾ ਨਿਰਮਾਣ ਹੋ ਗਿਆ। ਇਹਨਾਂ ਦੀ ਹੋਂਦ ਨਾਲ ਹੀ ਦਿਨ ਤੇ ਰਾਤ ਬਣੇ। ਧੁੱਪ ਤੇ ਛਾਂ ਹੋਈ। ਸੂਰਜ ਤੇ ਚੰਦ ਗ੍ਰਹਿਣ ਦੇ ਵਰਤਾਰੇ ਹੋਂਦ ਵਿੱਚ ਆਏ। ਆਦਿ ਕਾਲ ਤੋਂ ਹੀ ਮਨੁੱਖ ਇਹਨਾਂ ਨੂੰ ਨੀਝ ਨਾਲ ਤੱਕਦਾ ਰਿਹਾ ਤੇ ਕੁਦਰਤ ਦੇ ਗੁੱਝੇ ਭੇਦਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਰਿਹਾ ਕਿ ਆਖਿਰ ਇਹ ਸਭ ਕੁੱਝ ਕਿਵੇਂ ਵਾਪਰ ਰਿਹਾ ਹੈ। ਇੱਕੋ ਹੀ ਧਰਤੀ ਉਪਰ ਕਿਸੇ ਥਾਂ ਤੇ ਗਰਮੀ ਕਿਤੇ ਠੰਡ। ਕਿਸੇ ਥਾਂ ਤੇ ਦਿਨ ਤੇ ਉਸ ਸਮੇਂ ਕਿਸੇ ਥਾਂ ਤੇ ਰਾਤ। ਪਹਿਲਾਂ ਪਹਿਲ ਤਾਂ ਮਨੁੱਖ ਸੂਰਜ, ਚੰਦ ਤੇ ਧਰਤੀ ਨੂੰ ਸਥਿਰ ਹੀ ਮੰਨਦਾ ਰਿਹਾ। ਕੁੱਝ ਧਾਰਮਿਕ ਗ੍ਰੰਥਾਂ ਨੇ ਵੀ ਅਜਿਹੇ ਵਿਚਾਰਾਂ ਨੂੰ ਜਨਮ ਦਿੱਤਾ। ਪਰ ਗੁਰੂ ਨਾਨਕ ਦੇਵ ਜੀ ਨੇ ਇਹਨਾਂ ਗ੍ਰਹਿਾਂ ਦੇ ਗੁੱਝੇ ਭੇਦ ਪਹਿਲੀ ਵਾਰ ਸਭ ਦੇ ਸਾਹਮਣੇ ਰੱਖੇ ਅਤੇ ਫੁਰਮਾਇਆ।

ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥ ਕੋਹ ਕਰੋੜੀਂ ਚਲਤ ਨਾ ਅੰਤੁ॥ (464)

ਜਿਵੇਂ ਜਿਵੇਂ ਮਨੁੱਖ ਵਿਕਾਸ ਕਰਦਾ ਗਿਆ ਉਸ ਨੂੰ ਕੁਦਰਤ ਦੇ ਡੂੰਘੇ ਰਹੱਸਾਂ ਦੀ ਥੋੜ੍ਹੀ ਥੋੜ੍ਹੀ ਸਮਝ ਆਉਣ ਲੱਗੀ ਕਿ ਆਖਿਰ ਇਹ ਦਿਨ ਤੇ ਰਾਤ ਕਿਵੇਂ ਬਣਦੇ ਹਨ। ਗੁਰੂ ਨਾਨਕ ਦੇਵ ਜੀ ਦਾ ਵੀ ਫੁਰਮਾਨ ਹੈ ਕਿ ਸੰਸਾਰ ਦੀ ਕਾਰ ਵਿਹਾਰ ਨੂੰ ਚਲਾਉਂਣ ਲਈ ਦਿਨ ਤੇ ਰਾਤ ਖਿਡਾਵੀ ਤੇ ਖਿਡਾਵੇ ਦਾ ਕੰਮ ਕਰਦੇ ਹਨ। ਆਪ ਜੀ ਦਾ ਫੁਰਮਾਨ ਹੈ –

ਦਿਵਸ ਰਾਤ ਦੋਇ ਦਾਈ ਦਾਇਆ ਖੇਲੈ ਸਗਲ ਜਗਤ॥ (10)

ਮਨੁੱਖ ਨੂੰ ਵਿਕਾਸ ਦੇ ਨਾਲ ਇਸ ਗੱਲ ਦੀ ਸੋਝੀ ਹੋ ਗਈ ਕਿ ਧਰਤੀ, ਸੂਰਜ ਦੇ ਦੁਆਲੇ ਘੁੰਮਦੀ ਹੈ। ਸੂਰਜ ਦੇ ਦੁਆਲੇ ਘੁੰਮਣ ਦੇ ਨਾਲ ਨਾਲ ਇਹ ਆਪਣੇ ਧੁਰੇ ਦੇ ਦੁਆਲੇ ਵੀ ਪੱਛਮ ਤੋਂ ਪੂਰਬ ਵੱਲ ਘੁੰਮਦੀ ਹੈ। ਇਸ ਪ੍ਰਕ੍ਰਿਆ ਵਿੱਚ ਪ੍ਰਿਥਵੀ ਦਾ ਜਿਹੜਾ ਪਾਸਾ ਸੂਰਜ ਦੇ ਸਾਹਮਣੇ ਆ ਜਾਂਦਾ ਹੈ ਉਥੇ ਦਿਨ ਹੁੰਦਾ ਹੈ ਅਤੇ ਉਲਟ ਪਾਸੇ ਰਾਤ ਹੁੰਦੀ ਹੈ। ਇਹ ਪ੍ਰਕ੍ਰਿਆ 24 ਘੁੰਟੇ ਵਿੱਚ ਪੂਰੀ ਹੁੰਦੀ ਹੈ। ਜਿੱਥੇ ਸੂਰਜ ਦੀ ਰੋਸ਼ਨੀ ਪਹਿਲਾਂ ਪਹੁੰਚਦੀ ਹੈ ਉਥੇ ਦਿਨ ਪਹਿਲਾਂ ਚੜ੍ਹਦਾ ਹੈ। ਇਸੇ ਤਰ੍ਹਾਂ ਦੁਪਹਿਰ ਤੇ ਸ਼ਾਮ ਵੀ ਬਾਕੀ ਸਥਾਨਾ ਨਾਲੋਂ ਪਹਿਲਾਂ ਹੁੰਦੀ ਹੈ। ਜਦੋਂ ਸੂਰਜ ਬਿਲਕੁਲ ਸਿਖਰ ਤੇ ਪਹੁੰਚਦਾ ਹੈ ਉਦੋਂ ਦਿਨ ਦੇ 12 ਵਜੇ ਦਾ ਸਮਾਂ ਮੰਨਿਆ ਜਾਂਦਾ ਹੈ। ਪ੍ਰੰਤੂ ਪ੍ਰਿਥਵੀ ਦੇ ਗੋਲ ਅਕਾਰ ਹੋਣਕਾਰਣ ਅਤੇ ਇਸ ਦੀ ਆਪਣੀ ਧੁਰੀ ਦੇ ਦੁਆਲੇ ਘੁੰਮਣ ਕਾਰਣ ਕਿਸੇ ਸਥਾਨ ਤੇ 12 ਵਜੇ ਦਾ ਸਮਾਂ ਪਹਿਲਾਂ ਹੁੰਦਾ ਹੈ ਅਤੇ ਕਿਤੇ ਬਾਅਦ ਵਿੱਚ। ਇਸ ਨਾਲ ਦੂਰ ਦੂਰ ਤੱਕ ਯਾਤਰਾ ਕਰਨ ਵਾਲੇ ਮੁਸਾਫਰਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਕਿਉਂਕਿ ਧਰਤੀ ਗੋਲ ਹੈ ਅਤੇ ਹਰੇਕ ਸਥਾਨ ਉਪਰ ਪੂਰਬ ਜਾਂ ਪੱਛਮ ਕਿਸੇ ਵੀ ਦਿਸ਼ਾ ਵਿੱਚ

ਸਫ਼ਰ ਕਰਦੇ ਹੋਏ ਪਹੁੰਚਿਆ ਜਾ ਸਕਦਾ ਹੈ। ਭਾਰਤ ਤੋਂ ਅਮਰੀਕਾ ਜਾਣ ਲਈ ਪੱਛਮ ਜਾਂ ਪੂਰਬ ਕਿਸੇ ਵੀ ਦਿਸ਼ਾ ਵਿੱਚ ਯਾਤਰਾ ਅਰੰਭ ਕੀਤੀ ਜਾ ਸਕਦੀ ਹੈ। ਜੇ ਯਾਤਰੂ ਪੱਛਮ ਵੱਲ ਸਫ਼ਰ ਕਰਦੇ ਸਨ ਤਾਂ ਜਿਹੜਾ ਸਮਾਂ ਉਹ ਪਿੱਛੇ ਛੱਡ ਕੇ ਗਏ ਹੁੰਦੇ ਉਹੀ ਸਮਾਂ ਉਥੇ ਹੁੰਦਾ। ਜੇ ਉਹ ਪੂਰਬ ਵੱਲ ਜਾਂਦੇ ਤਾਂ ਉਹ ਪਿਛਲੇ ਸਮੇਂ ਤੋਂ ਅੱਗੇ ਹੋ ਜਾਂਦੇ। ਸਮੇਂ ਦੀ ਇਸ ਪ੍ਰੇਸ਼ਾਨੀ ਨੂੰ ਦੂਰ ਕਰਨ ਲਈ ਅਤੇ ਸਮੇਂ ਦਾ ਸ਼ੁੱਧ ਨਿਰਧਾਰਣ ਕਰਨ ਲਈ ਸਾਰੇ ਦੇਸ਼ਾਂ ਨੇ ਮਿਲ ਕੇ ਇੱਕ ਸਹਿਮਤੀ ਕੀਤੀ।

ਪ੍ਰਿਥਵੀ ਉਤੇ ਉਤਰ ਤੋਂ ਦੱਖਣ ਵੱਲ ਕਾਲਪਨਿਕ ਰੇਖਾਵਾਂ ਖਿੱਚ ਲਈਆਂ। ਇਹਨਾਂ ਰੇਖਾਵਾਂ ਨੂੰ ਲੰਬਕਾਰ ਜਾਂ ਦੇਸ਼ਾਂਤਰ ਕਿਹਾ ਜਾਂਦਾ ਹੈ।

ਜਿਵੇਂ ਜਿਵੇਂ ਮਨੁੱਖ ਵਿਕਾਸ ਕਰਦਾ ਗਿਆ ਉਸ ਨੇ ਦਿਨ ਤੇ ਰਾਤ ਨੂੰ ਮਾਪਣ ਦੀ ਖੋਜ ਇਜਾਦ ਕੀਤੀ। ਪਹਿਲਾਂ ਪਹਿਲ ਧੁੱਪ ਤੇ ਛਾਂ ਤੋਂ ਦਿਨ ਦੀ ਲੰਬਾਈ ਦਾ ਅੰਦਾਜਾ ਲਾਇਆ ਜਾਂਦਾ ਰਿਹਾ ਅਤੇ ਫਿਰ ਹੌਲੀ ਹੌਲੀ ਧੁੱਪ ਘੜੀ, ਜਲ ਘੜੀ ਤੇ ਰੇਤ ਘੜੀ ਦੀ ਖੋਜ ਤੋਂ ਬਾਅਦ ਅਜੋਕੀ ਸੂਈਆਂ ਵਾਲੀ ਘੜੀ ਦੀ ਖੋਜ ਹੋਈ।ਆਵਾਜਾਈ ਦੇ ਸਾਧਨਾਂ ਵਿੱਚ ਕ੍ਰਾਂਤੀਕਾਰੀ ਖੋਜ ਹੋਣ ਨਾਲ ਮਨੁੱਖ ਦੂਰ ਦੂਰ ਦੇਸ਼ਾਂ ਵਿੱਚ ਜਾਣ ਲੱਗਾ ਪਰ ਇਸ ਨਾਲ ਸਮਾਂ ਮਾਪਣ ਦੀ ਸਮੱਸਿਆ ਫਿਰ ਉਸ ਦੇ ਸਾਹਮਣੇ ਆਈ।

ਸਾਡੀ ਪ੍ਰਿਥਵੀ ਨੂੰ ਇੱਕ ਦੇਸ਼ਾਂਤਰ ਤੋਂ ਦੂਜੇ ਦੇਸ਼ਾਂਤਰ ਤੱਕ ਸੂਰਜ ਦੇ ਸਾਹਮਣੇ ਗੁਜਰਨ ਲਈ 4 ਮਿੰਟ ਲੱਗਦੇ ਹਨ। ਸਭ ਤੋਂ ਵਿਚਕਾਰਲੇ ਦੇਸ਼ਾਂਤਰ ਨੂੰ ਮੁੱਖ ਅਧਿਆਨ ਰੇਖਾ ਦਾ ਨਾਂ ਦਿੱਤਾ ਗਿਆ ਹੈ। ਇਸ ਦਾ ਦਰਜਾ 0 ਹੈ। ਇਹ ਰੇਖਾ ਇੰਗਲੈਂਡ ਵਿੱਚ ਲੰਡਨ ਦੇ ਨੇੜੇ ਗ੍ਰੀਨਵਿੱਚ ਸ਼ਹਿਰ ਵਿੱਚੋਂ ਲੰਘਦੀ ਹੈ। ਮੁੱਖ ਮਾਧਿਅਨ ਰੇਖਾ ਦੇ ਪੂਰਬ ਵਿੱਚ 180 ਰੇਖਾਵਾਂ ਹਨ ਅਤੇ ਇੰਨੀਆਂ ਹੀ ਰੇਖਾਵਾਂ ਪੱਛਮ ਵਿੱਚ ਹਨ।

ਸਾਰੇ ਦੇਸ਼ਾਂ ਦੇ ਵਿਚਕਾਰ ਇਹ ਸਹਿਮਤੀ ਹੋਈ ਕਿ ਜਦੋਂ ਦਿਨ ਵੇਲੇ ਸੂਰਜ ਜੀਰੋ ਦਰਜੇ ਦੀ ਰੇਖਾ ਦੇ ਬਿਲਕੁਲ ਸਿਖਰ ਤੇ ਹੋਵੇਗਾ ਤਾਂ ਉਸ ਵੇਲੇ ਦਿਨ ਦੇ 12 ਵਜੇ ਦਾ ਸਮਾਂ ਮੰਨਿਆ ਜਾਵੇਗਾ। ਇਸ ਸਮੇਂ ਨੂੰ ਗਰੀਨਵਿੱਚ ਮੀਨ ਟਾਈਮ ਦਾ ਨਾਂ ਦਿੱਤਾ ਗਿਆ। ਬਾਕੀ ਸਾਰੇ ਦੇਸ਼ਾਂ ਦਾ ਆਪਣਾ ਆਪਣਾ ਮਿਆਰੀ ਮਰੀਡੀਅਨ ਸਮਾ ਮੰਨ ਕੇ ਜਦੋਂ ਸੂਰਜ ਸਿਖਰ ਤੇ ਹੋਵੇਗਾ ਤਾਂ 12 ਵਜੇ ਦਾ ਸਮਾਂ ਮੰਨਿਆ ਜਾਵੇਗਾ ਅਤੇ ਇਸ ਨੂੰ ਆਪਣੇ ਦੇਸ਼ ਦਾ ਮਿਆਰੀ ਸਮਾਂ ਮੰਨਣਗੇ। ਇਸ ਤਰ੍ਹਾਂ ਕਰਨ ਨਾਲ ਉਹ ਆਪਣੇ ਦੇਸ਼ ਦੇ ਸਮੇਂ ਅਤੇ ਗਰੀਨਵਿੱਚ ਮੀਨ ਸਮੇਂ ਵਿੱਚ ਅੰਤਰ ਪੜਾਅ ਕਰ ਸਕਣਗੇ।

ਇਸ ਤਰ੍ਹਾਂ ਜਿਹੜੇ ਦੇਸ਼ ਮਾਧਿਅਨ ਰੇਖਾ ਦੇ ਪੂਰਬ ਵੱਲ ਹਨ ਉਹ ਗਰੀਨਵਿੱਚ ਸਮੇਂ ਤੋਂ ਅੱਗੇ ਹੁੰਦੇ ਹਨ ਅਤੇ ਜਿਹੜੇ ਪੱਛਮ ਵੱਲ ਹਨ ਉਹ ਗਰੀਨਵਿੱਚ ਸਮੇਂ ਤੋਂ ਪਿੱਛੇ ਹੁੰਦੇ ਹਨ। ਕਿਹੜਾ ਦੇਸ਼ ਕਿੰਨਾ ਅੱਗੇ ਜਾਂ ਪਿੱਛੇ ਹੈ ਉਹ ਆਪਣੇ ਦੇਸ਼ ਦੇ ਮਿਆਰੀ ਮਰੀਡੀਅਨ ਅਤੇ ਪਰਾਈਮ ਮਰੀਡੀਅਨ ਦੇ ਦੇਸ਼ਾਂਤਰ ਰੇਖਾਵਾਂ ਦੀ ਆਪਸੀ ਦੂਰੀ ਰਾਹੀਂ ਪਤਾ ਕਰ ਸਕਦਾ ਹੈ। ਸਾਡੀ ਪ੍ਰਿਥਵੀ ਨੂੰ ਇੱਕ ਡਿਗਰੀ ਤੋਂ ਦੋ ਡਿਗਰੀ ਤੱਕ ਦਾ ਸਫ਼ਰ ਤਹਿ ਕਰਕੇ ਸੂਰਜ ਦੇ ਸਾਹਮਣੇ ਆਉਣ ਲਈ 4 ਮਿੰਟ ਲੱਗਦੇ ਹਨ। ਜੋ ਪ੍ਰਿਥਵੀ ਉਤੇ 360 ਕਾਲਪਨਿਕ ਰੇਖਾਵਾਂ ਖਿੱਚੀਆਂ ਗਈਆਂ ਹਨ, ਉਹਨਾਂ ਸਾਰੀਆਂ ਨੂੰ ਵਾਰੀ ਵਾਰੀ ਸੂਰਜ ਦੇ ਸਾਹਮਣੇ ਆਉਣ ਨੂੰ 24 ਘੰਟੇ ਲੱਗਦੇ ਹਨ।

ਜੇ ਇੱਕ ਯਾਤਰੀ ਲੰਡਨ ਤੋਂ ਪੂਰਬ ਵੱਲ ਦੀ ਯਾਤਰਾ ਕਰਦੇ ਹੋਏ 180 ਦਰਜੇ ਉਪਰ ਪਹੁੰਚਦਾ ਹੈ ਤਾਂ ਪੂਰਬ ਵੱਲ ਯਾਤਰਾ ਕਰਨ ਵਾਲੇ ਵਿਅਕਤੀ ਨੂੰ 1800 ਲੰਬਕਾਰ ਰੇਖਾ ਉਪਰ ਪਹੁੰਚਦੇ ਪਹੁੰਚਦੇ ਆਪਣੀ ਘੜੀ 12 ਘੰਟੇ ਅੱਗੇ ਕਰਨੀ ਪਵੇਗੀ ਅਤੇ ਪੱਛਮ ਵੱਲ ਯਾਤਰਾ ਕਰਨ ਵਾਲੇ ਵਿਅਕਤੀ ਨੂੰ ਉਸੇ ਲੰਬਕਾਰ ਰੇਖਾ ਤੇ ਪਹੁੰਚਦੇ ਪਹੁੰਚਦੇ ਆਪਣੀ ਘੜੀ 12 ਘੰਟੇ ਪਿੱਛੇ ਕਰਨੀ ਪਵੇਗੀ। ਇਸ ਪ੍ਰਕਾਰ ਦੋ ਵਿਅਕਤੀ ਅਲੱਗ ਅਲੱਗ ਦਿਸ਼ਾਵਾਂ ਤੋਂ ਇੱਕੋ ਥਾਂ ਉਪਰ ਪਹੁੰਚ ਕੇ ਅਨੁਭਵ ਕਰਨਗੇ ਕਿ ਉਹਨਾਂ ਦੇ ਸਮੇਂ ਵਿੱਚ 24 ਘੰਟੇ ਜਾਂ ਇੱਕ ਦਿਨ ਦਾ ਅੰਤਰ ਹੋ ਗਿਆ ਹੈ।

ਇਸ ਸਮੱਸਿਆ ਨੂੰ ਦੂਰ ਕਰਨ ਲਈ 180 ਡਿਗਰੀ ਲੰਬਕਾਰ ਰੇਖਾ ਨੂੰ ਅੰਤਰਰਾਸ਼ਟਰੀ ਤਾਰੀਖ ਰੇਖਾ ਮੰਨ ਲਿਆ ਗਿਆ। ਹਰੇਕ ਨਵੇਂ ਦਿਨ ਦਾ ਅਰੰਭ ਇਸ ਰੇਖਾ ਤੋਂ ਮੰਨ ਲਿਆ ਜਾਂਦਾ ਹੈ।ਜਦੋਂ ਇਸ ਰੇਖਾ ਨੂੰ ਪੂਰਬ ਵੱਲੋਂ ਪਾਰ ਕੀਤਾ ਜਾਂਦਾ ਹੈ ਤਾਂ ਇੱਕ ਦਿਨ ਘਟਾ ਲਿਆ ਜਾਂਦਾ ਹੈ ਅਤੇ ਜਦੋਂ ਪੱਛਮ ਵੱਲੋਂ ਪਾਰ ਕੀਤਾ ਜਾਂਦਾ ਹੈ ਤਾਂ ਇੱਕ ਦਿਨ ਵਧਾ ਲਿਆ ਜਾਂਦਾ ਹੈ।

ਅੰਤਰਰਾਸ਼ਟਰੀ ਤਾਰੀਖ ਰੇਖਾ ਇੱਕ ਸਿੱਧੀ ਰੇਖਾ ਨਹੀਂ ਰੱਖੀ ਗਈ ਤਾਂ ਜੋ ਦੀਪਾਂ ਜਾਂ ਮਹਾਂਦੀਪਾਂ ਨੂੰ ਸਮੇਂ

ਦੀ ਕੋਈ ਮੁਸ਼ਕਿਲ ਨਾ ਆਵੇ। ਇਹ ਰੇਖਾ ਪ੍ਰਸ਼ਾਂਤ ਮਹਾਂ ਸਾਗਰ ਵਿੱਚੋਂ ਦੀ ਲੰਘਦੀ ਹੈ। ਇਸ ਦੇ ਪੂਰਬ ਵੱਲ ਉਤਰੀ ਤੇ ਦੱਖਣੀ ਅਮਰੀਕਾ ਹਨ ਅਤੇ ਪੱਛਮ ਵੱਲ ਏਸ਼ੀਆ ਮਹਾਂਦੀਪ ਹੈ। ਇਹਨਾਂ ਦੋ ਰੇਖਾਵਾਂ-ਮੁੱਖ ਮਾਧਿਅਨ ਰੇਖਾ ਅਤੇ ਅੰਤਰਰਾਸ਼ਟਰੀ ਤਾਰੀਕ ਰੇਖਾ ਰਾਹੀਂ ਸਾਰੇ ਵਿਸ਼ਵ ਦੀਆਂ ਘੜੀਆਂ ਦੇ ਸਮੇਂ ਦੀ ਮੁਸ਼ਕਲ ਦਾ ਹੱਲ ਕੀਤਾ ਗਿਆ ਹੈ। ਟਾਈਮ ਪੀਸ ਸਾਨੂੰ ਧਰਤੀ ਦੀ ਗਤੀ ਦਾ ਗਿਆਨ ਹੀ ਦਿੰਦਾ ਹੈ।

ਅੰਤਰਰਾਸ਼ਟਰੀ ਤਾਰੀਕ ਰੇਖਾ ਨੂੰ ਜਮੀਨੀ ਭਾਗ ਤੋਂ ਦੂਰ ਰੱਖਿਆ ਗਿਆ ਹੈ ਤਾਂ ਜੋ ਇੱਕ ਹੀ ਦੇਸ਼ ਵਿੱਚ ਰਹਿਣ ਵਾਲੇ ਲੋਕਾਂ ਨੂੰ ਅਸੁਵਿਧਾ ਨਾ ਹੋਵੇ। ਜੇਕਰ ਇਹ ਰੇਖਾ ਕਿਸੇ ਦੇਸ਼ ਦੇ ਵਿਚਕਾਰ ਹੋ ਕੇ ਲੰਘਦੀ ਤਾਂ ਉਸ ਦੇ ਦੋਨੋਂ ਪਾਸੇ ਵਾਲੇ ਦੇਸ਼ਾਂ ਨੂੰ ਇੱਕ ਹੀ ਦਿਨ ਵਿੱਚ ਦੋ ਵੱਖ ਵੱਖ ਤਰੀਕਾਂ ਮੰਨਣੀਆਂ ਪੈਂਦੀਆਂ ਅਤੇ ਇਸ ਪ੍ਰਕਾਰ ਉਹਨਾਂ ਨੂੰ ਅਸੁਵਿਧਾ ਹੁੰਦੀ ਹੈ।

ਪ੍ਰਮਾਤਮਾ ਦੀ ਸਾਜੀ ਹੋਈ ਸ੍ਰਿਸ਼ਟੀ ਵਿੱਚ ਇੱਕ ਹੋਰ ਗੁੱਝਾ ਭੇਦ ਇਹ ਵੀ ਹੈ ਕਿ ਕੁੱਝ ਥਾਵਾਂ ਅਜਿਹੀਆਂ ਵੀ ਹਨ ਜਿੱਥੇ ਕਈ ਕਈ ਦਿਨ ਲਗਾਤਾਰ ਸੂਰਜ ਚੜ੍ਹਿਆ ਰਹਿੰਦਾ ਹੈ ਜਾਂ ਰਾਤ ਹੀ ਰਹਿੰਦੀ ਹੈ, ਵਿਗਿਆਨੀਆਂ ਨੇ ਇਸ ਨੂੰ ਪੋਲਰ ਦਾ ਨਾਂ ਦਿੱਤਾ ਹੈ। ਜਿੱਥੇ ਕਈ ਦਿਨ ਲਗਾਤਾਰ ਸੂਰਜ ਚੜ੍ਹਿਆ ਰਹਿੰਦਾ ਹੈ ਉਸ ਨੂੰ ਪੋਲਰ ਦਿਵਸ ਅਤੇ ਜਿੱਥੇ ਲਗਾਤਾਰ ਹਨੇਰਾ ਛਾਇਆ ਰਹਿੰਦਾ ਹੈ ਉਸ ਨੂੰ ਪੋਲਰ ਰਾਤ ਕਿਹਾ ਜਾਂਦਾ ਹੈ। ਰੂਸ ਦੇ ਉਤਰੀ ਭਾਗ ਦੇ ਇਲਾਕੇ ਵਿੱਚ 2 ਦਸੰਬਰ ਤੋਂ 11 ਜਨਵਰੀ ਤੱਕ ਲਗਾਤਾਰ 40 ਦਿਨ ਰਾਤ ਹੀ ਰਹਿੰਦੀ ਹੈ ਅਤੇ 22 ਮਈ ਤੋਂ 23 ਜੁਲਾਈ ਤੱਕ ਦੋ ਮਹੀਨੇ ਦਿਨ ਹੀ ਰਹਿੰਦਾ ਹੈ ਅਤੇ ਸੂਰਜ ਚਮਕਦਾ ਰਹਿੰਦਾ ਹੈ। ਇਸੇ ਤਰ੍ਹਾਂ ਨਾਰਵੇ ਵਿੱਚ ਮਈ ਤੋਂ ਜੁਲਾਈ ਤੱਕ ਲੱਗਭੱਗ 70 ਦਿਨ ਹਨੇਰਾ ਛਾਇਆ ਰਹਿੰਦਾ ਹੈ ਅਤੇ 10 ਅਪ੍ਰੈਲ ਤੋਂ 23 ਅਗਸਤ ਤੱਕ ਸੂਰਜ ਚੜ੍ਹਿਆ ਰਹਿੰਦਾ ਹੈ। ਸਵੀਡਨ ਵਿੱਚ ਮਈ ਦੇ ਅਰੰਭ ਤੋਂ ਅਗਸਤ ਦੇ ਅਖੀਰ ਤੱਕ ਸੂਰਜ 12 ਵਜੇ ਛੁਪਦਾ ਹੈ ਅਤੇ ਸਾਢੇ ਚਾਰ ਵਜੇ ਫਿਰ ਨਿੱਕਲ ਆਉਂਦਾ ਹੈ। ਫਿਨਲੈਂਡ ਵਿੱਚ ਵੀ ਸੂਰਜ ਕਈ ਦਿਨ ਚਮਕਦਾ ਰਹਿੰਦਾ ਹੈ ਅਤੇ ਸਰਦੀਆਂ ਵਿੱਚ ਕਈ ਦਿਨ ਚੜ੍ਹਦਾ ਹੀ ਨਹੀਂ।

ਸਚਾਈ ਇਹ ਹੈ ਕਿ ਪ੍ਰਮਾਤਮਾ ਨੇ ਮਨੁੱਖ ਸਮੇਤ ਸਾਰੇ ਜੀਵਾਂ ਨੂੰ ਭਾਵੇਂ ਕੋਈ ਛੋਟਾ ਹੈ ਜਾਂ ਵੱਡਾ ਹੈ, ਅਮੀਰ ਹੈ ਜਾਂ ਗਰੀਬ ਹੈ ਸਭ ਨੂੰ ਹਰ ਰੋਜ਼ 24 ਘੰਟੇ ਦਾ ਇੱਕ ਸਮਾਨ ਸਮਾ ਹੀ ਦਿੱਤਾ ਹੈ। ਸਮੇਂ ਦੀ ਸੰਭਾਲ ਸਬੰਧੀ ਕੇਵਲ ਮਨੁੱਖ ਹੀ ਚੇਤੰਨ ਹੈ। ਬਾਕੀ ਜੀਵਾਂ ਦਾ ਸਮਾਂ ਸੂਰਜ, ਚੰਦ ਅਤੇ ਧਰਤੀ ਦੀ ਚਾਲ ਨਾਲ ਆਪਣੇ ਆਪ ਬੀਤ ਰਿਹਾ ਹੈ। ਮਨੁੱਖ ਨੇ ਇਸ ਸਮੇਂ ਨੂੰ ਬਿਤਾਉਣਾ ਹੀ ਨਹੀਂ ਸਗੋਂ ਸਫਲ ਕਰਨਾ ਹੈ। ਗੁਰਬਾਣੀ ਦਾ ਫੁਰਮਾਨ ਹੈ -

ਵਖਤਵਿਚਾਰੇ ਸੁ ਬੰਦਾ ਹੋਇ॥ (ਪੰਨਾ 84)

ਭਾਈ ਵੀਰ ਸਿੰਘ ਜੀ ਲਿਖਦੇ ਹਨ -

ਹੋ ਅਜੇ ਸੰਭਾਲ ਇਸ ਸਮੇ ਨੂੰ ਕਰ ਸਫ਼ਲ ਉਡੰਦਾ ਜਾਂਵਦਾ।

ਇਹ ਠਹਿਰਨ ਜਾਂਚ ਨਾ ਜਾਣਦਾ ਲੰਘ ਗਿਆ ਨਾ ਮੁੜ ਹਥ ਆਂਵਦਾ।

ਪ੍ਰਮਾਤਮਾ ਨੇ ਦਿਨ ਅਤੇ ਰਾਤ ਜਿੱਥੇ ਮਨੁੱਖੀ ਕਾਰ ਵਿਹਾਰ ਲਈ ਬਣਾਏ ਹਨ ਉਥੇ ਸਮੁੱਚੀ ਮਾਨਵਤਾ ਨੂੰ ਇਹ ਬਖਸ਼ਸ਼ ਕੀਤਾ ਹੋਇਆ ਸਮਾ ਗੁਰੂ ਹੁਕਮਾ ਅਨੁਸਾਰ ਸਫ਼ਲ ਕਰਨ ਲਈ ਕਿਹਾ ਹੈ।

****

ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਪ੍ਰਕਾਸ਼ ਪੁਰਬ

ਅਦਾਰਾ ਭਾਈ ਦਿੱਤ ਸਿੰਘ ਪੱਤ੍ਰਿਕਾ ਵੱਲੋਂ ਨਵੰਬਰ 2019 ਤੱਕ ਭਾਈ ਦਿੱਤ ਸਿੰਘ ਪੱਤ੍ਰਿਕਾ ਦੇ ਸਾਰੇ ਅੰਕ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੋਣਗੇ। ਸੋ ਲੇਖਕਾਂ, ਕਵੀਆਂ ਨੂੰ ਬੇਨਤੀ ਹੈ ਕਿ ਅਕਤੂਬਰ ਤਕ ਇਸੀ ਨਾਲ ਸਬੰਧਤ ਰਚਨਾਵਾਂ ਭੇਜੀਆਂ ਜਾਣ ਜੇ ਕੋਈ ਇਕੱਠੀਆਂ ਰਚਨਾਵਾਂ ਭੇਜਣਾ ਚਾਹੇ ਤਾਂ ਮਹੀਨਾ ਜਿਸ ਵਿੱਚ ਪ੍ਰਕਾਸ਼ਿਕ ਕਰਨ ਦੇ ਚਾਹਵਾਨ ਹੋਵੇ ਜ਼ਰੂਰ ਲਿਖਣ

ਮੁੱਖ ਸੰਪਾਦਕ

ਸਮਾਜ ਤੇ ਇਸਤਰੀ

ਜਸਵੰਤ ਸਿੰਘ ਜੈਪੁਰ
0946 222 0067

ਗੁਰਬਾਣੀ ਦਾ ਫੁਰਮਾਨ ਹੈ-

ਕਢਿ ਕਸੀਦਾ ਪਹਿਰਹਿ ਚੋਲੀ ਤਾ ਤੁਮ ਜਾਨਹੁ ਨਾਰੀ॥ ਜੇ ਘਰ ਰਾਖਹਿ ਬੁਰਾ ਨ ਚਾਖਹਿ ਹੋਵਹਿ ਕੰਤ ਪਿਆਰੀ॥1711॥

ਇਸਤਰੀ ਸਮਾਜ ਦਾ ਮਹੱਤਵ ਪੂਰਨ ਅੰਗ ਹੈ।ਇਸਤਰੀ ਵਿੱਚ ਦਇਆ ਸੇਵਾ/ਸਿਮਰਨ ਸਹਿਨਸ਼ੀਲਤਾ ਤੇ ਰੱਬੀ ਅਮੁੱਲੇ ਗੁਣ ਹਨ।ਵਿਕਾਸ ਦਾ ਵੀ ਸਰੋਤ ਹੈ।ਇਸਤਰੀ ਤੋਂ ਬਿਨਾਂ ਸਮਾਜ ਅਧੂਰਾ ਹੈ।ਪਰਿਵਾਰ ਦੀ ਸ਼ਾਨ, ਰੌਣਕ ਤੇ ਘਰ ਦਾ ਗਹਿਣਾਂ ਹੈ।ਹਰ ਮਰਦ ਜਾਂ ਪਰਿਵਾਰ ਦੀ ਤਰੱਕੀ ਕਾਮਯਾਬੀ ਵਿੱਚ ਇਸ ਦਾ ਮਹੱਤਵ ਪੂਰਨ ਰੋਲ ਹੁੰਦਾ ਹੈ।ਵੈਸੇ ਤਾਂ ਮਰਦ ਵੀ ਸਮਾਜ ਦਾ ਮਹੱਤਵ ਪੂਰਨ ਅੰਗ ਹੈ।ਗੌਹ ਨਾਲ ਇਸਤਰੀ ਦੇ ਗੁਣਾਂ ਨੂੰ ਸੋਚਿਆ ਜਾਵੇ ਤਾਂ ਇਸਤਰੀ ਦਾ ਪੱਲੜਾ ਮਰਦ ਨਾਲੋਂ ਵੀ ਭਾਰੀ ਪੈਂਦਾ ਹੈ। ਸਾਰੀ ਰਚਨਾਂ ਸੰਸਾਰ ਦੁਵੰਧ 'ਤੇ ਟਿਕਿਆ ਹੋਇਆ ਹੈ।

ਗੁਰਬਾਣੀ ਦਾ ਫੁਰਮਾਨ ਹੈ:- **ਧਨ ਪਿਰ ਏਹ ਨ ਆਖੀਅਨ ਬਹਿਨ ਜੋ ਪਿੰਡਾ ਧੋਇ॥ ਏਕ ਜੋਤਿ ਦੋਇ ਮੂਰਤੀ ਧਨ ਪਿਰ ਕਹੀਐ ਸੋਇ॥311॥**

ਮਰਦ ਤੇ ਇਸਤਰੀ ਦਾ ਰਿਸ਼ਤਾ ਇਸ ਗੁਰਬਾਣੀ ਦੇ ਫੁਰਮਾਨ ਅਨੁਸਾਰ ਹੋਣਾਂ ਚਾਹੀਦਾ ਹੈ।ਜੀਵਨ ਵਿੱਚ ਕੋਈ ਥੋੜ੍ਹ ਨਹੀਂ ਆਉਂਦੀ। ਪਰਿਵਾਰ ਜਾਂ ਘਰ ਸਵਰਗ ਬਣ ਜਾਂਦਾ ਹੈ।ਇਸਤਰੀ ਸਰੀਰ ਤੇ ਇੱਛਾ {will power} ਦੇ ਤੌਰ 'ਤੇ ਮਰਦਾਂ ਨਾਲੋਂ ਕਮਜ਼ੋਰ ਪੈਂਦੀ ਹੈ। ਯੂਨਾਨੀ ਫਿਲਾਸਫਰ ਸੁਕਰਾਤ ਦਾ ਕਹਿਣਾਂ ਹੈ, 'ਮਰਦ ਦੀ ਖੂਬੀ ਹੁਕਮ ਕਰਨ ਤੇ ਮਨਾਉਣ ਵਿੱਚ ਹੈ।ਇਸਤਰੀ ਦੀ ਖੂਬੀ ਮੰਨਣ ਵਿੱਚ ਹੈ'।ਇਸ ਨਾਲ ਪਤੀ ਪਤਨੀ ਵਿੱਚ ਤਾਲ-ਮੇਲ ਬਣਿਆਂ ਰਹਿੰਦਾ ਹੈ।ਕੋਈ ਸਮਾਂ ਸੀ ਹਿੰਦੂ ਸਮਾਜ ਵਿੱਚ ਇਸਤਰੀ ਪਰਧਾਨ ਹੁੰਦੀ ਸੀ।ਮਨੂੰ ਨਿਯਮਾਂਵਲੀ ਤੋਂ ਬਾਅਦ ਮਰਦ ਪ੍ਰਧਾਨ ਸਮਾਜ ਵਜੂਦ ਵਿੱਚ ਆਇਆ ਤੇ ਇਸਤਰੀ ਦੀ ਪੱਦਵੀ ਨੀਵੀਂ ਹੋ ਗਈ। ਮਨੂੰ ਦੀ ਵਿਚਾਰਧਾਰਾ ਦੇ ਅਨੁਸਾਰ ਇਸਤਰੀ ਦੁੱਖਾਂ ਦਾ ਮੂਲ ਕਾਰਨ ਹੈ ।ਜੀਵ ਦਾ ਆਦਰਸ਼ ਮਨੁੱਖੀ ਜੀਵਨ ਵਿੱਚ ਮੁਕਤੀ ਪਰਾਪਤ ਕਰਨਾਂ ਹੁੰਦਾ ਹੈ।ਇਸਤਰੀ ਇਸ ਵਿੱਚ ਰੁਕਾਵਟ ਬਣਦੀ ਹੈ। ਇਸਤਰੀ ਦੇ ਕਾਰਨ ਹੀ ਕਲੇਸ਼ ਝਗੜੇ ਹੁੰਦੇ ਹਨ ਤੇ ਇਸ ਦੀ ਸੰਗਤ ਨਹੀਂ ਕਰਨੀ ਚਾਹੀਦੀ।ਇਸਤਰੀ ਅਕਲਮੰਦਾਂ ਰਿਸ਼ੀਆਂ/ਮੁਨੀਆਂ ਨੂੰ ਕੁਰਾਹੇ ਪਾ ਕੇ ਆਪਣੇ ਵੱਸ ਵਿੱਚ ਕਰ ਲੈਂਦੀ ਹੈ। ਇਸਤਰੀ ਹਮੇਸ਼ਾਂ ਮਰਦ ਦੀ ਸਰਪਰਸਤੀ ਵਿੱਚ ਰਹੇ।ਆਪਣੇ ਪਤੀ ਦੀ ਸੇਵਾ ਪਰਮਾਤਮਾਂ ਦੇ ਰੂਪ ਵਿੱਚ ਕਰੇ।ਪਤੀ ਦੀ ਆਗਿਆਕਾਰੀ ਰਹੇ।ਵੇਹਲੇ ਸਮੇਂ ਵਿੱਚ ਧਾਰਮਿਕ ਤੇ ਘਰੇਲੂ ਕੰਮਾਂ ਵਿੱਚ ਰੁੱਝੀ ਰਹੇ।ਮਨੂੰ ਸਿਮਰਤੀ ਅਨੁਸਾਰ ਇਸਤਰੀ ਵਿਧਵਾ ਹੋਣ 'ਤੇ ਦੂਜਾ ਵਿਆਹ ਨਹੀਂ ਸੀ ਕਰ ਸਕਦੀ ਤੇ ਨਾਂ ਹੀ ਚੰਗੇ ਬਸਤਰ ਪਹਿਨ ਸਕਦੀ ਸੀ, ਨਾਂ ਹੀ ਸ਼ਿੰਗਾਰ ਕਰ ਸਕਦੀ ਸੀ। ਇਸਤਰੀ ਦੀ ਅਜ਼ਾਦੀ ਘਰ ਦੀ ਚਾਰ ਦੀਵਾਰੀ ਤੱਕ ਸੀਮਤ ਕਰਦੀ ਹੈ ਤੇ ਘਰ ਦੀ ਨੌਕਰਾਣੀ ਬਣਾਉਂਦੀ ਹੈ। ਮਨੂੰ ਵਿਚਾਰਧਾਰਾ ਇਸਤਰੀ ਦੇ ਫਰਜ਼ਾਂ 'ਤੇ ਜ਼ੋਰ ਦਿੰਦੀ ਤੇ ਇਸ ਦੇ ਅਧਿਕਾਰਾਂ ਤੋਂ ਵੰਚਿਤ ਕਰਦੀ ਹੈ।

ਅੱਜ ਦੇ ਵਿਗਿਆਨ ਦੇ ਯੁੱਗ ਵਿੱਚ ਵੀ ਆਪਣੇ ਮਰਦ ਦੇ ਬਰਾਬਰ ਹੱਕਾਂ ਲਈ ਸੰਘਰਸ਼ਸ਼ੀਲ ਹੈ।ਕਾਨੂੰਨੀ ਤੌਰ 'ਤੇ ਇਸਤਰੀ ਨੂੰ ਸਰਕਾਰਾਂ ਨੇ ਮਰਦ ਬਰਾਬਰ ਹੱਕ ਪਰਧਾਨ ਕਰ ਦਿੱਤੇ ਹਨ ਪ੍ਰੰਤੂ ਇਖਲਾਕੀ ਤੌਰ 'ਤੇ ਅੱਜ ਵੀ ਸਾਡਾ ਸਮਾਜ ਬਰਾਬਰ ਦੇ ਹੱਕ ਦੇਣ ਲਈ ਤਿਆਰ ਨਹੀਂ ਹੋਇਆ। ਜੋ ਸਰਾਸਰ ਬੇ-ਇਨਸਾਫੀ ਤੇ


ਅਗਿਆਨਤਾ ਹੈ। ਹਰ ਰੋਜ਼ ਇਸ ਨਾਲ ਘੋਰ ਅਤਿਆਚਾਰਾਂ ਦੀਆਂ ਖਬਰਾਂ ਅਖਬਾਰਾਂ ਤੇ ਮੀਡੀਆ ਰਾਹੀਂ ਪੜ੍ਹਨ ਸੁਣਨ ਵਿੱਚ ਮਿਲਦੀਆਂ ਹਨ ਜੋ ਕਿ ਬਹੁਤ ਦੁੱਖ ਦੀ ਗੱਲ ਹੈ। ਦਾਸ ਦੇ ਵਿਚਾਰ ਅਨੁਸਾਰ ਸਮਾਜ ਤੇ ਹਰ ਧਰਮ ਨੂੰ ਇਸਤਰੀ ਦੇ ਹੱਕਾਂ ਬਾਰੇ ਜਾਗਰੂਕ ਕਰਨ ਦੀ ਲੋੜ ਹੈ,ਜਿਸ ਨਾਲ ਮਾਨ ਸਨਮਾਨ ਨਾਲ ਸਮਾਜ ਵਿੱਚ ਆਪਣੇ ਫਰਜ਼ਾਂ ਨੂੰ ਪੂਰੀ ਕਰ ਸਕੇ।


ਅੱਜ ਤੋਂ ਕਈ ਸੌ ਸਾਲ ਪਹਿਲਾਂ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਜੀ ਨੇ ਇਸਤਰੀ ਦੇ ਰੱਬੀ ਗੁਣਾਂ ਨੂੰ ਪਹਿਚਾਣਿਆਂ ਤੇ ਸਮਾਜ ਨੂੰ ਗੁਰਬਾਣੀ ਰਾਹੀਂ ਮਾਨ ਸਨਮਾਨ ਕਰਨ ਲਈ ਉਪਦੇਸ਼ ਦਿੱਤਾ। ਗੁਰੂ ਨਾਨਕ ਸਾਹਿਬ ਦਾ ਉਪਦੇਸ਼ ਹੈ- ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥ ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥ ਭੰਡਮੂਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ ॥ ਆਸਾ ਦੀ ਵਾਰ ॥

ਭਾਵ ਇਸਤਰੀ ਦੇ ਪੇਟ ਵਿੱਚ ਪ੍ਰਾਣੀ ਦਾ ਸਰੀਰ ਬਣਦਾ ਹੈ ਤੇ ਪ੍ਰਾਣੀ ਜਨਮ ਲੈਂਦਾ ਹੈ। ਇਸਤਰੀ ਦੇ ਨਾਲ ਹੀ ਮਰਦ ਦੀ ਮੰਗਣੀ ਤੇ ਵਿਆਹ ਹੁੰਦਾ ਹੈ। ਇਸਤਰੀ ਦੇ ਰਾਹੀਂ ਸਮਾਜ ਪਰਿਵਾਰ ਵਿੱਚ ਰਿਸ਼ਤੇਦਾਰੀਆਂ ਬਣਦੀਆਂ ਹਨ। ਇਸਤਰੀ ਤੋਂ ਹੀ ਸੰਸਾਰ ਦੀ ਉਤਪਤੀ ਦਾ ਰਾਹ ਚੱਲਦਾ ਹੈ। ਇਸਤਰੀ ਦੇ ਕੁੱਖੋਂ ਹੀ ਰਾਜੇ/ਮਹਾਰਾਜੇ ਜਨਮ ਲੈਂਦੇ ਹਨ। ਇਸਤਰੀ ਦੇ ਕਾਰਨ ਹੀ ਮਰਦ ਬੰਧਨ ਵਿੱਚ ਰਹਿੰਦਾ ਹੈ। ਇਸਤਰੀ ਦੇ ਕੁੱਖੋਂ ਹੀ ਮਾਤਾ,ਬੇਟੀ,ਭੈਣ ਤੇ ਪਤਨੀ ਦੇ ਸਰੂਪ ਵਿੱਚ ਪਰਿਵਾਰ ਬਣਦੇ ਹਨ। ਸੰਸਾਰ/ਪਰਿਵਾਰ ਦੇ ਕਾਰਜ ਚਲਾਉਣ ਵਾਲੀ ਇਸਤਰੀ ਨੂੰ ਮੰਦਾ ਕਿਉਂ ਆਖਦੇ ਹੋ?

ਗੁਰੂ ਹਰਗੋਬਿੰਦ ਸਾਹਿਬ ਜੀ ਨੇ ਉਪਦੇਸ਼ ਦਿੱਤਾ ਕਿ ਇਸਤਰੀ ਈਮਾਨ, ਦੌਲਤ ਗੁਜ਼ਰਾਨ, ਤੇ ਪੁੱਤਰ ਨਿਸ਼ਾਨ। ਕਹਿਣ ਦਾ ਭਾਵ ਹੈ ਇਸਤਰੀ ਦੇ ਸੰਜੋਗ ਕਾਰਨ ਹੀ ਮਰਦ ਦਾ ਚਾਲ ਚਲਣ ਉਚਾ/ਸੁੱਚਾ ਰਹਿੰਦਾ ਹੈ। ਸਿੱਖ ਧਰਮ ਦੀ ਰਹਿਤ ਮਰਿਆਦਾ ਅਨੁਸਾਰ ਗੁਰਸਿੱਖ ਨੂੰ ਉਪਦੇਸ਼ ਹੈ **ਪਰ ਬੇਟੀ ਕੋ ਬੇਟੀ ਜਾਨੈ, ਪਰ ਇਸਤ੍ਰੀ ਕੋ ਮਾਤ ਬਖਾਨੈ॥ ਆਪਨਿ ਇਸਤ੍ਰੀ ਸੋ ਰਤਿ ਹੋਈ, ਰਹਿਤਵੰਤ ਸਿੰਘ ਹੈ ਸੋਈ॥** {ਹੁਕਮਨਾਮਾਂ ਭਾਈ ਦੇਸਾ ਸਿੰਘ} ਆਖਰ ਵਿੱਚ ਦਾਸ ਦੀ ਬੇਨਤੀ ਹੈ ਕਿ ਜੇ ਅਸੀਂ ਘਰ ਨੂੰ ਸੁਖੀ, ਸਵਰਗ ਬਣਾਉਣਾਂ ਹੈ,ਆਪ ਤੇ ਬੱਚਿਆਂ ਨੂੰ ਗੁਰਬਾਣੀ ਨਾਲ ਜੋੜੀਏ ਤੇ ਅਮਲ ਕਰੀਏ।

****





****

ਭਾਈ ਮਰਦਾਨਾ ਜੀ

ਲੇਖਕ: ਡਾ. ਹਰਪਾਲ ਸਿੰਘ ਪੰਨੂ

ਪੇਸ਼ਕਸ਼: ਸ. ਗੁਰਮੀਤ ਸਿੰਘ
09461671914

ਜਿਸ ਸੰਗੀਤਕਾਰ ਦੀ ਤੁਸੀਂ ਤਸਵੀਰ ਦੇਖ ਰਹੇ ਹੋ ਇਹ ਹੈ ਭਾਈ ਮਰਦਾਨਾਂ ਜੀ ਦੀ ਨਹੀਂ ਹੈ। ਸਾਜਿੰਦੇ ਦੇ ਹੱਥਾਂ ਵਿੱਚ ਫੜ੍ਹਿਆ ਸਾਜ਼ ਰਬਾਬ ਨਹੀਂ ਸਾਰੰਗੀ ਹੈ। ਮੇਰਾ ਯਕੀਨ ਹੈ ਕਿ ਸਰ ਜੀ. ਐਸ. ਠਾਕੁਰ ਸਿੰਘ ਨੇ 1964 ਵਿੱਚ ਜਦੋਂ ਇਹ ਪੇਟਿੰਗ ਤਿਆਰ ਕੀਤੀ ਸੀ, ਤੱਦ ਬੁਰਸ਼ ਚਲਾਉਂਦਿਆਂ ਉਹਨਾਂ ਨੂੰ ਭਾਈ ਮਰਦਾਨਾਂ ਜੀ ਦੀ ਰਬਾਬ ਦੀਆਂ ਕੁੱਝ ਮਹੀਨ ਧੁਨਾਂ ਇਨਾਮ ਵਜੋਂ ਸੁਣਨ ਨੂੰ ਮਿਲੀਆਂ। ਪਾਠਕ ਜਦੋਂ ਅਸਲ ਪੇਂਟਿੰਗ {20"ਯ 28"} ਦੇਖਣਗੇ ਤੱਦ ਉਹ ਮੇਰੇ ਨਾਲ ਸਹਿਮਤ ਹੋ ਜਾਣਗੇ। ਪੇਂਟਿੰਗ ਹੇਠਾਂ ਲਿਖਿਆ ਹੈ-"ਇਲਾਹੀ ਧੁਨ" ਅੱਗੇ ਲਿਖਿਆ ਹੈ..." ਜੋ ਭੀੜਾਂ ਲਈ ਨਹੀਂ, ਆਪਣੇ ਆਪ ਲਈ ਗਾਉਂਦਾ ਹੈ।" ਜਿਸ ਜ਼ਮੀਨ ਉਪਰ ਸਾਰੰਗੀ ਵਾਦਕ ਖਲੋਤਾ ਹੈ, ਪਥਰੀਲੀ ਹੈ। ਪਰ ਚਟਾਨਾਂ ਹਨ ਕਿ ਪੰਘਰ ਕੇ ਪਾਣੀ ਹੋ ਰਹੀਆਂ ਦਿੱਸਦੀਆਂ ਹਨ ਦਰਜਾ ਅਤੇ ਦਰਾੜਾਂ ਲਹਿਰਾਂ ਵਿੱਚ ਵਟ ਰਹੀਆਂ ਹਨ। ਸਕੂਲ ਵਿੱਚ ਪੜ੍ਹਦੇ ਸ਼ਾਸਤਰੀ ਗਾਇਨ ਸਿੱਖਣ ਵਾਲੇ ਕੁੱਝ ਬੱਚਿਆਂ ਨੂੰ ਮੈਂ ਮਿਲਿਆ ਤੇ ਪੁੱਛਿਆ, 'ਜਦੋਂ ਮੈਂ ਤੁਹਾਡੇ ਜਿੱਡਾ ਸਾਂ, ਦਿੱਲ ਕਰਦਾ ਸੀ ਲੇਖਕ ਬਣਾਂ। ਇਵੇਂ ਤੁਹਾਡੇ ਕੁੱਝ ਜਮਾਤੀ ਬੱਚੇ ਚਿੱਤਰਕਾਰੀ ਸਿੱਖ ਰਹੇ ਹਨ। ਤੁਸੀਂ ਸੰਗੀਤ ਸਿੱਖਣ ਦੀ ਗੱਲ ਕਿਉਂ ਸੋਚੀ? ਇੱਕ ਨੇ ਕਿਹਾ, 'ਲੇਖਕ ਤੇ ਚਿੱਤਰਕਾਰ, ਜੇ ਚਾਹੁਣ ਤਾਂ ਆਪਣੇ ਹੁਨਰ ਦੀ ਸਹਾਇਤਾ ਨਾਲ ਕਿਸੇ ਦਾ ਦਿੱਲ ਦੁਖਾ ਸਕਦੇ ਹਨ, ਮਜ਼ਾਕ ਉਡਾ ਸਕਦੇ ਹਨ, ਝੂਠ ਬੋਲ ਸਕਦੇ ਹਨ। ਸਾਜ਼ ਅਜਿਹਾ ਨਹੀਂ ਕਰਦੇ। ਸੰਗੀਤਕਾਰ ਚਾਹੇ ਤਾਂ ਵੀ ਨਹੀਂ। ਕੋਈ ਸਜਿੰਦਾ ਵੱਡਾ ਹੈ ਕੋਈ ਛੋਟਾ.. ਠੀਕ, ਪਰ ਸੰਗੀਤ ਸੱਟ ਨਹੀਂ ਮਾਰਦਾ, ਹੱਤਕ ਨਹੀਂ ਕਰਦਾ, ਝੂਠ ਨਹੀਂ ਬੋਲਦਾ। ਇਹ ਸੱਭ ਨੂੰ ਪਿਆਰੀਆਂ ਤਸੱਲੀਆਂ ਦਿੰਦਾ ਹੈ।'

ਮੈਂ ਕਲਾਸ ਰੂਮ ਵਿੱਚ ਸੰਗੀਤ ਅਧਿਆਪਕ ਨੂੰ ਕਿਹਾ, "ਅੱਜ ਕੱਲ੍ਹ ਬੱਚੇ ਤਕੜੇ ਗੱਪੀ ਹੋ ਗਏ ਹਨ। ਨੰਬਰ ਵੱਧ ਲੈਣ ਦੀ ਲਾਲਸਾ ਨਾਲ ਸੰਗੀਤ ਪੜ੍ਹਦੇ ਹਨ, ਪਰ ਗੱਲਾਂ ਵੱਡੀਆਂ ਵੱਡੀਆਂ ਸੁਣਾਉਂਦੇ ਹਨ।" ਅਧਿਆਪਕ ਨੇ ਕਿਹਾ,' "ਜਿਸ ਬੱਚੇ ਨਾਲ ਤੁਸੀਂ ਗੱਲ ਕੀਤੀ ਉਹ ਵਿਗਿਆਨ ਦਾ ਵਿਦਿਆਰਥੀ ਹੈ ਅਤੇ ਉਸ ਨੇ ਫੈਸਲਾ ਕੀਤਾ ਹੋਇਆ ਹੈ ਕਿ ਸੰਗੀਤ ਨੂੰ ਕਦੀ ਸਿਲੇਬਸ ਦੇ ਵਿਸ਼ੇ ਵਜੋਂ ਨਹੀਂ ਲਵੇਗਾ।"

ਮਹਾਨ ਸਿਤਾਰਵਾਦਕ ਉਸਤਾਦ ਰਾਮ ਨਰਾਇਣ ਦੀ ਜੀ ਇੰਟਰਵਿਊ ਪੜ੍ਹੀ। ਸਾਰੰਗੀ ਦੇ ਸ਼ੌਂਕ ਬਾਰੇ ਪੁੱਛਣ 'ਤੇ ਉਹਨਾਂ ਕਿਹਾ, "ਆਦਮੀ ਨੂੰ ਹੰਕਾਰ ਹੋ ਗਿਆ ਸੀ ਕਿ ਉਸ ਦੀ ਅਵਾਜ਼ ਤੋਂ ਮਾਧੁਰ ਹੋਰ ਕੋਈ ਅਵਾਜ਼ ਨਹੀਂ। ਮੈਂ ਚਾਹਿਆ ਕਿ ਲੱਕੜ ਦੀ ਨਿੱਕੀ ਜਿਹੀ ਇੱਕ ਨਿਰਜਿੰਦ ਸੰਦੂਕੜੀ ਆਦਮੀ ਦਾ ਹੰਕਾਰ ਤੋੜੇ। ਅਜਿਹਾ ਕਰਨ ਲਈ ਇੱਕ ਜਨਮ ਤਾਂ ਲੇਖੇ ਲੱਗ ਗਿਆ ਪਰ ਸੰਤੋਖ ਮਿਲਿਆ।" ਪੰਜਾਬੀ ਪਾਠਕ, ਨਰਾਇਣ ਜੀ ਦੀ ਕੈਸਿਟ ਖਰੀਦ ਕੇ ਜਦੋਂ ਭੈਰਵੀ ਵਿੱਚ ਸਾਰੰਗੀ ਦੀਆਂ ਧੁਨਾਂ ਸੁਣਨਗੇ ਤਾਂ ਮੰਨ ਜਾਣਗੇ ਕਿ ਕਈ ਜਨਮਾਂ ਦਾ ਕੰਮ ਇੱਕ ਜਨਮ ਵਿੱਚ ਨਿਬੇੜਿਆ ਗਿਆ।

ਗੱਲ ਭਾਈ ਮਰਦਾਨਾਂ ਜੀ ਬਾਰੇ ਕਰਨੀ ਹੈ ਪਰ ਹੋਰ ਗੱਲਾਂ ਇਧਰੋਂ ਓਧਰੋਂ ਉਡ ਕੇ ਵਿਚਕਾਰ ਆ ਗਈਆਂ। ਇਵੇਂ ਹੀ ਹੋਣਾਂ ਸੀ। ਉਸ ਬਾਰੇ ਅਚਾਨਕ ਗੱਲ ਸ਼ੁਰੂ ਨਹੀਂ ਹੋ ਸਕਦੀ। ਇਉਂ ਕਰਨਾਂ ਬੇਅਦਬੀ ਹੋਵੇਗੀ। ਪਹਿਲਾਂ ਕਲਮ ਸੁਰ ਕਰ ਲਈਏ।

ਭਾਈ ਗੁਰਦਾਸ ਜੀ ਨੇ ਸਹੀ ਲਿਖਿਆ ਹੈ ਕਿ ਬਾਬਿਆਂ ਨੇ ਧਰਤੀ ਸੋਧਣ ਹਿੱਤ ਚੜ੍ਹਾਈ ਕੀਤੀ। ਉਹਨਾਂ ਦੀ ਇੱਛਾ ਸੀ ਕਿ ਧਰਤੀ ਦੇ ਟੋਏ ਟਿੱਬੇ ਪੱਧਰੇ ਕਰਕੇ ਇਸ ਨੂੰ ਸੋਹਣੀ ਸਮਤਲ ਬਣਾਈਏ। ਇਸ ਮਕਸਦ ਲਈ ਹਲ ਸੁਹਾਗੇ ਦੀ ਥਾਂ ਬਾਣੀ ਅਤੇ ਰਬਾਬ ਦੀ ਵਰਤੋਂ ਕੀਤੀ।

ਭਾਈ ਮਰਦਾਨਾਂ ਜੀ ਬਾਰੇ ਲਿਖਣ ਲਈ ਸਾਰੀਆਂ ਜਨਮ-ਸਾਖੀਆਂ ਦਾ ਦੁਬਾਰਾ ਪਾਠ ਕੀਤਾ। ਜਨਮ-ਸਾਖੀਕਾਰਾਂ ਨੇ ਵੱਖ ਵੱਖ ਤਰੀਕਿਆਂ ਨਾਲ ਇਸ ਫਕੀਰ ਦੇ ਅੰਦਰ ਦੀ ਝਾਤ ਪੁਆਈ ਹੈ। ਗੁਰੂ ਜੀ ਨਾਲ ਪ੍ਰੀਤ ਦੇ ਭੇਦ, ਸਾਖੀਕਾਰਾਂ ਬਿਨਾਂ ਕਿਸੇ ਖਾਸ ਤਰੱਦਦ ਦੇ ਸਹਿਜ ਸੁਭਾਅ ਖੋਲ੍ਹਦਾ ਜਾਂਦਾ ਹੈ।

ਗੁਰੂ ਬਾਬਾ ਜੀ ਜਦੋਂ ਕਦੀ ਬੰਦਗੀ ਕਰਦਿਆਂ ਸਮਾਧੀ ਵਿੱਚ ਲੀਨ ਹੋ ਜਾਂਦੇ ਤਾਂ ਭਾਈ ਮਰਦਾਨਾਂ ਜੀ

ਵੀਹ ਪੱਚੀ ਕਦਮ ਦੂਰ ਰਹਿ ਕੇ ਲਗਾਤਾਰ ਪਹਿਰਾ ਦਿੰਦੇ ਕਿ ਸਮਾਧੀ ਵਿੱਚ ਕੋਈ ਵਿਘਨ ਨਾਂ ਪਵੇ। ਕਿਸੇ ਨੂੰ ਨੇੜੇ ਨਾਂ ਜਾਣ ਦਿੰਦੇ। ਪਰ ਜਦੋਂ ਬਾਬਾ ਜੀ ਗਾਉਣ ਲੱਗਦੇ ਤਾਂ ਰਬਾਬ ਲੈ ਕੇ ਇੰਨਾਂ ਨੇੜੇ ਬੈਠਦੇ ਕਿ ਗੋਡੇ ਨਾਲ ਗੋਡਾ ਖਹਿੰਦਾ। ਕੁਦਰਤ ਉਨ੍ਹਾਂ ਦੀਆਂ ਸੁਰਾਂ ਨਾਲ ਰਲਕੇ ਗਾਉਣ ਲੱਗਦੀ। ਨਾਥਾਂ, ਜੋਗੀਆਂ, ਬ੍ਰਾਹਮਣਾਂ, ਕਾਜ਼ੀਆਂ, ਮੌਲਵੀਆਂ ਨਾਲ ਵਿਚਾਰ ਵਟਾਂਦਰਾ ਕਰਦਿਆਂ ਜਦੋਂ ਗਿਆਨ ਦੀ ਹਨੇਰੀ ਵਗਦੀ ਤਾਂ ਬਾਬਾ ਜੀ ਆਖਦੇ, 'ਮਰਦਾਨਿਆਂ ਰਬਾਬ ਉਠਾਇ। ਬਾਣੀ ਆਈ ਹੈ।' ਕੀਰਤਨ ਦੀ ਬਾਰਸ਼ ਹੁੰਦੀ ਤਾਂ ਸਾਰੀ ਗਰਦ ਗੁਬਾਰ ਧੁਲ ਜਾਂਦੀ ਤੇ ਅਕਾਸ਼ ਨਿਰਮਲ ਹੋ ਜਾਂਦਾ। ਹਿੰਦੂ ਆਖਦੇ, 'ਇਨ੍ਹਾਂ ਵਿੱਚ ਬ੍ਰਹਮ ਦਾ ਸੰਪੂਰਣ ਪ੍ਰਕਾਸ਼ ਹੈ। ਪ੍ਰਤੱਖ ਦਿਸ ਰਹਿਆ ਹੈ।' ਕਾਮਲ ਫਕੀਰਾਂ ਨਾਲ ਮੇਲ ਹੁੰਦਾ ਤਾਂ ਉਹ ਕਹਿੰਦੇ, 'ਸਲਾਮਾਲੇਕੰ ਨਾਨਕ ਫਕੀਰ ਸ਼ਾਹ, ਸਾਹਿਬ ਦੇ ਰਸੀਦ। ਤੂੰ ਵੱਡਾ ਬਜ਼ੁਰਗਵਾਰ ਹਾਈ। ਅਸਾਂ ਕੂ ਦੁਆ ਦੇ ਕਿ ਸਾਡੀ ਭੀ ਸਾਹਿਬ ਨਾਲ ਉਵੇਂ ਬਣ ਆਵੇ ਜਿਵੇਂ ਤੈਂਡੇ ਨਾਲ ਬਣ ਆਈ ਹੈ।' ਕੋਈ ਹੋਰ ਆਉਂਦਾ ਤਾਂ ਆਖਦਾ, "ਮਰਦ ਹਨ ਪੂਰੇ। ਭਲੇ ਹਨ ਕੋਈ। ਖੁਦਾਇ ਦੇ ਸਾਦਿਕ ਹੈਨ ਵੱਡੇ।"

ਭਾਈ ਮਰਦਾਨਾਂ ਜੀ ਮਹਾਰਾਜ ਤੋਂ ਦਸ ਸਾਲ ਵੱਡੇ ਸਨ। ਬਚਪਨ ਵਿੱਚ ਦੋਹਾਂ ਨੂੰ ਅਕਸਰ ਇਕੱਠਿਆਂ ਦੇਖਿਆ ਜਾਂਦਾ। ਪਿਤਾ, ਮਾਤਾ ਜਾਂ ਭੈਣ ਨਾਨਕੀ ਨੇ ਜਦੋਂ ਗੁਰੂ ਜੀ ਨੂੰ ਦੁਨੀਆਂਦਾਰੀ ਦੀ ਕੋਈ ਗੱਲ ਸਮਝਾਉਣੀ ਹੁੰਦੀ ਤਾਂ ਉਹ ਭਾਈ ਜੀ ਮਰਦਾਨਾਂ ਜੀ ਨੂੰ ਬੁਲਾ ਕੇ ਆਖਦੇ ਕਿ ਉਨ੍ਹਾਂ ਨੂੰ ਮਨਾਓਂ। ਭਾਈ ਜੀ ਚਲੇ ਤਾਂ ਜਾਂਦੇ ਪਰ ਉਨ੍ਹਾਂ ਨੂੰ ਸਮਝਾਉਣ ਦੀ ਥਾਂ ਆਪ ਸਮਝ ਕੇ ਆ ਜਾਂਦੇ। ਇਹ ਗੱਲਾਂ ਪੜ੍ਹਦਿਆਂ ਮੈਂ ਸੋਚਦਾ ਕਿ ਭਾਈ ਮਰਦਾਨਾਂ ਜੀ ਦੀ ਗੱਲ ਜਦੋਂ ਮੰਨਦੇ ਨਹੀਂ ਸਨ, ਫਿਰ ਵੀ ਪਰਿਵਾਰ ਦੇ ਜੀਅ ਉਨ੍ਹਾਂ ਨੂੰ ਹੀ ਕਿਓਂ ਦੁਬਾਰਾ ਭੇਜਦੇ? ਪਤਾ ਲੱਗਿਆ ਕਿ ਬਾਬਾ ਜੀ, ਭਾਈ ਦੀ ਗੱਲ ਸੁਣ ਤਾਂ ਲੈਂਦੇ ਸਨ, ਹੋਰਾਂ ਦੀਆਂ ਨਸੀਹਤਾਂ ਉਹ ਕਈ ਵਾਰ ਸੁਣਨ ਲਈ ਵੀ ਤਿਆਰ ਨਹੀਂ ਸਨ।

ਬਾਬਾ ਜੀ ਤਲਵੰਡੀ ਤੋਂ ਸੁਲਤਾਨਪੁਰ ਲੋਧੀ ਨੌਕਰੀ ਕਰਨ ਚਲੇ ਗਏ। ਮਹੀਨੇ ਲੰਘ ਗਏ ਤਾਂ ਮਾਪਿਆਂ ਨੇ ਭਾਈ ਮਰਦਾਨਾਂ ਜੀ ਨੂੰ ਉਨ੍ਹਾਂ ਦੀ ਖਬਰ ਸਾਰ ਲੈਣ ਲਈ ਭੇਜਦਿਆਂ ਕਿਹਾ-ਇਕ ਵਾਰ ਮਿਲ ਜਾਣ॥ ਭਾਈ ਜੀ ਤੁਰ ਪਏ। ਸੁਲਤਾਨਪੁਰ ਪੁੱਜੇ। ਖੈਰ ਸੁੱਖ ਪੁੱਛੀ, ਦੱਸੀ ਤੇ ਕਿਹਾ, 'ਮਾਂ ਤੇ ਪਿਤਾ ਯਾਦ ਕਰਦੇ ਹਨ। ਪਰਿਵਾਰ ਨੂੰ ਮਿਲ ਆਓ।' ਬਾਬੇ ਨੇ ਕਿਹਾ, ਚੰਗਾ ਹੋਇਆ ਭਾਈ ਤੁਸੀਂ ਆ ਗਏ। ਆਪਣਾਂ ਪਰਿਵਾਰ ਵੱਡਾ ਹੈ। ਦੂਰ ਦੂਰ ਆਪਣੇ ਜੀਆਂ ਨੂੰ ਮਿਲਣ ਜਾਣਾਂ ਹੈ। ਤੁਸੀਂ ਨਾਲ ਚੱਲੋ। ਇਕੱਲੇ ਚੱਲਾਂਗੇ ਤਾਂ ਖਰੀ ਖੁਸ਼ੀ ਮਿਲੇਗੀ।

ਭਾਈ ਜੀ ਨੇ ਕਿਹਾ- "ਪਰ ਖਵਾਂਗੇ ਕੀ? ਖਰਚਾਂਗੇ ਕੀ?"

ਬਾਬੇ ਨੇ ਕਿਹਾ- "ਜੋ ਤੁਸਾਂ ਪਾਸ ਹੈ, ਉਹ ਦੌਲਤ ਹੋਰ ਕਿਸੇ ਪਾਸ ਨਹੀਂ। ਤੁਸਾਡੇ ਸਦਕਾ ਕਈਆਂ ਨੂੰ ਹੋਰ ਰਿਜਕ ਮਿਲੇਗਾ।" ਭਾਈ ਜੀ ਚੁੱਪ ਰਹੇ। ਫਿਰ ਇੱਕ ਦਿਨ ਬਾਬੇ ਨੇ ਕਿਹਾ, "ਮਰਦਾਨਿਆਂ ਰਬਾਬ ਖਰੀਦ।" ਭਾਈ ਨੇ ਕਿਹਾ- ਠੀਕ ਹੈ ਜੀ। ਦਿਉ ਪੈਸੇ। ਬਾਬਿਆਂ ਕਿਹਾ- ਆਪਣੇ ਪਾਸ ਪੈਸੇ ਹੈ ਨਹੀਂ। ਭਾਈ ਜੀ ਬੋਲੇ-ਆਪਾਂ ਨੂੰ ਹੁਦਾਰ ਕੋਈ ਨੀ ਦੇਂਵਦਾ। ਫਿਰ ਬਾਬਾ ਜੀ ਨੇ ਕਿਹਾ,, ਬੇਬੇ ਨਾਨਕੀ ਜੀ ਪਾਸ ਜਾਹ। ਸਵਾਲੀ ਬਣਨਾਂ ਤਾਂ ਚੰਗਾ ਨਹੀਂ ਪਰ ਕੀ ਕਰੀਏ? ਗਰਜ਼ ਕਾਰੇ ਗੁਜ਼ਾਰਨੀ ਹੈ। ਭਾਈ ਮਰਦਾਨਾਂ ਜੀ ਬੀਬੀ ਪਾਸ ਗਏ ਤੇ ਕਿਹਾ, "ਬੇਬੇ ਇੱਕ ਅਰਜ਼ ਗੁਜ਼ਾਰਨੀ ਹੈ। ਸਾਨੂੰ ਰਬਾਬ ਲੈ ਦਿਓ।" ਬੀਬੀ ਨੇ ਕਿਹਾ, "ਇੱਕ ਕਿਓਂ ਭਾਈ। ਸੌ ਰਬਾਬਾਂ ਤੁਸਾਂ ਤੋਂ ਵਾਰਾਂ। ਪਰ ਨਾਨਕ ਨੂੰ ਕਹੋ ਇੱਕ ਵਾਰ ਮੂੰਹ ਤਾਂ ਦਿਖਾਏ ਆ ਕੇ। ਕਿੰਨੀ ਕਿੰਨੀ ਦੇਰ ਆਂਵਦਾ ਹੀ ਨਹੀਂ।"

ਇਹ ਗੱਲ ਭਾਈ ਸਾਹਿਬ ਨੇ ਬਾਬੇ ਨੂੰ ਦੱਸੀ ਤਾਂ ਬਾਬਾ ਜੀ ਬੋਲੇ, "ਕੀ ਕਰੀਏ ਭਾਈ ਜੀ। ਅਸਾਥੋਂ ਬੇਬੇ ਨਾਨਕੀ ਦਾ ਆਖਾ ਫੇਰਿਆ (ਮੋੜਿਆ) ਨਹੀਂ ਜਾਂਦਾ। ਉਹ ਕਈ ਜਨਮਾਂ ਦੀ ਭੈਣ ਆਹੀ। ਚਲੋ ਚੱਲੀਏ।"

ਘਰ ਪੁੱਜੇ ਬੀਬੀ ਖੁਸ਼ ਹੋ ਕੇ ਬੋਲੀ, "ਭਾਈ ਫੁਰਮਾਇਸ਼ਾਂ ਕਰੋ। ਸੋ ਨਿਸੰਗ ਕਰੋ। ਪਰ ਸਾਡੇ ਪਾਸ ਰਹਵੋ।" ਬਾਬੇ ਨੇ ਕਿਹਾ, "ਤੁਸਾਂ ਦੇ ਪਾਸ ਆਹੇ। ਜਿਤ ਵੇਲੇ ਯਾਦ ਕਰੋ ਤਿਤੈ ਹਾਜ਼ਰ ਆਹੇ।"

ਬੀਬੀ ਨੇ ਭਾਈ ਮਰਦਾਨਾਂ ਜੀ ਨੂੰ ਪੈਸੇ ਫੜਾਉਂਦਿਆਂ ਕਿਹਾ, "ਭਾਈ, ਸਰਫਾ ਨਹੀਂ ਕਰਨਾਂ। ਜੇਹੀ ਖੁਸ਼ੀ ਆਵੈ ਤੇਹੀ ਰਬਾਬ ਲੈਣੀ।" ਭਾਈ ਮਰਦਾਨਾਂ ਜੀ ਕਈ ਦਿਨ ਰਬਾਬ ਦੀ ਤਲਾਸ਼ ਕਰਦੇ ਇਧਰ ਓਧਰ ਫਿਰਦੇ ਰਹੇ ਪਰ ਉਨ੍ਹਾਂ ਨੂੰ ਆਪਣੀ ਪਸੰਦ ਦੀ ਰਬਾਬ ਨਹੀਂ ਮਿਲੀ। ਬਾਬੇ ਪਾਸ ਆਏ ਤਾਂ ਗੁਰੂ ਜੀ ਨੇ ਕਿਹਾ, "ਭਾਈ ਦੂੰਹ ਨਦੀਆਂ ਦੇ ਵਿਚਾਰ ਜੱਟਾਂ ਦਾ ਪਿੰਡ ਹੈ ਤਿਸਦਾ ਨਾਮ ਹੈ ਆਸਕਪੁਰ। ਉਸ ਪਿੰਡ ਵਿੱਚ ਇੱਕ ਰਬਾਬੀ ਰਹਿੰਦਾ ਹੈ। ਫਿਰੰਦਾ ਤਿਸ ਦਾ ਨਾਮ ਹੈ। ਫੇਰੂ ਭੀ ਕਹਿੰਦੇ ਹਨ ਹਿੰਦੂ ਹੈ, ਉਥੋਂ ਜਾਇਕੇ ਸਾਡਾ ਨਾਮ ਲਵੀਂ।"

ਭਾਈ ਮਰਦਾਨਾਂ ਜੀ ਨੇ ਅਸ਼ਕਪੁਰ ਪਿੰਡ ਲੱਭ ਲਿਆ ਤੇ ਫਿਰੰਦੇ ਨੂੰ ਘਰ ਨਹੀਂ ਮਿਲਿਆ। ਰਬਾਬ ਦਾ ਸਵਾਲ ਪਾਇਆ ਤਾਂ ਫਿਰੰਦਾ ਬੋਲਿਆ, "ਅਜੇ

ਤਿਆਰ ਨਹੀਂ। "ਭਾਈ ਮਰਦਾਨਾਂ ਜੀ ਨੇ ਇਸ਼ਾਰਾ ਕਰਕੇ ਕਿਹਾ- ਅਹੁ ਪਈ ਤਾਂ ਹੈ ਭਾਈ ਜੀ। " ਫਿਰੰਦਾ ਬੋਲਿਆ, "ਉਹ ਨਹੀਂ ਦੇ ਸਕਦਾ। ਉਹ ਤੁਸਾਂ ਦੇ ਕੰਮ ਦੀ ਨਹੀਂ। " ਭਾਈ ਮਰਦਾਨਾਂ ਬੋਲੇ- ਕੀ ਨੁਕਸ ਹੈ ਇਸ ਵਿੱਚ ਭਾਈ? ਫਿਰੰਦੇ ਨੇ ਕਿਹਾ, "ਇੱਕ ਫਕੀਰ ਦਾ ਨਾਮ ਹੈ ਨਾਨਕ। ਸੁਣਿਆ ਹੈ ਇਹ ਨਾਮ ਕਦੀ? ਬੜੀ ਮੱਸਕਤ ਨਾਲ ਇਹ ਰਬਾਬ ਤਿਨ੍ਹਾਂ ਲਈ ਬਣਾਈ ਹੈ?"

ਭਾਈ ਮਰਦਾਨਾਂ ਜੀ ਬੋਲੇ, "ਕਿੰਨੇ ਕੁ ਦੀ ਹੋਵੇਗੀ ਇਹ ਰਬਾਬ ਭਾਈ?"

ਭਾਈ ਫਿਰੰਦਾ ਨੇ ਕਿਹਾ, "ਦੀਦਾਰ। ਇਸ ਦੀ ਕੀਮਤ ਤਿਨ੍ਹਾਂ ਦੇ ਦੀਦਾਰ ਜਿੰਨੀ ਹੈ। ਕਦੇ ਮੇਲ ਨਸੀਬ ਹੋਵੇ, ਤਿਨ੍ਹਾਂ ਦੇ ਚਰਨਾਂ ਵਿੱਚ ਰੱਖਾਂ। "

ਭਾਈ ਮਰਦਾਨਾਂ ਜੀ ਨੇ ਪੁੱਛਿਆ, "ਜੀ ਇੱਕ ਵਾਰ ਵਜਾ ਕੇ ਬੀ ਦੇਖਾਂ?"

ਭਾਈ ਫਿਰੰਦੇ ਨੇ ਕਿਹਾ, "ਨਾਂਹ ਭਾਈ। ਛੂਹਣੀ ਭੀ ਨਹੀਂ। ਕਿਸੇ ਹੋਰ ਅੱਗੇ ਨਹੀਂ ਵਜਾਉਣੀ ਇਹ। ਇਹ ਠਾਣ ਰੱਖੀ ਹੈ ਦਿੱਲ ਵਿੱਚ ਅਸਾਂ। ਹੋਵਗੁ ਮੇਲਾ ਕਦੀ ਸਾਡਾ ਭੀ। "

ਤਦ ਭਾਈ ਮਰਦਾਨਾਂ ਜੀ ਨੇ ਆਪਣੇ ਬਾਬਤ ਦੱਸਿਆ। ਫਿਰੰਦਾ ਖੁੱਸ਼ ਹੋ ਕੇ ਕਹਿਣ ਲੱਗਾ, "ਫਿਰ ਬੈਠਣਾਂ ਕਾਸ ਲਈ? ਸਾਨੂੰਝਬਦੇ ਤਿਨ੍ਹਾਂ ਪਾਸ ਲੈ ਚੱਲ। "

ਦੋਵੇਂ ਬਾਬਾ ਜੀ ਪਾਸ ਆਏ। ਪ੍ਰਸੰਨ-ਚਿੱਤ ਹੋ, ਬਾਬੇ ਨੇ ਭਾਈ ਜੀ ਨੂੰ ਰਬਾਬ ਵਜਾਉਣ ਲਈ ਕਿਹਾ। ਭਾਈ ਨੇ ਕਿਹਾ, "ਜੀ ਥਾਟ ਬਣਾਂ ਲਵਾਂ। " ਬਾਬੇ ਨੇ ਕਿਹਾ, "ਆਪੇ ਬਣਦੇ ਰਹਿਣਗੇ ਥੌਂਟ॥ ਸ਼ੁਰੂ ਤਾਂ ਕਰੋ। " ਮਰਦਾਨੇ ਨੇ ਅੱਲਾਹ ਦਾ ਨਾਮ ਲੈ ਕੇ ਰਬਾਬ ਦਾ ਵਾਦਨ ਸ਼ੁਰੂ ਕੀਤਾ ਤਾਂ ਹਾਜ਼ਰ ਸਭ ਲੋਕਾਂ ਉਪਰ ਵਿਸਮਾਦਤਾਰੀ ਹੋਇਆ ਬਾਬਾ ਜੀ ਪ੍ਰਸੰਨ ਹੋ ਕੇ ਭਾਈ ਮਰਦਾਨਾਂ ਜੀ ਨੂੰ ਅਸੀਸ ਦਿੱਤੀ, "ਤੁਸਾਂ ਨੂੰ ਭਾਈ ਤਾਰ ਦਾ ਗੁਣ ਬਖਸ਼ਿਆ। ਇਹ ਅੱਗੇ ਵੇਚਣਾਂ ਨਾਹੀਂ। ਕੇਸਾਂ ਦੀ ਬੇਅਦਬੀ ਨਹੀਂ ਕਰਨੀ। ਅੰਮ੍ਰਿਤ ਵੇਲੇ ਉੱਠ ਕੇ ਬੰਦਗੀ ਕਰਨੀ ਤੇ ਦਰ ਆਏ ਸਵਾਲੀ ਨੂੰ ਨਰਾਜ਼ ਨਹੀਂ ਮੋੜਨਾਂ। "

ਅਗਲੇ ਦਿਨ ਬਾਬੇ ਨੇ ਭਾਈ ਮਰਦਾਨਾਂ ਜੀ ਨੂੰ ਪਰਦੇਸ ਚੱਲਣ ਲਈ ਕਿਹਾ ਤਾਂ ਉਹ ਪਿਛਲਿਆਂ ਦਾ ਫਿਕਰ ਮੁੜ ਕਰਨ ਲੱਗੇ। ਬਾਬੇ ਕਹਿਆ, "ਠੀਕ ਹੈ ਭਾਈ ਜੀ ਤਲਵੰਡੀ ਵਿੱਚ ਖੁਸ਼ੀਆਂ ਹਨ, ਖੇੜੇ ਹਨ, ਮੌਜਾਂ ਹਨ। ਸਾਡੇ ਪਾਸ ਨੰਗ ਭੁੱਖ ਹਾਈ। ਜਾਓ ਭਾਈ। ਤੁਸੀਂ ਤਲਵੰਡੀ ਜਾਉ। ਬੇਬੇ ਨੂੰ ਦੱਸ ਜਾਵਣਾ। "

ਭਾਈ ਮਰਦਾਨਾਂ ਬੀਬੀ ਨਾਨਕੀ ਜੀ ਦੇ ਘਰ ਗਏ। ਦੱਸਿਆ ਕ ਬਾਬਾ ਦੂਰ ਦੇਸੀਂ ਚੱਲਿਆ ਹੈ ਤੇ ਵਰ੍ਹਿਆਂ ਬਾਅਦ ਪਰਤੇਗਾ। ਫਿਰ ਦੱਸਿਆ ਕਿ ਮੈਂ ਵਾਪਸ ਤਲਵੰਡੀ ਚੱਲਿਆਂ ਹਾਂ। ਬੀਬੀ ਦੀਆਂ ਅੱਖਾਂ ਵਿੱਚੋਂ ਹੰਝੂਆਂ ਦੀਆਂ ਧਾਰਾਂ ਵਗ ਪਈਆਂ। ਉਨ੍ਹਾਂ ਦਾ ਆਪਣੇ ਆਪ ਉੱਪਰ ਕਾਬੂ ਨਾਂ ਰਿਹਾ। ਪਤੀ ਭਾਈ ਜੈ ਰਾਮ ਜੀ ਆ ਗਏ। ਇਸ ਪ੍ਰਕਾਰ ਦੀ ਹਾਲਤ ਦੇਖ ਕੇ ਬੋਲੇ, "ਏਹ ਕੀ ਹੋਇਆ ਨਾਨਕੀ ਜੀ? ਅਸੀਂ ਜਦੋਂ ਭਟਕਦੇ, ਤੁਸੀਂ ਸਾਨੂੰ ਉਪਦੇਸਦੇ। ਹੁਣ ਤੁਸੀਂ ਜੁ ਡੋਲੇ ਹੋ ਤਾਂ ਸਾਡਾ ਕੀ ਬਣੇ? ਇੰਜ ਨਾਂ ਕਰੋ ਜੀ। " ਬੀਬੀ ਨੇ ਆਖਿਆ, "ਭਾਈ ਮਰਦਾਨਾਂ ਨਾਲ ਹੁੰਦੇ ਸਾਨੂੰ ਫਿਕਰ ਕਦੀ ਰਾਈ ਦਾ ਨਾਂਹ ਸੀ। ਹੁਣ ਦਿੱਲ ਨਹੀਂ ਥੰਮਦਾ। " ਭਾਈ ਜੈ ਰਾਮ ਜੀ ਕਹਿਣ ਲੱਗੇ, " ਭਾਈ ਮਰਦਾਨਾਂ ਨਾਲ ਜਾਣਗੇ। ਭਾਈ ਜੀ ਤੁਸੀਂ ਨਾਲ ਰਹੋ ਜੀ। ਤੁਸਾਂ ਦਾ ਜੋੜ ਵਿਛੜਨਾਂ ਸੋਭਦਾ ਨਹੀਂ। ਪਿੱਛੇ ਦਾ ਫਿਕਰ ਨਾਂਹ ਕਰਨਾਂ। ਤੁਸਾਂ ਦੇ ਬਾਲ ਬੱਚੇ ਹੋਏ। ਸਿਰੀ ਚੰਦ ਭੀ ਤਾਂ ਅਸਾਂ ਆਪਣੇ ਪਾਸ ਰੱਖ ਲਿਆ ਹੈ। ਤਲਵੰਡੀ ਅਸੀਂ ਜਾਵਾਂਗੇ। ਤੁਸਾਂ ਨਾਨਕ ਜੀ ਨਾਲ ਜਾਵਣਾ। "

ਭਾਈ ਮਰਦਾਨਾਂ ਜੀ ਮੰਨ ਗਏ। ਰਬਾਬ ਉਠਾਈ ਤੇ ਬਾਬਾ ਜੀ ਪਾਸ ਪਿੰਡ ਬਾਹਰ ਜਾ ਪੁੱਜੇ। ਕਹਿਆ, "ਮੈਂ ਤੁਸਾਂ ਦੇ ਨਾਲ ਚੱਲਾਂਗਾ ਬਾਬਾ। " ਗੁਰੂ ਜੀ ਨੂੰ ਬੜੀ ਖੁਸ਼ੀ ਹੋਈ। ਤੁਰਨ ਤੋਂ ਪਹਿਲਾਂ ਭਾਈ ਮਰਦਾਨਾਂ ਜੀ ਕਹਿਣ ਲੱਗੇ, "ਬੇਬੇ ਨੂੰ ਮਿਲ ਕੇ ਫੇਰ ਚੱਲਣਾਂ ਹੈ। " ਬਾਬੇ ਨੇ ਕਿਹਾ, "ਤੇਰਾ ਆਖਾ ਮੋੜਨਾਂ ਨਾਹੀ ਭਾਈ। ਤੇਰੇ ਤੱਕ ਸਾਨੂੰ ਵੱਡਾ ਕੰਮ ਹੈ। "

ਘਰ ਪੁੱਜੇ ਤਾਂ ਝੁੱਕ ਕੇ ਬੀਬੀ ਨੇ ਬਾਬੇ ਦੇ ਚਰਨੀਂ ਹੱਥ ਲਾਉਣੇ ਚਾਹੇ। ਦੁਹਾਂ ਹੱਥਾਂ ਵਿੱਚ ਬੀਬੀ ਦਾ ਮੱਥਾ ਥੰਮ੍ਹ ਲਿਆ। ਕਹਿਣ ਲੱਗੇ, "ਮੈਂ ਏਸ ਕਰਕੇ ਤੁਸਾਂ ਦੇ ਪਾਸ ਆਂਵਦਾ ਹਾਂ ਜੁ ਮੱਥਾ ਟਿਕਾਵਾਂ? ਬੇਬੇ ਤੂੰ ਅਸਾਥੋਂ ਵੱਡੀ ਹੈਂ ਅਰੁ ਪਰਮੇਸਰ ਦੀ ਪਿਆਰੀ ਬੀ। ਤੇਰਾ ਮੇਰਾ ਸਬੰਧ ਜੁਗਾਂ ਦਾ ਹੈ। ਹੁੰਦਾ ਆਇਆ ਹੈ। ਤੂੰ ਜੋ ਪੈਰਾਂ ਵੱਲ ਦੇਖਦੀ ਹੈ ਤਾਂ ਸਾਨੂੰ ਵੱਡਾ ਅਵਗੁਣ ਲੱਗਦਾ ਹੈ।

ਬੀਬੀ ਕਿਹਾ, "ਭਲਾ ਹੈ ਭਾਈ। ਜਿਉਂ ਤੁਸੀਂ ਰਾਜੀ ਤਿਉਂ ਅਸੀਂ ਰਾਜੀ। ਪਰ ਸੱਚ ਇਹ ਹੈ ਜੋ ਤੁਸਾਂ ਨੂੰ ਭਰਾਉ ਕਰਕੇ ਨਹੀਂ ਜਾਣਦੀ। ਪਰਮੇਸਰ ਕਰਕੇ ਜਾਣਦੀ ਹਾਂ। ਭਾਈ ਮਰਦਾਨੇ ਨੂੰ ਸਫਰ ਵਾਸਤੇ ਪੈਸੇ ਆਪ ਦਿੱਤੇ ਸਨ। ਖੁਸ਼ੀ ਨਾਲ। ਇਹ ਮੋੜੇ ਕਿਉਂ ਹਨ?"

ਬਾਬੇ ਨੇ ਕਿਹਾ, "ਤੂੰ ਪਰਮੇਸਰ ਕੀ ਭਗਤਣੀ ਹੈ ਅਰ ਸਾਡੇ ਤੋਂ ਵੱਡੀ। ਵੱਡਿਆਂ ਦਾ ਆਖਾ ਪਰਮੇਸਰ ਸੁਣਦਾ ਹੈ ਅਰ ਮੰਨਦਾ ਹੈ। ਪੈਸੇ ਨਾ ਦਿਉ। ਅਸਾਂ ਨੂੰ ਆਪਣੇ ਮੁਖਉਂ ਕਰਤਾਰ ਪਾਸ ਸਉਂਪ ਛੋਡਉ। ਜਾਣਾ ਹੈ

ਅਸਾਂ। ਆਪ ਭੇਜਉ। "

ਬੀਬੀ ਨੇ ਆਖਿਆ, "ਏਥੇ ਸਉ ਤਾਂ ਧੀਰਜ ਸਾਈ। ਖਰਾ ਧਰਵਾਸ ਸਾਈ। ਮਿਲ ਜਾਇਆ ਕਰੋਗੇ ,ਉਦਾਸ ਨਾਂ ਹੋਵਾਂਗੀ। ਅਰਿ ਜੇ ਤੂੰ ਦੇਰ ਕਰੇਂਗਾ ਭਾਈ ਤਾਂ ਹਉਂ ਤੁਧੁ ਬਿਣ ਖਰੀ ਓਧਰ ਜਾਵਾਂਗੀ। ਪਰ ਸਾਡਾ ਵੱਸ ਕਿਆ ਹੈ? ਸੋ ਹੋਵੇਗਾ ਜੋ ਤੁਸਾਂ ਨੂੰ ਭਾਵੈਗਾ। ਭਾਈ ਰਜਾਇ ਤੁਸਾਡੀ ਚਲੇਗੀ। ਸਾਡਾ ਕਿਆ ਜੋਰੁ?"

ਪਹਿਲੋਂ ਬਾਬੇ ਨੇ ਫਿਰ ਭਾਈ ਮਰਦਾਨਾਂ ਜੀ ਨੇ ਬੀਬੀ ਨਾਨਕੀ ਦੇ ਚਰਨ ਛੂਹੇ। ਸੇਜਲ ਅੱਖਾਂ ਨਾਲ ਵਿਦਾ ਕਰਦਿਆਂ ਬੀਬੀ ਨੇ ਕੇਵਲ ਦੋ ਸ਼ਬਦ ਕਹੇ-"ਪਰਮੇਸਰ ਰੱਖੇ। " ਦੋਵੇਂ ਤੇਜ ਕਦਮੀ ਸੁਲਤਾਨਪੁਰ ਦੀ ਜੂਹ ਵਿੱਚੋਂ ਨਿਕਲ ਗਏ।

ਸਿਧਾਰਥ ਨਾਲੋਂ ਇੰਨਾਂ ਫਰਕ ਰਿਹਾ ਕਿ ਯੁਵਰਾਜ ਜਿਨ੍ਹਾਂ ਨੂੰ ਪਿਆਰ ਕਰਦਾ ਸੀ, ਉਨ੍ਹਾਂ ਤੋਂ ਚੋਰੀ ਵਿਛੜਿਆ। ਜਿਸ ਨੂੰ ਸੱਭ ਤੋਂ ਵੱਧ ਪਿਆਰ ਕੀਤਾ, ਬਾਬੇ ਨੇ ਉਸ ਪਾਸੋਂ ਆਗਿਆ ਮੰਗੀ, ਫਿਰ ਗਿਆ।

ਤੁਰਦਿਆਂ ਤੁਰਦਿਆਂ ਬੜੇ ਦੇਸ ਦੇਖੇ। ਕਦੀ ਜੰਗਲ ਆ ਗਏ ਹਨ ਅਤੇ ਕਦੀ ਪਹਾੜੀਆਂ, ਕਦੀ ਦਰਿਆ, ਕਦੀ ਰੇਗਿਸਤਾਨ। ਇੱਕ ਥਾਂ ਭਾਈ ਮਰਦਾਨਾਂ ਜੀ ਨੂੰ ਪਿਆਸ ਲੱਗੀ। ਕਹਿਣ ਲੱਗੇ, "ਬਾਬਾ ਤੁਰਿਆ ਨਹੀਂ ਜਾਂਦਾ ਹੋਰ। ਪਾਣੀ ਪਿਲਾ। ਕਿਧਰ ਹੈ ਪਾਣੀ?" ਬਾਬੇ ਨੇ ਕਿਹਾ, "ਇਨ੍ਹਾਂ ਦੇਸ਼ਾਂ ਵਿੱਚ ਅਸੀਂ ਕਿਹੜਾ ਕਈ ਬਾਰ ਆਏ ਹਾਂ? ਸਾਨੂੰ ਭੀ ਪਾਣੀ ਦਾ ਕੀ ਪਤਾ ਲਗੇ?" ਤੱਦ ਭਾਈ ਸਾਹਿਬ ਬੋਲੇ, "ਜੀ ਤਾਂ ਭੀ ਤੁਸੀਂ ਹੀ ਦੱਸੋਗੇ। ਅਸਾਂ ਨਿਮਾਣਿਆਂ ਦਾ ਆਸਰਾ ਤੁਸੀਂ ਹੀ ਹੋ ਜੀ। " ਬਾਬੇ ਨੇ ਕਿਹਾ, " ਅਹੁ ਦੇਖ ਮਰਦਾਨਿਆਂ॥ ਗਿੱਦੜਾਂ ਦੀ ਡਾਰ ਜਾਂਵਦੀ ਦੇਖ। ਜੀਭਾਂ ਬਾਹਰ ਹਨ। ਪਿਆਸੇ ਸਨ। ਇਨ੍ਹਾਂ ਨੂੰ ਪਤਾ ਹੈ ਜੁ ਪਾਣੀ ਕਿੱਥੇ ਹੈ? ਤਿਨ੍ਹਾਂ ਦੇ ਪਿੱਛੇ ਪਿੱਛੇ ਚੱਲੀਏ। " ਇਵੇਂ ਹੀ ਹੋਇਆ। ਕੁੱਝ ਦੂਰੀ ਤੇ ਤਲਾਬ ਉੱਪਰ ਪੁੱਜ ਗਏ। ਗਿੱਦੜਾਂ ਨੇ ਤਲਾਬ ਦਾ ਪਾਣੀ ਸੁੰਘਿਆ, ਬਿਨਾਂ ਪੀਤੇ ਅੱਗੇ ਦੂਜੇ ਤਲਾਬ ਵੱਲ ਚੱਲੇ ਗਏ ਜਿੱਥੇ ਪਾਣੀ ਪੀਤਾ। ਬਾਬਾ ਜੀ ਨੇ ਕਿਹਾ-ਆ। ਦੇਖ ਭਾਈ, ਇਸ ਤਲਾਬ ਦਾ ਪਾਣੀ ਪੀਣ ਯੋਗ ਨਹੀਂ। ਭਾਈ ਮਰਦਾਨਾਂ ਨੇ ਚੱਖ ਕੇ ਦੇਖਿਆ, ਕੌੜਾ ਸੀ। ਗੁਰੂ ਜੀ ਨੇ ਕਿਹਾ-ਜਾਨਵਰ ਬਿਨਾਂ ਚੱਖੇ ਜਾਣਦੇ ਹਨ ਕੀ ਖਾਣ ਯੋਗ ਹੈ ਕੀ ਪੀਣ ਯੋਗ ਹੈ। ਆਦਮੀ ਨੂੰ ਨਹੀਂ ਪਤਾ। ਅਗਲੇ ਤਲਾਬ ਵਿੱਚੋਂ ਪਾਣੀ ਪੀਤਾ ਤੇ ਇਸ਼ਨਾਨ ਕੀਤਾ।

ਥੱਕਦੇ ,ਭੁੱਖ ਤਰੇਹ ਲੱਗਦੀ ਤਾਂ ਭਾਈ ਮਰਦਾਨਾਂ ਬਾਰੇ ਅੱਗੇ ਇਸ ਪ੍ਰਕਾਰ ਅਰਜ਼ ਕਰਦੇ, "ਬਾਬਾ ਤੂੰ ਅਤੀਤ ਪੁਰਖ ਹੈਂ। ਨਾ ਤੈਨੂੰ ਭੁੱਖ ਸਤਾਏ ਨਾ ਤਰੇਹ। ਨਾਂ ਨੀਂਦ ਨਾਂ ਥਕਾਣ। ਮੈਂ ਸਾਧਾਂ ਬੰਦਾ ਹਾਂ ਬਾਬਾ। ਕਿਰਪਾਲੂ ਹੋਹ। ਜਾਂ ਮੈਨੂੰ ਆਪਣੇ ਜਿਹਾ ਅਤੀਤ ਕਰ। ਜੇ ਅਜਿਹਾ ਕਰਨਾਂ ਨਹੀਂ ਭਾਂਵਦਾ ਤਾਂ ਕੁੱਝ ਖਾਣ ਪੀਣ ਨੂੰ ਦੇਹ। " ਬਾਬਾ ਆਖਦਾ, "ਭਲਾ ਮੰਗਿਆ ਈ ਮਰਦਾਨਿਆਂ, ਭਲਾ ਮੰਗਿਆ ਈ। ਲੋਕ ਵਸਤਾਂ ਮੰਗਦੇ ਹਨ। ਤੂੰ ਸੰਤੋਖ ਮੰਗਦਾ ਹੈਂ। "

ਇੱਕ ਵਾਰ ਭਾਈ ਮਰਦਾਨਾਂ ਡਾਢੇ ਅਤੁਰ ਹੋ ਗਏ। ਕਹਿਣ ਲੱਗੇ, "ਬੱਸ ਬਾਬਾ ਹੋਰ ਨਹੀਂ ਤੁਰਿਆ ਜਾਂਦਾ ਅਸਾਂ ਥੋਂ। ਏਸ ਦਰਖਤ ਹੇਠ ਬੈਠ ਗਿਆ ਹਾਂ। ਖਾਣ ਨੂੰ ਕੁੱਝ ਮਿਲੇ ਤਾਂ ਤੁਰਾਂ। ਨਹੀਂ ਤਾਂ ਬੈਠਾ ਹਾਂ। " ਬਾਬਾ ਕਿਸੇ ਆਬਾਦੀ ਵੱਲ ਨਿਕਲ ਗਿਆ ਤੇ ਖਾਣ ਲਈ ਦੋਹਾਂ ਹੱਥਾਂ ਵਿੱਚ ਕੁੱਝ ਲਿਆਂਦਾ। ਭਾਈ ਮਰਦਾਨਾਂ ਜੀ ਆਪਣੇ ਦੋਵੇਂ ਹੱਥ ਅੱਗੇ ਫੈਲਾਏ ਤਾਂ ਬਾਬੇ ਨੇ ਗੋਡਿਆਂ ਭਾਰ ਹੋ ਕੇ ਕਿਹਾ, ਭਾਈ ਜੀ ਇਸ ਤਰ੍ਹਾਂ ਖਾਵੋ। ਸਾਡੇ ਹੱਥਾਂ ਵਿੱਚ ਹੀ ਛਕੋ। ਸਾਨੂੰ ਅਜਿਹਾ ਹੀ ਭਲਾ ਲੱਗਦਾ ਹੈ। " ਸਾਹਮਣੇ ਬੈਠ ਕੇ ਭਾਈ ਸਾਹਿਬ ਨੇ ਬਾਬੇ ਦੇ ਹੱਥਾਂ ਵਿੱਚੋਂ ਖਾਣਾਂ ਖਾ ਕੇ ਕਿਹਾ, "ਬੜਾ ਆਨੰਦ ਆਇਆ ਹੈ ਬਾਬਾ। ਏਨਾਂ ਸੁਵਾਦੀ ਭੋਜਨ ਕਦੇ ਨਹੀਂ ਖਾਧਾ। " ਬਾਬੇ ਨੇ ਕਿਹਾ, "ਉਥੇ ਤਾਂ ਹੋਰ ਇਸ ਤੋਂ ਭੀ ਵੱਧ ਸੁਆਦਲੇ ਪਕਵਾਨ ਪਏ ਸਨ। ਪਰ ਤੁਸੀਂ ਵਧੀਕ ਵਿਆਕੁਲ ਹੋ ਗਏ। ਸੋ ਮੈਂ ਝੱਬਦੇ ਜੋ ਸਾਹਮਣੇ ਦਿੱਸਿਆ, ਚੁੱਕਿਆ ਤੇ ਤਟਫਟ ਲੈ ਆਇਆ। ਧੀਰਜ ਰੱਖਦੇ ਹੋਰ ਭੀ ਸੁਆਦਲੇ ਪਕਵਾਨ ਲੈ ਆਉਂਦਾ। " ਯਾਤਰਾ ਵਿੱਚੋਂ ਦੀ ਬੀਬੀ ਸੁਲਤਾਨਪੁਰ ਮਿਲ ਜਾਂਦੇ ਤੇ ਫਿਰ ਵਾਪਸ ਪਰਦੇਸ ਨੂੰ ਚੱਲ ਪੈਂਦੇ। ਬੀਬੀ ਕੁੱਝ ਦਿਨ ਰੁੱਕਣ ਲਈ ਆਖਦੀ ਤਾਂ ਕਹਿੰਦੇ, "ਹਾਲੇ ਸਫਰ ਵਿੱਚ ਆਹੇ। ਤੂੰ ਰਸਤੇ ਵਿੱਚ ਆ ਖਲੋਈ। ਅਜੇ ਸਫਰ ਖਤਮ ਨਹੀਂ ਹੋਇਆ। ਸਾਡੇ ਰਾਹਵਾਂ ਵਿੱਚ ਵਧੀਕ ਨਾਂ ਖਲੋਇਆ ਕਰ। " ਇਹ ਆਖ ਕੇ ਮੱਥਾ ਟੇਕਦੇ ਫਿਰ ਤੁਰ ਪੈਂਦੇ।

ਸਿੱਖ ਦੇ ਮਨ ਵਿੱਚ ਗੁਰੂ ਬਾਬੇ ਦੀ ਇਕੱਲਿਆਂ ਦੀ ਤਸਵੀਰ ਕਦੀ ਨਹੀਂ ਆਉਂਦੀ। ਆ ਹੀ ਨਹੀਂ ਸਕਦੀ। ਰਬਾਬ ਮੋਢੇ 'ਤੇ ਲਟਕਾਈ ਉਹ ਅਨੰਤ ਦੇ ਸਫਰ ਵਿੱਚ ਨਾਲ-ਨਾਲ ਹਨ ਹਮੇਸ਼ਾਂ। ਇੱਕ ਪਾਸੇ ਭਾਈ ਬਾਲਾ ਦੂਜੇ ਪਾਸੇ ਮਰਦਾਨਾਂ।

ਸਾਖੀਆਂ ਵਿੱਚ ਕਈ ਰੌਚਕ ਦ੍ਰਿਸ਼ ਅਤਿ ਉੱਤਮ ਸਾਹਿਤ ਦੇ ਨਮੂਨੇ ਹਨ। ਉਹ ਗਰਮ ਅਤੇ ਖੁਸ਼ਕ ਮਾਰੂਥਲ ਵਿੱਚੋਂ ਦੀ ਲੰਘ ਰਹੇ ਹਨ। ਪੈਂਡਾ ਮੁੱਕਣ ਵਿੱਚ ਨਹੀਂ ਆ ਰਿਹਾ। ਸਾਖੀਕਾਰ ਲਿਖਦਾ ਹੈ-ਉੱਪਰ ਤਾਰੇ.....ਹੇਠਾਂ ਰੇਤ। ਹੋਰ ਕਿਤੇ ਕੁੱਝ ਨਹੀਂ ਸੀ। ਨਾਂ ਪਸ਼ੂ, ਨਾਂ ਪੰਖੀ, ਨਾਂ ਘਾਹ, ਨਾਂ ਰੁੱਖ। ਭਾਈ ਮਰਦਾਨਾਂ ਅਧੀਰ ਹੋ ਕੇ ਆਖਦੇ, "ਬਾਬਾ ਕਿਤੇ ਕੁੱਛ ਨਦਰਿ ਨਹੀਂ ਆਂਵਦਾ। ਜੇ ਦੇਸ ਦਾ

ਕਿਤੈ ਕੁੱਤਾ ਭੀ ਮਿਲੈ, ਤਿਸਦੇ ਹਉਂ ਗਲ ਲੱਗ ਕੇ ਰੋਵਾਂ।" ਬਾਬਾ ਜੀ ਆਖਦੇ, "ਇਨ੍ਹਾਂ ਮਾਰੂਥਲਾਂ ਵਿੱਚ ਤੱਦ ਆਏ ਹਾਂ ਭਾਈ ਜੁ ਨਾ ਕੋਈ ਕੁੱਤਾ ਲੱਗੈ ਨਾ ਭਉਂਕੈ।" ਫਿਰ ਭਾਈ ਮਰਦਾਨਾਂ ਜੀ ਆਖਦੇ, "ਕਿਥੇ ਮਾਰਿਆ ਈ, ਬਾਬਾ, ਇਥੇ ਤਾਂ ਗੋਰੇ ਭੀ ਗਏ {ਨਾ ਖੱਫਣ ਮਿਲੇਗਾ ਨ ਕਬਰ ਬਣੇਗੀ}" ਬਾਬਾ ਹੌਂਸਲਾ ਦਿੰਦਾ ਤੇ ਅਗਲੀ ਵਾਟ ਫੜਦੇ। ਕਈ ਮਹੀਨਿਆਂ ਦੇ ਸਫਰ ਪਿੱਛੋਂ ਆਬਾਦੀ ਆਈ। ਲੋਕਾਂ ਨੂੰ ਦੇਖ ਕੇ ਭਾਈ ਨੇ ਕਿਹਾ, "ਬਾਬਾ ਕਿਸ ਦੇਸ ਆ ਗਏ ਹਾਂ? ਇਨ੍ਹਾਂ ਲੋਕਾਂ ਨੂੰ ਨਾ ਸਾਡੀ ਬੋਲੀ ਦੀ ਸਮਝ। ਨਾ ਸਾਨੂੰ ਇਨ੍ਹਾਂ ਦੀ ਬੋਲੀ ਦੀ ਕੋਈ ਸਮਝ। ਕਉਣ ਦੇਸ ਹੈ ਇਹ?" ਬਾਬੇ ਨੇ ਦੱਸਿਆ, "ਸਉਰਾਸਟਰ ਆ ਗਿਆ ਹੈ ਭਾਈ। ਇਥੋਂ ਦੇ ਲੋਕਾਂ ਨੂੰ ਤੁਸਾਂ ਦੀ ਬੋਲੀ ਭਲੀ ਸਮਝ ਆਉਂਦੀ ਹੈ। ਸੋਰਠ ਰਾਗ ਇਸੇ ਦੇਸ ਦਾ ਰਾਗ ਹੋਇਆ। ਲਿਆ ਮਰਦਾਨਿਆਂ, ਰਬਾਬ ਉਠਾ। ਸੋਰਠ ਛੇੜ। ਇਨ੍ਹਾਂ ਦੀ ਬੋਲੀ ਵਿੱਚ ਗੱਲਾਂ ਕਰੀਏ। ਸਮਝੀਏ ਤੇ ਸਮਝਾਈਏ ਸੋਰਠ ਗਾਈਏ।"

ਸਾਖੀਕਾਰ ਨੇ ਇੱਕ ਸ਼ਬਦ 'ਸਾਜ਼ਸ਼' ਵਰਤਿਆ ਹੈ। ਰੱਬ ਦੇ ਪ੍ਰਸੰਗ ਵਿੱਚ ਇਸ ਦੀ ਵਰਤੋਂ ਅਸਲੋਂ ਨਵੀਂ ਹੈ। ਲਿਖਿਆ ਹੈ, "ਗੁਰੂ ਬਾਬਾ ਬਿਸਮਾਦਿ ਹੋਇ ਗਇਆ ਪਰਮੇਸਰ ਦੀ ਸਾਜ਼ਸ਼ ਦੇਖਿ ਕਰਿ। ਪਰਮੇਸਰ ਬੁਲਾਇ ਕਰ ਦਰਸਨੁ ਦੀਆਂ। ਕਹਿਆ, "ਹੇ ਨਾਨਕ ਤੂ ਕਿਉਂ ਕਰਿ ਬਿਸਮਾਦਿ ਹੋਇ ਰਹਿਆ ਹੈ?" ਬਾਬੇ ਨਮਸਕਾਰ ਕਰਿ ਕਹਿਆ, "ਐ ਸਿਰਜਣਹਾਰ! ਜੀ ਮੈਂ ਤੇਰੀ ਸਾਜ਼ਸ਼ ਦੇਖ ਕਰਿ ਹੈਰਾਨ ਹੋਇ ਗਇਆ ਹਾਂ।" ਪਰਵਰਦਗਾਰ ਹੱਸ ਕਰ ਕਹਿਆ- "ਐ ਨਾਨਕ ਜੇਹੀ ਸਾਜ਼ਸ਼ ਦੇਖੀ ਤੈਸੀ ਕਹੁ।" ਤਬ ਬਾਬੇ ਬਸੰਤ ਹਿੰਡੋਲ ਗਾਇਆ। ਬਸੰਤ ਵਿੱਚ ਵਧੀਕ ਸਾਜ਼ਸ਼ ਹੋਈ।

ਕਿਸੇ ਨੇ ਪੁੰਨਦਾਨ ਕਰਨ ਹਿੱਤ ਲੰਗਰ ਲਾਇਆ ਹੋਇਆ ਸੀ ਤੇ ਰਸਤਿਆਂ ਉੱਪਰ ਸੇਵਾਦਾਰ ਖਲੋਤੇ, ਜਾਂਦੇ ਰਾਹੀਆਂ ਨੂੰ ਬੇਨਤੀ ਕਰਦੇ ਕਿ ਲੰਗਰ ਛਕ ਕੇ ਜਾਉ। ਭਾਈ ਮਰਦਾਨਾਂ ਜੀ ਨੇ ਬਾਬੇ ਤੋਂ ਪ੍ਰਸ਼ਾਦ ਛੱਕਣ ਦੀ ਆਗਿਆ ਮੰਗੀ ਤਾਂ ਬਾਬਾ ਜੀ ਨੇ ਕਿਹਾ-ਤੁਸਾਨੂੰ ਪਤਾ ਹੈ ਭਾਈ ਇਸ ਲੰਗਰ ਦੀ ਹਕੀਕਤ ਕੀ ਹੈ? ਭਾਈ ਮਰਦਾਨਾਂ ਜੀ ਨੇ ਕਿਹਾ- ਜੀ ਹਕੀਕਤ ਕਿਤੇ ਦਉੜੀ ਤਾਂ ਜਾਂਦੀ ਨਹੀਂ। ਤੁਸਾਂ ਪਾਸ ਰਹੀ, ਤੁਸਾਂ ਪਾਸ ਹੀ ਰਹੇਗੀ। ਪਹਿਲਾਂ ਲੰਗਰ ਛੱਕਦੇ ਹਾਂ ਫਿਰ ਹਕੀਕਤ ਦੇਖ ਲਾਂਗੇ।

ਬਾਬਾ ਜੀ ਮੁਸਕਾਂਦਿਆਂ ਕਿਹਾ- ਠੀਕ ਹੈ ਭਾਈ। ਪਰ ਅਸਾਂ ਅਸੀਸ ਨਹੀਂ ਦੇਣੀ। ਜਾਉ ਲੰਗਰ ਛਕ ਆਉ। ਵਾਪਸੀ 'ਤੇ ਦੱਸਿਆ ਕਿ ਇਹ ਨਵਜਾਤ ਬੱਚਾ ਮਾਪਿਆਂ ਤੋਂ ਕਰਜ਼ਾ ਵਸੂਲਣ ਆਇਆ ਹੈ। ਜੇ ਤੁਸੀਂ ਲੰਮੀ ਉਮਰ ਦੀ ਅਸੀਸ ਦਿੰਦੇ ਤਾਂ ਕਰਤਾਰ ਦੀ ਰਜ਼ਾ ਵਿੱਚ ਵਿਘਨ ਪੈਣਾਂ ਸੀ।

ਇੱਕ ਦਿਨ ਭਾਈ ਮਰਦਾਨਾਂ ਜੀ ਨੇ ਪੁੱਛਿਆ-ਬਾਬਾ ਜੀ ਕਿੰਨੇ ਬਰਸ ਹੋ ਗਏ ਹੋਣਗੇ ਤਲਵੰਡੀਓ ਆਪਾਂ ਨੂੰ ਚੱਲਿਆ? ਉੱਤਰ-ਭਾਈ ਗਿਣਤੀਆਂ ਨਹੀਂ ਕਰਨੀਆਂ। ਇੱਕ ਦਿਨ ਫੇਰ ਪੁੱਛ ਲਿਆ-ਬਾਬਾ ਜੀ ਕਿੰਨੇ ਹਜ਼ਾਰ ਕੋਸ ਹੋਵੇਗਾ ਆਪਣਾਂ ਪਿੰਡ ਇਥੋਂ? ਬਾਬਾ ਜੀ ਨੇ ਕਿਹਾ-ਅੱਗੇ ਵੀ ਕਿਹਾ ਸੀ ਭਾਈ, ਕਿ ਗਿਣਤੀਆਂ ਨਹੀਂ ਕਰਨੀਆਂ।

ਉਹ ਸਮੇਂ ਅਤੇ ਸਥਾਨ ਦੀਆਂ ਗਿਣਤੀਆਂ ਤੋਂ ਪਾਰ ਸਨ। ਇੱਕ ਅਨੰਤ ਤੋਂ ਬਾਅਦ ਉਹ ਅਗਲਾ ਅਨੰਤ ਸਨ।

ਦੋਹਾਂ ਬਾਬਿਆਂ ਵਿਚਕਾਰ ਮਿੱਤਰਾਂ ਦੀ ਸਾਂਝ ਵਾਲੀਆਂ ਗੱਲਾਂ ਹੁੰਦੀਆਂ। ਬੈਠਿਆਂ ਬੈਠਿਆਂ ਭਾਈ ਸਾਹਿਬ ਭਾਈ ਸਾਹਿਬ ਨੇ ਇੱਕ ਦਿਨ ਬਾਬੇ ਦੇ ਚਰਨ ਛੂਹੇ ਤਾਂ ਬਾਬਾ ਜੀ ਨੇ ਕਿਹਾ, "ਐ ਮਰਦਾਨਿਆਂ ਤੂੰ ਅੱਜ ਕਿਉਂ ਪੈਰੀਂ ਪਵਦਾ ਹੈਂ?" ਭਾਈ ਸਾਹਿਬ ਨੇ ਕਿਹਾ, "ਜੀ ਤੂੰ ਜਗਤ ਕਰਤਾ। ਤੂੰ ਪਰਮੇਸਰ ਹੈ। ਤੇਰੀ ਕੀਮਤ ਤੂਹੇ ਜਾਣਹਿ। ਤੂੰ ਹੈਂ ਸਿ ਪਰਮੇਸਰ ਹੈ।"

ਤਾਂ ਬਾਬੇ ਕਹਿਆ, "ਮਰਦਾਨਿਆਂ ਹਉਂ ਤੈਂਡੇ ਪਿੰਡ ਕੇ ਬੇਦੀਆਂ ਕਾ ਨਾਨਕ ਹਾਂ। ਭੁਲੇਖਾ ਨਾਹੀਂ। ਉਹੀ ਹਾਂ। ਹੋਰ ਕਿਛੁ ਨਹੀਂ।" ਤੱਦ ਮਰਦਾਨੇ ਗਾਇਆ।

"ਸਹੀ ਤਾਂ ਨਾਨਕ ਕਾਲੁਆਣ ਜਿਨਿ ਸਿਰੀ ਤਿਸਹੀ ਗੋਈ। ਤੁਧੁ ਜੇਵਡ ਪਰਮੇਸਰ ਹੋਇ ਤਾਂ ਹੋਈ।"

{ਸੱਚ ਹੈ ਕਲਿਆਣ ਰਾਇ ਦੇ ਬੇਟੇ ਨੇ ਆਪਣੀ ਸਾਜੀ ਸ੍ਰਿਸ਼ਟੀ ਨੂੰ ਫਿਰ ਗੁਨ੍ਹਣਾਂ ਸ਼ੁਰੂ ਕਰ ਦਿੱਤਾ। ਰੱਬ, ਤੇਰੇ ਜਿੱਡਾ ਹੋਵੇ, ਤਾਂ ਹੋਵੇ ਹੋਰ ਕੋਈ ਨਹੀਂ।}

ਬਾਬੇ ਕਹਿਆ, "ਮਰਦਾਨਿਆਂ, ਕਰਤਾਰ ਦਾ ਨਾਉਂ ਲਇ। ਏਦੂੰ ਅੱਗੇ ਹੋਰ ਨਹੀਂ ਆਖਣਾ। ਬਸ ਭਾਈ ਅਗੈ ਨਾਹੀ ਚਲਾਉਣਾਂ ਅੱਖਰ ਕੋਈ।"

ਗੋਲੀ, ਤੀਰ, ਤਲਵਾਰ ਆਦਿਕ ਹਥਿਆਰਾਂ ਦਾ ਚੱਲਣਾਂ ਸੁਣਿਆਂ ਸੀ, ਅੱਖਰ 'ਚਲਦਾ' ਹੁੰਦਾ ਹੈ, ਪਹਿਲੀ ਵਾਰ ਸਾਖੀ ਵਿੱਚ ਪੜ੍ਹਿਆ।

ਲੰਮੇਂ ਪੈਂਡੇ... ਦੂਰ ਦੇ ਦੇਸ... ਸਮਾਂ ਬੀਤਿਆ ਭਾਈ ਦਾ ਬਿਰਧ ਸਰੀਰ ਕਮਜ਼ੋਰ ਹੋ ਗਿਆ। ਅਫਗਾਨਿਸਤਾਨ ਦੀ ਸਰਹੱਦ ਨਾਲ ਵਗਦੇ ਕੁੱਰਮ ਦਰਿਆ ਕਿਨਾਰੇ ਥੱਕ ਗਏ ਤਾਂ ਸਹਾਰਾ ਦੇ ਕੇ ਬਾਬੇ ਜੀ ਉਨ੍ਹਾਂ ਨੂੰ ਰੁੱਖ ਹੇਠ ਲੈ ਗਏ ਤੇ ਲਿਟਾ ਦਿੱਤੇ। ਉਨ੍ਹਾਂ ਦਾ ਸਿਰ ਆਪਣੀ ਗੋਦ ਵਿੱਚ ਰੱਖ ਲਿਆ ਅਤੇ ਕਿਹਾ, "ਭਾਈ ਜੀ, ਘੜੀ ਆਉਣ ਵਾਲੀ ਹੈ ਜਦੋਂ ਤੁਸਾਂ ਸਾਡੇ ਪਾਸੋਂ ਚਲੇ ਜਾਣਾਂ ਹੈ। ਇਹ ਦੱਸੋ ਜੁ ਦਫਨਾਈਏ ਕਿ ਅਗਨੀ ਭੇਂਟ ਕਰੀਏ?" ਭਾਈ

ਜੀ ਚੁੱਪ ਰਹੇ। ਫਿਰ ਬਾਬਾ ਜੀ ਬੋਲੇ, "ਤੁਸੀਂ ਸਾਡੀ ਸੰਗਤ ਕੀਤੀ। ਕੋਈ ਯਾਦਗਰ ਬਣਾਂ ਦਈਏ?" ਖਾਮੋਸ਼ ਰਹੇ। ਫਿਰ ਬਾਬੇ ਨੇ ਪੁੱਛਿਆ, "ਯਾਦਗਰ ਹੇਤੂ ਮਸਜਿਦ ਉਸਾਰੀਏ ਕਿ ਧਰਮਸਾਲ?"

ਭਾਈ ਮਰਦਾਨਾਂ ਜੀ ਨੇ ਸਹਿਜੇ ਅੱਖਾਂ ਖੋਹਲੀਆਂ। ਕਿਹਾ, "ਹੱਡ ਮਾਸ ਦੀ ਕੈਦ ਵਿੱਚੋਂ ਕੱਢ ਕੇ ਇੱਟਾਂ ਚੂਨੇ ਦੀ ਕੈਦ ਵਿੱਚ ਕਿਵੇਂ ਪਾ ਸਕਦਾ ਹੈਂ ਬਾਬਾ?" ਜਾਣਦਾ ਹਾਂ, ਤੁਸੀਂ ਅਜਿਹਾ ਨਹੀਂ ਕਰਨ ਵਾਲੇ ਮਹਾਰਾਜ।"

ਬਾਬਾ ਨੇ ਕਿਹਾ- ਤਾਂ ਬੀ, ਭਾਈ ਜੀ ਖਾਲੀ ਹੱਥ ਨਹੀਂ ਜਾਣ ਦਿਆਂਗੇ। ਪ੍ਰੀਤ ਓੜਕ ਤੱਕ ਨਿਭਾਈ ਤੁਸਾਂ। ਜੋ ਮੰਗੋਗੇ ਮਿਲੇਗਾ। ਨਹੀਂ ਭੇਜਾਂਗੇ ਖਾਲੀ। ਅਸਾਂ ਬੀ ਫੈਸਲਾ ਹੈ।

ਭਾਈ ਜੀ ਨੇ ਕਿਹਾ, "ਬਾਬਾ ਤੂੰ ਖੁਦਾਇ ਦਾ ਡੂੰਮ। ਮੈਂ ਤੇਰਾ ਡੂੰਮ। ਤੈਂ ਖੁਦਾਇ ਦੇਖਿਆ। ਤੈਂ ਖੁਦਾਇ ਪਾਇਆ। ਤੇਰਾ ਕਹਿਆ ਖੁਦਾਈ ਮੰਨਦੀ। ਮੈਂ ਤੈਨੂੰ ਦੇਖਿਆ ਤੈਨੂੰ ਪਾਇਆ। ਅਰ ਮੇਰਾ ਕਹਿਆ ਤੂੰ ਮੰਨਦਾ ਹੈ। ਤੁਧ ਆਗੈ ਅਸਾਂ ਦੀ ਬੇਨਤੀ ਹੈ ਅੱਜ ਇੱਕ। ਅਸਾਂ ਨੂੰ ਬਿਛੋੜਨਾਂ ਨਾਹੀਂ ਆਪਣੇ ਨਾਲਹੁੰ। ਨਾਂ ਏਥੇ। ਨਾ ਉਥੈ।"

ਬਾਬੇ ਕਹਿਆ, "ਮਰਦਾਨਿਆਂ ਤੁਧ ਉਪਰ ਅਸਾਂ ਦੀ ਖਰੀ ਖੁਸੀ ਹੈ। ਜਿਥੇ ਤੇਰਾ ਵਾਸਾ ਤਿਤੈ ਮੇਰਾ ਵਾਸਾ।" ਤੱਦ ਇਹ ਕਮਾਲ ਫਕੀਰ ਧਰਤੀ ਉਪਰੋਂ ਰੁਖਸਤ ਹੋਇਆ। ਇਹ ਭਾਈ ਮਰਦਾਨਾਂ ਜੀ ਦੀ ਵਸੀਅਤ ਹੈ। ਇਸ ਵਸੀਅਤ ਉਪਰ ਗੁਰੂ ਜੀ ਦੇ ਹਸਤਾਖਰ ਹਨ ਤੇ ਸਾਖੀਕਾਰ ਇਸ ਵਸੀਅਤ ਦਾ ਅਹਿਲਮਦ ਹੈ।

ਪਿੰਡ ਪਤਾ ਲੱਗਦਾ ਗਿਆ ਕਿ ਬਾਬਾ ਨਗਰ ਪਰਤ ਆਇਆ ਹੈ। ਨਗਰ ਨਿਵਾਸੀ ਮਿਲਣ ਆਏ। ਭਾਈ ਮਰਦਾਨਾਂ ਜੀ ਦਾ ਬੇਟਾ ਸ਼ਾਹਜ਼ਾਦ ਆਇਆ। ਸ਼ਾਹਜ਼ਾਦ ਨੂੰ ਹਮੇਸ਼ਾਂ ਆਪਣੇ ਪਿਤਾ ਵਿਰੁੱਧ ਗਿਲ੍ਹਾ ਰਿਹਾ ਕਿ ਜੇ ਸਾਨੂੰ ਰਿਜਕ ਨਹੀਂ ਦੇਣਾਂ ਸੀ ਤਾਂ ਜੰਮਿਆਂ ਕਾਸ ਲਈ ਸੀ? ਅਸੀਂ ਭੁੱਖਣ ਭਾਣੇ ਲੋਕਾਂ ਦੇ ਦਰਾਂ ਵੱਲ ਤੱਕਦੇ, ਦਿਹਲੀਆਂ ਤੇ ਬੈਠੇ ਰਹਿੰਦੇ, ਅੱਬੂ ਦੁਨੀਆਂ ਦੀ ਸੈਰ ਕਰਦਾ ਰਿਹਾ। ਕਿਉਂ ਜੰਮਿਆਂ ਸੀ ਸਾਨੂੰ ਇਉਂ ਰੋਲਣ ਲਈ?

ਬਾਬੇ ਦੇ ਚਰਨੀਂ ਹੱਥ ਲਾਏ ਤੇ ਪਰੇ ਹਟਕੇ ਬੈਠ ਗਿਆ। ਨਾਲਦਿਆਂ ਨੂੰ ਪੁੱਛਿਆ-ਅੱਬੂ ਕਿਥੇ ਹਾਈ? ਕਿਸੇ ਨੂੰ ਪਤਾ ਨਹੀਂ ਸੀ। ਫਿਰ ਥੋੜ੍ਹੀ ਦੇਰ ਪਿੱਛੋਂ ਬਾਬਾ ਜੀ ਦੇ ਨਜ਼ਦੀਕ ਆਇਆ। ਪੁੱਛਿਆ, "ਅੱਬੂ ਕਿਥੇ ਹਾਈ। ਬਾਬਾ ਅਬੂ ਕਿਵੇਂ ਹਾਈ?" ਬਾਬਾ ਜੀ ਨੇ ਦੱਸਿਆ, "ਉਹ ਵਿਦਾਅ ਹੋ ਗਏ ਹਨ ਪੁੱਤਰ ਆਪਣੇ ਕੋਲਹੁੰ। ਆਪਣੇ ਘਰ ਚਲੇ ਗਏ ਹਨ। ਜਿਹੜੇ ਨਿੱਜ ਘਰ ਚਲੇ ਜਾਵਣ ਤਿਨ੍ਹਾਂ ਦਾ ਸੋਗ ਨਹੀਂ ਕਰਨਾਂ। ਦੇਸ਼ਾਂ ਦਾ ਪੈਂਡਾ ਮਾਰ ਕੇ ਤੁਸਾਂ ਨੂੰ ਤਿਨ੍ਹਾਂ ਦੇ ਨਾਮ ਦਾ ਸਿਰੋਪਾਉ ਦੇਣ ਲਈ ਆਇਆਂ ਹਾਂ। ਦੱਸੋ ਕੀ ਦਈਏ ਪੁੱਤਰ।"

ਸ਼ਾਹਜ਼ਾਦ ਨੇ ਕਿਹਾ, "ਕਿਛੁ ਪਤਾ ਨਾਹੀਂ ਸਾਨੂੰ ਬਾਬਾ। ਕੀ ਭਲਾ ਕੀ ਬੁਰਾ ਤੁਸੀਂ ਜਾਣੋ। ਸਾਨੂੰ ਪਤਾ ਨਾਹੀਂ। ਸਾਨੂੰ ਅਨਪੜ੍ਹਾਂ ਨੂੰ ਕਿਛੁ ਪਤਾ ਨਾਹੀ ਜੁ ਵੱਡਿਆਂ ਤੋਂ ਕੀ ਮੰਗੀਂਦਾ ਹੈ। ਬਾਬਾ ਜੀ ਨੇ ਕਿਹਾ- ਤੁਸਾਂ ਦੇ ਅਬੂ ਨੂੰ ਖਾਲੀ ਹੱਥ ਨਹੀਂ ਤੋਰਿਆ। ਤੁਸਾਂ ਨੂੰ ਵੀ ਖਾਲੀ ਨਹੀਂ ਰੱਖਣਾਂ। ਜੋ ਚਾਹੀਦਾ ਹੈ ਕਹੋ, ਮਿਲੇਗਾ।" ਭਾਈ ਸ਼ਾਹਜ਼ਾਦ ਨੇ ਕਿਹਾ, "ਮੇਹਰਬਾਨੀ ਹੋ ਕੇ ਤਰੁੱਠੇ ਹੋ ਤੱਦ ਉਹੋ ਦਿਉ ਬਾਬਾ ਜੀ ਜੋ ਤੁਸਾਂ ਅੱਬੂ ਨੂੰ ਦਿੱਤਾ ਸਾਈ।"

ਭਾਬਾ ਜੀ ਉਠੇ। ਕਿੱਲੀ ਨਾਲ ਲਟਕਦੀ ਰਬਾਬ ਉਤਾਰ ਕੇ ਭਾਈ ਸ਼ਾਹਜ਼ਾਦ ਨੂੰ ਦੇ ਕੇ ਗਲਵਕੜੀ ਵਿੱਚ ਲੈ ਅਸੀਸਾਂ ਦੀ ਝੜੀ ਲਾ ਦਿੱਤੀ। ਫਿਰ ਦੋਵੇਂ ਬੈਠ ਗਏ। ਭਾਈ ਮਰਦਾਨਾਂ ਜੀ ਦੀ ਯਾਦ ਵਿੱਚ ਦੋਵਾਂ ਨੇ ਕੀਰਤਨ ਕੀਤਾ। ਇਲਾਹੀ ਕੀਰਤਨ ਦੇ ਇਸ ਵਗਦੇ ਦਰਿਆ ਵਿੱਚ ਤਲਵੰਡੀ ਪਿੰਡ ਦੇ ਵਸਨੀਕਾਂ ਨੇ ਖੂਬ ਤੀਰਥ ਇਸ਼ਨਾਨ ਕੀਤਾ।

ਜਿੰਨਾਂ ਸਮਾਂ ਗੁਰੂ ਬਾਬਾ ਸਰੀਰ ਦੇ ਜਾਮੇਂ ਵਿੱਚ ਰਹੇ, ਭਾਈ ਸ਼ਾਹਜਾਦ ਨੇ ਕਦੀ ਉਨ੍ਹਾਂ ਦਾ ਸਾਥ ਨਹੀਂ ਛੱਡਿਆ। ਸਾਖੀਕਾਰ ਸਤਿਕਾਰ ਵਜੋਂ ਉਨ੍ਹਾਂ ਨੂੰ "ਕਰਮ ਕਾ ਬਲੀ ਸ਼ਾਹਜ਼ਾਦ। ਸਾਡਾ ਪਿਆਰਾ ਸ਼ਾਹਜ਼ਾਦਾ ਭਾਈ ਸ਼ਾਹਜ਼ਾਦ ਖਾਨ" ਲਿਖਦਾ ਹੈ। ਭਾਈ ਮਰਦਾਨਾਂ ਜੀ ਦੀ ਬੇਨਤੀ ਕਬੂਲ ਹੋਈ। ਉਹ ਵਿਛੜੇ ਨਹੀਂ। ਕੀਰਤਨ ਬਣ ਕੇ ਉਹ ਗੁਰੂ ਗਰੰਥ ਅਤੇ ਗੁਰੂ ਪੰਥ ਵਿੱਚ ਸਥਾਪਤ ਹੋ ਗਏ ਹਨ।*

**ਮੈਂ ਆਪਣੇ ਮਿੱਤਰਾਂ ਨੂੰ ਇੱਕ ਦਿਨ ਦੱਸਿਆ ਕਿ ਪ੍ਰੋ. ਸਾਹਿਬ ਸਿੰਘ ਦੀ ਲਿਖਤ ਅਨੁਸਾਰ ਭਾਈ ਮਰਦਾਨਾਂ ਨੇ ਤਲਵੰਡੀ ਪਿੰਡ ਤੋਂ ਲੈ ਕੇ ਕੁਰਮ ਦਰਿਆ ਤੱਕ 54 ਸਾਲ ਦਾ ਸਾਥ ਨਿਭਾਇਆ। ਅਮਰਜੀਤ ਸਿੰਘ ਬੋਲਿਆ-ਤੂੰ ਇਹ 54 ਸਾਲ ਦੀ ਗਿਣਤੀ ਕਿਉਂ ਕਰਦਾ ਹੈਂ? ਇਹ ਗਿਣਤੀ ਤੱਦ ਕਰਨੀ ਬਣਦੀ ਉਚਿੱਤ ਹੁੰਦੀ ਜੇ ਇੰਨੇ ਸਾਲ ਬਾਅਦ ਉਹ ਸਾਥ ਛੱਡ ਕੇ ਪਿੰਡ ਆ ਜਾਂਦੇ। ਉਨ੍ਹਾਂ ਦੀ ਤਾਂ ਵਸੀਅਤ ਵੀ ਅਨੰਤ ਮਿਲਾਪ ਦੀ ਹੈ। ਉਹ ਸਾਲਾਂ ਅਤੇ ਮੀਲਾਂ ਦੀ ਗਿਣਤੀ ਤੋਂ ਪਾਰ ਹੋਏ।*

ਧੰਨਵਾਦ ਸਹਿਤ 'ਗੌਤਮ ਤੋਂ ਤਾਸਕੀ ਤੱਕ' ਕਿਤਾਬ ਵਿੱਚੋ

****

ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ

Let us resolve our own affairs with our own hands

ਡਾ. ਸਰਬਜੀਤ ਸਿੰਘ
sarbjitsingh@yahoo.com

ਮਨੁੱਖ ਨੂੰ ਜੀਵਨ ਵਿਚ ਵਿਚਰਨ ਲਈ ਲਗਾਤਾਰ ਉਪਰਾਲੇ ਕਰਨ ਦੀ ਲੋੜ ਹੈ। ਬਚਪਨ ਵਿਚ ਖਾਣਾ, ਪੀਣਾ, ਚਲਣਾ, ਬੋਲਣਾ, ਪੜ੍ਹਨਾਂ, ਲਿਖਣਾ ਸਿਖਣਾ ਹੈ। ਜਵਾਨੀ ਵਿਚ ਨਿਰਭਾਹ ਲਈ ਕੋਈ ਨਾ ਕੋਈ ਰੁਜਗਾਰ ਕਰਨਾ ਹੈ, ਬੁੜਾਪੇ ਲਈ ਆਸਰਾ ਤਿਆਰ ਕਰਨਾ ਹੈ। ਜਿਹੜਾ ਮਨੁੱਖ ਇਹ ਸਭ ਕੁਝ ਆਪ ਕਰਦਾ ਹੈ, ਉਹ ਸਫਲਤਾ ਵਲ ਜਾਂਦਾ ਹੈ, ਨਹੀਂ ਤਾਂ ਅਕਸਰ ਦੁਖੀ ਤੇ ਬੇਆਸਰਾ ਹੀ ਰਹਿ ਜਾਂਦਾ ਹੈ।

ਜੀਵਨ ਜਾਚ ਵੀ ਮਨੁੱਖ ਨੇ ਆਪ ਉਪਰਾਲੇ ਕਰਕੇ ਹੀ ਸਿਖਣੀ ਹੈ। ਪੜ੍ਹਾਈ ਵੀ ਆਪ ਹੀ ਕਰਨੀ ਹੈ, ਤਕਨੀਕ ਵੀ ਆਪ ਸਿਖਣੀ ਪੈਣੀ ਹੈ, ਆਪਣੇ ਆਪ ਨੂੰ ਸਿਹਤਮੰਦ ਰੱਖਣ ਲਈ ਖਾਣ ਪੀਣ ਦੀ ਜਾਚ ਵੀ ਆਪ ਹੀ ਸਿਖਣੀ ਪੈਣੀ ਹੈ। ਇਸੇ ਤਰ੍ਹਾਂ ਮਨ ਵਿਚ ਜਾਗਰਤੀ ਪੈਦਾ ਕਰਨ ਲਈ ਗੁਰਬਾਣੀ ਦੀ ਵੀਚਾਰ ਕਰਨੀ ਵੀ ਆਪ ਹੀ ਸਿਖਣੀ ਹੈ, ਤਾਂ ਜੋ ਮਨ ਨੂੰ ਵਿਕਾਰਾਂ ਦੀ ਮੈਲ ਨਾ ਲਗ ਸਕੇ। ਆਪਣੇ ਆਪ ਨੂੰ ਗੁਮਰਾਹ ਹੋਣ ਤੋਂ ਬਚਾਣ ਲਈ ਸੱਚੀ ਬਾਣੀ ਗਾਇਨ ਕਰਨੀ ਹੈ ਤੇ ਉਸ ਦੀ ਖੋਜ ਕਰਨੀ ਵੀ ਆਪ ਹੀ ਸਿਖਣੀ ਹੈ।

http://www.geocities.ws/sarbjitsingh /BookGurmatAndScience.pdf

ਇਸ ਲਈ ਗੁਰਬਾਣੀ ਦੁਆਰਾ ਸਿਰਫ਼ ਇਕ ਅਕਾਲ ਪੁਰਖੁ ਦਾ ਨਾਮੁ ਜਪਣਾ ਹੈ, ਕਿਸੇ ਹੋਰ ਦਾ ਪਿਆਰ ਆਪਣੇ ਮਨ ਵਿਚ ਨਹੀਂ ਵਸਾਣਾ ਹੈ। ਸਾਧ ਸੰਗਤਿ ਵਿਚ ਟਿਕ ਕੇ ਸਿਰਫ਼ ਅਕਾਲ ਪੁਰਖੁ ਦਾ ਨਾਮੁ ਜਪਣਾ ਹੈ। ਅਕਾਲ ਪੁਰਖੁ ਦੇ ਸਿਮਰਨ ਤੋਂ ਬਿਨਾ ਅਜੇਹੇ ਕਿਸੇ ਦੂਜੇ ਧਾਰਮਿਕ ਕਰਮ, ਵਰਤ, ਪੂਜਾ, ਆਦਿ ਉੱਚੇ ਆਤਮਕ ਜੀਵਨ ਵਾਸਤੇ ਸਹਾਇਕ ਨਹੀਂ ਹੁੰਦੇ ਹਨ।

ਵਿਕਾਰਾਂ ਤੋਂ ਬਚਣ ਦਾ ਪੱਕਾ ਪ੍ਰਬੰਧ ਗੁਰੂ ਦੇ ਦਰ ਤੇ ਪ੍ਰਾਪਤ ਹੁੰਦਾ ਹੈ, ਜਿਹੜਾ ਮਨੁੱਖ ਗੁਰੂ ਦੇ ਸਨਮੁਖ ਰਹਿੰਦਾ ਹੈ, ਉਹ ਗੁਰੂ ਦੇ ਸ਼ਬਦ ਦੁਆਰਾ ਆਪਣੇ ਅੰਦਰੋਂ ਹਉਮੈ ਤੇ ਕ੍ਰੋਧ ਦੂਰ ਕਰ ਲੈਂਦਾ ਹੈ। ਗੁਰੂ ਦੀ ਸਰਨ ਪਿਆਂ ਸਦਾ ਆਤਮਕ ਆਨੰਦ ਮਾਣਦਾ ਰਹਿੰਦਾ ਹੈ। ਚੰਗਾ ਆਚਰਨ, ਸੰਤੋਖ ਆਦਿ ਸਭ ਕੁਝ ਗੁਰੂ ਦੇ ਦਰ ਤੇ ਹੀ ਸਿਖੇ ਜਾ ਸਕਦੇ ਹਨ। ਸੰਸਾਰ ਵਿਚ ਖਚਿਤ ਰਿਹਾਂ ਮਨੁੱਖ ਦੇ ਅੰਦਰ ਹਉਮੈਂ ਪੈਦਾ ਹੋ ਜਾਂਦੀ ਹੈ, ਮਾਇਆ ਦਾ ਮੋਹ ਪੈਦਾ ਹੋ ਜਾਂਦਾ ਹੈ, ਤੇ ਇਨ੍ਹਾਂ ਦੇ ਕਾਰਨ ਅਕਾਲ ਪੁਰਖੁ ਦਾ ਨਾਮੁ ਭੁਲਾ ਕੇ ਸਾਰਾ ਜਗਤ ਆਤਮਕ ਮੌਤ ਸਹੇੜ ਲੈਂਦਾ ਹੈ। ਗੁਰੂ ਦੀ ਸਰਨ ਪੈਣ ਤੋਂ ਬਿਨਾ ਅਕਾਲ ਪੁਰਖੁ ਦਾ ਨਾਮੁ ਨਹੀਂ ਮਿਲਦਾ। ਅਕਾਲ ਪੁਰਖੁ ਦਾ ਨਾਮੁ ਹੀ ਜਗਤ ਵਿਚ ਸਦਾ ਕਾਇਮ ਰਹਿਣ ਵਾਲੀ ਕਮਾਈ ਹੈ। ਗੁਰੂ ਦੇ ਸ਼ਬਦ ਦੁਆਰਾ ਜਿਸ ਮਨੁੱਖ ਨੂੰ ਅਕਾਲ ਪੁਰਖੁ ਦਾ ਅਟੱਲ ਹੁਕਮੁ ਮਿੱਠਾ ਲੱਗਣ ਲੱਗ ਪੈਂਦਾ ਹੈ, ਉਸ ਦੇ ਅੰਦਰ ਆਤਮਕ ਆਨੰਦ ਬਣਿਆ ਰਹਿੰਦਾ ਹੈ। ਗੁਰੂ ਦੇ ਸ਼ਬਦ ਤੋਂ ਬਿਨਾ ਮਨੁੱਖਾ ਜਨਮ ਦਾ ਮਨੋਰਥ ਪੂਰਾ ਨਹੀਂ ਹੁੰਦਾ ਤੇ ਜੀਵਨ ਅਸਫਲ ਰਹਿ ਜਾਂਦਾ ਹੈ। ਅਕਾਲ ਪੁਰਖੁ ਦੇ ਨਾਮੁ ਤੋਂ ਖੁੰਝਿਆਂ ਮਨੁੱਖ ਘੜੀ ਵਿਚ ਹੱਸ ਪੈਂਦਾ ਹੈ, ਘੜੀ ਵਿਚ ਰੋ ਪੈਂਦਾ ਹੈ ਤੇ ਹਰਖ ਸੋਗ ਦੇ ਚੱਕਰ ਵਿਚ ਫਸਿਆ ਰਹਿੰਦਾ ਹੈ। ਮਾਇਆ ਦੇ ਮੋਹ ਵਿਚ ਫਸਾ ਕੇ ਰੱਖਣ ਵਾਲੀ ਖੋਟੀ ਮਤਿ ਕਰਕੇ, ਮਨੁੱਖ ਦੇ ਜੀਵਨ ਦਾ ਮਨੋਰਥ ਸਫਲ ਨਹੀਂ ਹੁੰਦਾ। ਅਕਾਲ ਪੁਰਖੁ ਦੇ ਨਾਮੁ ਵਿਚ ਜੁੜਨਾ ਤੇ ਅਕਾਲ ਪੁਰਖੁ ਦੇ ਨਾਮੁ ਤੋਂ ਵਿਛੁੜਨਾ, ਕੀਤੇ ਕਰਮਾਂ ਅਨੁਸਾਰ ਕਰਤਾਰ ਆਪ ਜੀਵਾਂ ਦੇ ਮੱਥੇ ਉਤੇ ਲਿਖਦਾ ਹੈ, ਇਹ ਪੂਰਬਲੇ ਕਰਮ ਤੇ ਕੀਤੀ ਹੋਈ ਕਮਾਈ ਜੀਵ ਪਾਸੋਂ ਮਿਟਾਈ ਨਹੀਂ ਜਾ ਸਕਦੀ।

ਖਿਨ ਮਹਿ ਹਸੈ ਖਿਨ ਮਹਿ ਰੋਵੈ ॥ ਦੂਜੀ ਦੁਰਮਤਿ ਕਾਰਜੁ ਨ ਹੋਵੈ ॥ ਸੰਜੋਗੁ ਵਿਜੋਗੁ ਕਰਤੈ ਲਿਖਿ ਪਾਏ ਕਿਰਤੁ ਨ ਚਲੈ ਚਲਾਹਾ ਹੇ ॥8॥ (1058)

ਅੱਜਕਲ ਆਮ ਤੌਰ ਤੇ ਕਿਸੇ ਇਕ ਅੱਖਰ ਨੂੰ ਵਾਰ ਵਾਰ ਬੋਲ ਕੇ ਨਾਮੁ ਸਿਮਰਨ ਕਰਨ ਤੇ ਕਹਿਣ ਦਾ ਰਿਵਾਜ ਪਈ ਜਾ ਰਿਹਾ ਹੈ, (ਏਕਾ ਸਬਦੀ), ਜੋ ਕਿ ਗੁਰਬਾਣੀ ਅਨੁਸਾਰ ਪ੍ਰਵਾਨ ਨਹੀਂ, **"ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਟੈ ਲਿਖਾਇਆ" (654)**। ਹੁਣ ਜੇ ਮਨੁੱਖ ਇਹ ਖ਼ਿਆਲ ਕਰੇ ਕਿ ਮੈਂ ਆਪਣੇ ਉੱਦਮ ਦੇ ਆਸਰੇ ਇਸ ਤਰ੍ਹਾਂ ਪਰਚਾਰੇ ਜਾ ਰਹੇ ਨਾਂ ਨੂੰ ਸਿਮਰ ਕੇ ਅਕਾਲ ਪੁਰਖ ਨੂੰ ਪਾ ਸਕਦਾ ਹਾਂ, ਤਾਂ ਇਹ ਉਸ ਦਾ

ਝੂਠਾ ਹੰਕਾਰ ਹੈ। ਅਕਾਲ ਪੁਰਖ ਨਾਲੋਂ ਵਿੱਥ ਦੂਰ ਕਰਨ ਵਾਲੇ ਰਸਤੇ ਵਿਚ, ਭਾਵ ਅਕਾਲ ਪੁਰਖ ਨੂੰ ਮਿਲਣ ਵਾਸਤੇ ਜੋ ਪਉੜੀਆਂ ਹਨ, ਉਨ੍ਹਾਂ ਉੱਤੇ ਆਪਾ ਭਾਵ ਗਵਾ ਕੇ ਹੀ ਚੜ੍ਹ ਸਕਦੇ ਹਾਂ। ਇਸ ਲਈ ਆਪਣਾ ਆਪ ਗਵਾ ਕੇ ਗੁਰੂ ਅੱਗੇ ਅਰਪਨ ਕਰਨਾ ਪਵੇਗਾ, **"ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ"** ਵਾਲੀ ਅਵਸਥਾ ਬਣਾਉਂਣੀ ਪਵੇਗੀ। ਆਪਣੇ ਆਪ ਨੂੰ ਸਬਦ ਗੁਰੂ ਦੁਆਰਾ ਅਕਾਲ ਪੁਰਖ ਨਾਲ ਅਭੇਦ ਕਰਨਾ ਪਵੇਗਾ। ਗਿਣਤੀ ਵਾਲੇ ਸਿਮਰਨ ਕਰਨ ਨਾਲ ਕੁਝ ਨਹੀਂ ਬਣਨਾ। ਆਪਾ ਭਾਵ ਦੂਰ ਕਰਨ ਤੋਂ ਬਿਨਾ, ਇਹ ਗਿਣਤੀ ਦੇ ਰਟਨ ਵਾਲਾ ਉੱਦਮ ਇਸ ਤਰ੍ਹਾਂ ਹੈ, ਕਿ ਮਾਨੋ, ਆਕਾਸ਼ ਦੀਆਂ ਗੱਲਾਂ ਸੁਣ ਕੇ ਕੀੜਿਆਂ ਨੂੰ ਵੀ ਇਹ ਰੀਸ ਆ ਗਈ ਹੈ, ਕਿ ਅਸੀਂ ਵੀ ਆਕਾਸ਼ ਤੇ ਪਹੁੰਚ ਸਕਦੀਆਂ ਹਾਂ। ਜੇ ਕਰ ਅਕਾਲ ਪੁਰਖ ਮਿਹਰ ਦੀ ਨਜ਼ਰ ਕਰੇ, ਤਾਂ ਹੀ ਉਸ ਨੂੰ ਮਿਲ ਸਕਦੇ ਹਾਂ, ਨਹੀਂ ਤਾਂ ਕੂੜੇ ਮਨੁੱਖ ਦੀ ਆਪਣੇ ਆਪ ਦੀ ਨਿਰੀ ਕੂੜੀ ਹੀ ਵਡਿਆਈ ਹੈ, ਕਿ ਮੈਂ ਸਿਮਰਨ ਕਰ ਰਿਹਾ ਹਾਂ।

ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥ ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥ ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥ ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥ ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥32॥ (7)

ਅਕਾਲ ਪੁਰਖੁ ਆਪ ਸਭ ਨੂੰ ਆਸਰਾ ਦੇਣ ਵਾਲਾ ਹੈ, ਇਸ ਲਈ ਕਿਸੇ ਮਨੁੱਖ ਦਾ ਓਟ ਤੇ ਆਸਰਾ ਰੱਖਣਾ ਵਿਅਰਥ ਹੈ। ਜਿਹੜਾ ਮਨੁੱਖ ਗੁਣਾਂ ਦੇ ਖ਼ਜ਼ਾਨੇ ਤੇ ਚਿੰਤਾ ਰਹਿਤ ਅਕਾਲ ਪੁਰਖੁ ਨੂੰ ਮਿਲ ਲੈਂਦਾ ਹੈ, ਉਸ ਦੇ ਅੰਦਰੋਂ ਦੁਨੀਆਂ ਦੀ ਹਰੇਕ ਤਰ੍ਹਾਂ ਦੀ ਚੀਜ ਲਈ ਆਸ ਤੇ ਚਿੰਤਾ ਮੁੱਕ ਜਾਂਦੀ ਹੈ। ਇਸ ਜਗਤ ਦੀ ਰਚਨਾ ਕਰਨ ਵਾਲਾ ਸਿਰਫ ਅਕਾਲ ਪੁਰਖੁ ਆਪ ਹੀ ਹੈ। ਜਿਹੜਾ ਮਨੁੱਖ ਅਕਾਲ ਪੁਰਖੁ ਨੂੰ ਆਪਣੇ ਹਿਰਦੇ ਵਿਚ ਯਾਦ ਰੱਖਦਾ ਹੈ, ਗੁਰੂ ਉਸ ਨੂੰ ਆਨੰਦ ਦੇਣ ਵਾਲੇ ਅਕਾਲ ਪੁਰਖੁ ਦੇ ਦਰਸ਼ਨ ਕਰਾ ਦਿੰਦਾ ਹੈ। ਜਦੋਂ ਹੋਰ ਸਾਰੇ ਸਹਾਰੇ ਮੁੱਕ ਜਾਣ, ਤਾਂ ਅੰਤ ਨੂੰ ਅਕਾਲ ਪੁਰਖੁ ਹੀ ਰੱਖਿਆ ਕਰ ਸਕਣ ਵਾਲਾ ਹੈ। ਸਭਨਾਂ ਦੇ ਚਰਨਾਂ ਦੀ ਧੂੜ ਬਣ ਕੇ ਅਤੇ ਆਪਣੇ ਅੰਦਰੋਂ ਹੰਕਾਰ ਦੂਰ ਕਰ ਕੇ ਹੀ ਅਕਾਲ ਪੁਰਖੁ ਨੂੰ ਮਿਲਿਆ ਜਾ ਸਕਦਾ ਹੈ। ਇਸ ਲਈ ਆਪਣੇ ਮਨ ਨੂੰ ਸਮਝਾਣਾ ਹੈ ਕਿ ਸਿਰਫ਼ ਅਕਾਲ ਪੁਰਖੁ ਦਾ ਨਾਮੁ ਯਾਦ ਕਰਿਆ ਕਰ, ਸਦਾ ਅਕਾਲ ਪੁਰਖੁ ਦੇ ਗੁਣ ਗਾਇਨ ਕਰਿਆ ਕਰ। ਤੇਰਾ ਇਹ ਮਨੁੱਖਾ ਜਨਮ ਸਫਲ ਕਰਨ ਦਾ ਕਾਰਜ ਇਕ ਦਿਨ ਜ਼ਰੂਰ ਪੂਰਾ ਹੋਵੇਗਾ ਤੇ ਇਸ ਕਾਰਜ ਦਾ ਤੈਨੂੰ ਫਲ ਜ਼ਰੂਰ ਮਿਲੇਗਾ।

ਏਕੋ ਨਾਮੁ ਧਿਆਇ ਮਨ ਮੇਰੇ ॥ ਕਾਰਜੁ ਤੇਰਾ ਹੋਵੈ ਪੂਰਾ ਹਰਿ ਹਰਿ ਹਰਿ ਗੁਣ ਗਾਇ ਮਨ ਮੇਰੇ ॥1॥ ਰਹਾਉ ॥ (896)

ਅਕਾਲ ਪੁਰਖੁ ਦੇ ਨਾਮੁ ਤੋਂ ਸਭ ਕੁਝ ਹੁੰਦਾ ਹੈ, ਪਰੰਤੂ ਗੁਰੂ ਦੀ ਸਰਨ ਵਿਚ ਆਉਂਣ ਤੋਂ ਬਿਨਾ ਨਾਮੁ ਦੀ ਸਮਝ ਨਹੀਂ ਆਉਂਦੀ ਤੇ ਨਾ ਹੀ ਕਦਰ ਕਰਨੀ ਆਉਂਦੀ ਹੈ। ਗੁਰੂ ਦਾ ਸ਼ਬਦ ਵੱਡੇ ਰਸ ਵਾਲਾ ਹੈ, ਮਿੱਠਾ ਹੈ, ਪਰੰਤੂ ਜਿਤਨਾ ਚਿਰ ਇਸ ਨੂੰ ਚੱਖਿਆ ਨਾ ਜਾਏ, ਇਸ ਦੇ ਸੁਆਦ ਦਾ ਪਤਾ ਨਹੀਂ ਲੱਗ ਸਕਦਾ। ਜਿਸ ਤਰ੍ਹਾਂ ਖੰਡ ਜਾਂ ਗੁੜ ਖਾਣ ਨਾਲ ਹੀ ਸਾਡੀ ਜੁਬਾਨ ਨੂੰ ਸਵਾਦ ਦਾ ਪਤਾ ਲੱਗਦਾ ਹੈ, ਇਸੇ ਤਰ੍ਹਾਂ ਗੁਰੂ ਦੇ ਸ਼ਬਦ ਦਾ ਰਸ, ਉਸ ਸਬਦ ਨੂੰ ਵਿਚਾਰਨ ਨਾਲ ਤੇ ਜੀਵਨ ਵਿਚ ਅਪਨਾਉਂਣ ਨਾਲ ਹੀ ਮਨ ਨੂੰ ਪਤਾ ਲਗਦਾ ਹੈ, ਤੇ ਫਿਰ ਗੁਰੂ ਦਾ ਸ਼ਬਦ ਮਨ ਅਤੇ ਆਤਮਾ ਨੂੰ ਮਿੱਠਾ ਲਗਦਾ ਹੈ। ਜਿਹੜਾ ਮਨੁੱਖ ਗੁਰੂ ਦੇ ਸ਼ਬਦ ਦੁਆਰਾ ਆਪਣੇ ਆਤਮਕ ਜੀਵਨ ਨੂੰ ਨਹੀਂ ਪਛਾਣਦਾ ਹੈ, ਉਹ ਆਪਣਾ ਮਨੁੱਖਾ ਜਨਮ ਕੌਡੀ ਦੇ ਬਦਲੇ ਵਿਅਰਥ ਹੀ ਗਵਾ ਲੈਂਦਾ ਹੈ। ਜਦੋਂ ਮਨੁੱਖ ਗੁਰੂ ਦੇ ਦੱਸੇ ਰਾਹ ਉਤੇ ਚਲਦਾ ਹੈ, ਤਾਂ ਉਹ ਇਕ ਅਕਾਲ ਪੁਰਖੁ ਨਾਲ ਡੂੰਘੀ ਸਾਂਝ ਪਾ ਲੈਂਦਾ ਹੈ, ਤੇ, ਫਿਰ ਉਹ ਆਪਣੇ ਹਉਮੈਂ ਤੇ ਕਾਬੂ ਪਾ ਲੈਂਦਾ ਹੈ ਤੇ ਫਿਰ ਹਉਮੈ ਦਾ ਦੁਖ ਉਸ ਨੂੰ ਸਤਾ ਨਹੀਂ ਸਕਦਾ ਹੈ। ਗੁਰੂ ਸਾਹਿਬ ਸਮਝਾਉਂਦੇ ਹਨ, ਕਿ ਮੈਂ ਆਪਣੇ ਗੁਰੂ ਤੋਂ ਸਦਕੇ ਜਾਂਦਾ ਹਾਂ, ਜਿਹੜਾ ਆਪਣੀ ਸ਼ਰਨ ਵਿਚ ਆਏ ਮਨੁੱਖ ਦੀ ਸਦਾ ਥਿਰ ਰਹਿਣ ਵਾਲੇ ਅਕਾਲ ਪੁਰਖੁ ਨਾਲ ਪ੍ਰੀਤਿ ਜੋੜ ਦਿੰਦਾ ਹੈ। ਗੁਰੂ ਦੇ ਸ਼ਬਦ ਨਾਲ ਸਾਂਝ ਪਾ ਕੇ ਮਨੁੱਖ ਦਾ ਆਤਮਕ ਜੀਵਨ ਚਮਕ ਜਾਂਦਾ ਹੈ, ਮਨੁੱਖ ਆਤਮਕ ਅਡੋਲਤਾ ਵਿਚ ਲੀਨ ਰਹਿੰਦਾ ਹੈ। ਗੁਰੂ ਦੀ ਸਰਨ ਪੈਣ ਵਾਲਾ ਮਨੁੱਖ ਗੁਰੂ ਦੇ ਸ਼ਬਦ ਨੂੰ ਗਾਇਨ ਕਰਦਾ ਰਹਿੰਦਾ ਹੈ, ਗੁਰੂ ਦੇ ਸ਼ਬਦ ਨੂੰ ਸਮਝਦਾ ਰਹਿੰਦਾ ਹੈ, ਤੇ ਹਮੇਸ਼ਾਂ ਵਿਚਾਰਦਾ ਰਹਿੰਦਾ ਹੈ ਤੇ ਉਸ ਅਨੁਸਾਰ ਜੀਵਨ ਬਤੀਤ ਕਰਦਾ ਰਹਿੰਦਾ ਹੈ। ਉਸ ਮਨੁੱਖ ਦੀ ਜਿੰਦ, ਉਸ ਦਾ ਸਰੀਰ, ਗੁਰੂ ਦੀ ਬਰਕਤ ਨਾਲ ਨਵਾਂ ਆਤਮਕ ਜਨਮ ਲੈਂਦਾ ਹੈ, ਗੁਰੂ ਦੀ ਸਰਨ ਪੈ ਕੇ ਉਹ ਆਪਣੇ ਸਾਰੇ ਕੰਮ ਸਵਾਰ ਲੈਂਦਾ ਹੈ। ਪਰੰਤੂ ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨਮੁੱਖ ਮਨੁੱਖ, ਮਾਇਆ ਦੇ ਮੋਹ ਵਿਚ ਅੰਨ੍ਹਾ ਹੋਇਆ ਰਹਿੰਦਾ ਹੈ, ਉਹ ਸਦਾ ਅੰਨ੍ਹਿਆਂ ਵਾਲੇ ਕੰਮ ਹੀ ਕਰਦਾ ਰਹਿੰਦਾ ਹੈ, ਜਗਤ ਵਿਚ ਵਿਕਾਰ ਤੇ ਗਲਤ ਕੰਮ ਕਰਦਾ ਹੈ ਤੇ ਉਹ ਬਿਖ ਹੀ ਖੱਟਦਾ ਹੈ, ਜੋ ਕਿ ਉਸ ਦੇ ਆਤਮਕ ਜੀਵਨ ਵਾਸਤੇ ਜ਼ਹਿਰ ਬਣ ਜਾਂਦਾ ਹੈ। ਪਿਆਰੇ ਗੁਰੂ ਦੀ ਸਰਨ ਵਿਚ ਆਉਂਣ ਤੋਂ ਬਿਨਾ ਅਜੇਹਾ ਮਨੁੱਖ ਮਾਇਆ ਦੇ ਮੋਹ ਵਿਚ

ਫਸ ਕੇ ਸਦਾ ਦੁਖ ਸਹਾਰਦਾ ਰਹਿੰਦਾ ਹੈ ਤੇ ਆਪਣਾ ਮਨੁੱਖਾ ਜਨਮ ਵਿਅਰਥ ਗਵਾ ਲੈਂਦਾ ਹੈ।

ਰਾਗੁ ਸੂਹੀ ਮਹਲਾ 3 ਘਰੁ 1 ਅਸਟਪਦੀਆ ॥ ੧ਓ ਸਤਿਗੁਰ ਪ੍ਰਸਾਦਿ ॥ ਨਾਮੈ ਹੀ ਤੇ ਸਭੁ ਕਿਛੁ ਹੋਆ ਬਿਨੁ ਸਤਿਗੁਰ ਨਾਮੁ ਨ ਜਾਪੈ ॥ ਗੁਰ ਕਾ ਸਬਦੁ ਮਹਾ ਰਸੁ ਮੀਠਾ ਬਿਨੁ ਚਾਖੇ ਸਾਦੁ ਨ ਜਾਪੈ ॥ ਕਉਡੀ ਬਦਲੈ ਜਨਮੁ ਗਵਾਇਆ ਚੀਨਸਿ ਨਾਹੀ ਆਪੈ ॥ ਗੁਰਮੁਖਿ ਹੋਵੈ ਤਾ ਏਕੋ ਜਾਣੈ ਹਉਮੈ ਦੁਖੁ ਨ ਸੰਤਾਪੈ ॥1॥ ਬਲਿਹਾਰੀ ਗੁਰ ਅਪਣੇ ਵਿਟਹੁ ਜਿਨਿ ਸਾਚੇ ਸਿਉ ਲਿਵ ਲਾਈ ॥ ਸਬਦੁ ਚੀਨ੍ਹਿ ਆਤਮੁ ਪਰਗਾਸਿਆ ਸਹਜੇ ਰਹਿਆ ਸਮਾਈ ॥1॥ ਰਹਾਉ ॥ ਗੁਰਮੁਖਿ ਗਾਵੈ ਗੁਰਮੁਖਿ ਬੂਝੈ ਗੁਰਮੁਖਿ ਸਬਦੁ ਬੀਚਾਰੇ ॥ ਜੀਉ ਪਿੰਡੁ ਸਭੁ ਗੁਰ ਤੇ ਉਪਜੈ ਗੁਰਮੁਖਿ ਕਾਰਜ ਸਵਾਰੇ ॥ ਮਨਮੁਖਿ ਅੰਧਾ ਅੰਧੁ ਕਮਾਵੈ ਬਿਖੁ ਖਟੇ ਸੰਸਾਰੇ ॥ ਮਾਇਆ ਮੋਹਿ ਸਦਾ ਦੁਖੁ ਪਾਏ ਬਿਨੁ ਗੁਰ ਅਤਿ ਪਿਆਰੇ ॥2॥ (753)

ਇਹ ਵੀ ਅਟੱਲ ਸਚਾਈ ਹੈ, ਕਿ ਗੁਰੂ ਸਾਹਿਬ ਕੋਈ ਗਲਤ ਜਾਂ ਅਣਹੋਣੀ ਸਿਖਿਆ ਨਹੀਂ ਦੇ ਰਹੇ ਹਨ। ਇਸ ਲਈ ਸਪੱਸ਼ਟ ਹੈ ਕਿ ਗੁਰੂ ਗਰੰਥ ਸਾਹਿਬ ਅਨੁਸਾਰ ਨਾਮੁ ਜਪਣ ਦਾ ਭਾਵ ਕੁਝ ਹੋਰ ਹੀ ਹੈ, ਜੋ ਕਿ ਕਿਸੇ ਤਰ੍ਹਾਂ ਦਾ ਦੁਨਿਆਵੀ ਰਟਨ ਨਹੀਂ ਹੋ ਸਕਦਾ। ਜੇਕਰ ਗੁਰਬਾਣੀ ਤੇ ਸਾਇੰਸ ਦੀਆਂ ਸਿਖਿਆਵਾਂ ਅਨੁਸਾਰ ਵੀਚਾਰੀਏ ਤਾਂ ਇਹ ਗੱਲ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਂਦੀ ਹੈ, ਕਿ ਕਿਸੇ ਵੀ ਤਰ੍ਹਾਂ ਦੇ ਕੰਮ ਕਾਰ ਕਰਦੇ ਸਮੇਂ ਕੋਈ ਰਟਨ ਨਹੀਂ ਕੀਤਾ ਜਾ ਸਕਦਾ, ਪਰੰਤੂ ਅਕਾਲ ਪੁਰਖੁ ਦੀ ਬਣਾਈ ਹੋਈ ਕੁਦਰਤ ਬਾਰੇ ਸੋਚਿਆ, ਸਮਝਿਆ, ਵਿਚਾਰਿਆ ਤੇ ਉਸ ਦੇ ਹੁਕਮੁ ਅਨੁਸਾਰ ਚਲਿਆ ਜਰੂਰ ਜਾ ਸਕਦਾ ਹੈ। ਪੂਰੀ ਸ੍ਰਿਸ਼ਟੀ ਦਾ ਹਰੇਕ ਕਾਰਜ ਅਕਾਲ ਪੁਰਖੁ ਦੇ ਹੁਕਮੁ ਤੇ ਰਜਾ ਅਨੁਸਾਰ ਹੋ ਰਿਹਾ ਹੈ। ਇਸ ਲਈ ਹਰ ਤਰ੍ਹਾਂ ਦੇ ਕਾਰਜ ਕਰਦੇ ਸਮੇਂ ਅਕਾਲ ਪੁਰਖੁ ਦੇ ਗੁਣਾਂ ਨੂੰ ਸਮਝਿਆ, ਜਾਣਿਆ, ਵਿਚਾਰਿਆ ਤੇ ਅਪਨਾਇਆ ਜਾ ਸਕਦਾ ਹੈ। ਅਕਾਲ ਪੁਰਖੁ ਦੇ ਹੁਕਮੁ ਨੂੰ ਗੁਰਬਾਣੀ ਦੁਆਰਾ ਪਛਾਣਿਆ ਤੇ ਉਸ ਅਨੁਸਾਰ ਚਲਿਆ ਜਾ ਸਕਦਾ ਹੈ। ਪੂਰੀ ਸ੍ਰਿਸ਼ਟੀ ਅਤੇ ਹੋਰ ਸਾਰੇ ਜੀਵ ਜੰਤੂ ਅਕਾਲ ਪੁਰਖੁ ਦੇ ਹੁਕਮੁ ਤੇ ਰਜਾ ਅਨੁਸਾਰ ਚਲਣ ਲਈ ਤਿਆਰ ਹਨ, ਪਰੰਤੂ ਇਕ ਮਨੁੱਖ ਹੀ ਹੈ, ਜਿਹੜਾ ਹੋਰਨਾਂ ਜੀਵ ਜੰਤੂਆਂ ਨਾਲੋਂ ਜਿਆਦਾ ਬੁਧੀ ਮਿਲਣ ਦੇ ਬਾਵਜੂਦ ਵੀ ਹੁਕਮੁ ਤੇ ਰਜਾ ਅਨੁਸਾਰ ਚਲਣ ਲਈ ਅਕਸਰ ਇਨਕਾਰੀ ਹੋ ਜਾਂਦਾ ਹੈ।

http://www.geocities.ws/sarbjitsingh/BookGuruGranthSahibAndNaam.pdf

ਜੇ ਕਰ ਗੁਰਬਾਣੀ ਨੂੰ ਧਿਆਨ ਨਾਲ ਵੀਚਾਰਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਗੁਰੂ ਗਰੰਥ ਸਾਹਿਬ ਅਨੁਸਾਰ ਨਾਮੁ ਜਪਣ ਦਾ ਭਾਵ ਹੈ, ਕਿ ਅਕਾਲ ਪੁਰਖੁ ਦੇ ਗੁਣਾਂ ਨੂੰ ਗੁਰਬਾਣੀ ਦੀ ਸਹਾਇਤਾ ਨਾਲ ਪੜ੍ਹਨਾਂ, ਸੁਣਨਾ, ਸਮਝਣਾਂ, ਵਿਚਾਰਨਾਂ ਤੇ ਅਮਲੀ ਜੀਵਨ ਵਿਚ ਅਪਨਾਉਣਾ ਹੈ। ਗੁਰੂ ਦੇ ਸੇਵਕ ਨੇ ਭਾਵੇਂ ਉਹ ਸੁਤਾ ਹੋਵੇ ਜਾਂ ਜਾਗਦਾ, ਕੰਮ ਕਰਦਾ ਹੋਵੇ ਜਾਂ ਖਾਣਾ ਖਾਂਦਾ ਹੋਵੇ, ਗੱਡੀ ਚਲਾਉਂਦਾ ਹੋਵੇ ਜਾਂ ਮਸ਼ੀਨ ਤੇ ਕੰਮ ਕਰਦਾ ਹੋਵੇ, ਹਰ ਸਮੇਂ ਦਿਨ ਰਾਤ ਲਗਾਤਾਰ ਗੁਰਬਾਣੀ ਅਨੁਸਾਰ ਆਪਣੇ ਜੀਵਨ ਵਿਚ ਵਿਚਰਦੇ ਰਹਿਣਾਂ ਹੈ। ਜੇਕਰ ਅਸੀਂ ਆਪਣਾ ਮਨ ਬਣਾ ਕੇ ਗੁਰਬਾਣੀ ਅਨੁਸਾਰ ਜੀਵਨ ਬਤੀਤ ਕਰਨਾ ਚਾਹੀਏ ਤਾਂ ਬੜੇ ਸਹਿਜ ਤਰੀਕੇ ਨਾਲ ਕਰ ਸਕਦੇ ਹਾਂ। ਇਸ ਲਈ ਭਾਵੇਂ ਅਸੀਂ ਸੁੱਤੇ ਹੋਈਏ ਜਾਂ ਜਾਗਦੇ ਹੋਈਏ ਹਰ ਸਮੇਂ ਅਕਾਲ ਪੁਰਖੁ ਦੇ ਹੁਕਮੁ ਤੇ ਰਜ਼ਾ ਵਿਚ ਚਲ ਸਕਦੇ ਹਾਂ।

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥1॥ (1)

http://www.geocities.ws/sarbjitsingh/Bani3510GurMag200604.pdf

ਸਿਰਫ਼ ਉਸ ਮਨੁੱਖ ਦੀ ਮਿਹਨਤ ਸਫਲ ਹੁੰਦੀ ਹੈ, ਜਿਸ ਦੀ ਪ੍ਰੀਤਿ ਆਪਣੇ ਅਕਾਲ ਪੁਰਖੁ ਦੇ ਨਾਲ ਬਣੀ ਹੋਈ ਹੈ। ਇਸ ਲਈ ਉਹ ਧਾਰਮਿਕ ਉੱਦਮ ਕਰ, ਜਿਸ ਦੇ ਕਰਨ ਨਾਲ ਤੇਰੇ ਮਨ ਨੂੰ ਵਿਕਾਰਾਂ ਦੀ ਮੈਲ ਨ ਲੱਗ ਸਕੇ, ਤੇ ਤੇਰਾ ਇਹ ਮਨ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਵਿਚ ਟਿਕ ਕੇ ਵਿਕਾਰਾਂ ਦੇ ਹੱਲਿਆਂ ਵਲੋਂ ਸੁਚੇਤ ਰਹੇ। ਕੀਰਤਨ ਤਾਂ ਹੀ ਪ੍ਰਵਾਨ ਹੈ ਜੇਕਰ ਮਨ ਵਿਚ ਜਾਗਰਤੀ ਪੈਦਾ ਹੁੰਦੀ ਹੈ।

ਗਉੜੀ ਮਹਲਾ 5 ॥ ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ ॥ ਹਰਿ ਕੀਰਤਨ ਮਹਿ ਏਹੁ ਮਨੁ ਜਾਗੈ ॥1॥ ਰਹਾਉ ॥ (199)

ਅੱਖਾਂ ਮੀਟੀਆਂ ਤਾਂ ਸਰੀਰ ਸੌ ਗਿਆ, ਫਿਰ ਕੰਨਾਂ ਨਾਲ ਸੁਣਨਾਂ ਬੰਦ ਹੋ ਗਿਆ, ਬਾਣੀ ਅੰਦਰ ਜਾਣੀ ਬੰਦ ਹੋ ਗਈ ਤੇ ਮਨੁੱਖ ਆਪਣੇ ਮਨ ਦੇ ਅਧੀਨ ਹੋ ਗਿਆ। ਜੇ ਕਰ ਕੀਰਤਨ ਫਿਲਮੀ ਟਿਊਨ ਵਾਲਾ ਹੈ, ਤਾਂ ਮਨੁੱਖ ਝੂਮਣ ਲਗ ਜਾਂਦਾ ਹੈ, ਤਾਂ ਫਿਰ ਸਮਝੋ ਕਿ ਮਨੁੱਖ ਮਨ ਦੇ ਅਧੀਨ ਹੋ ਗਿਆ ਤੇ ਗੁਰੂ ਤੋਂ ਬੇਮੁਖ ਹੋ ਗਿਆ। ਗੁਰੂ ਤੋਂ ਬਿਨਾਂ ਅਕਾਲ ਪੁਰਖੁ ਨੂੰ ਨਹੀਂ ਪਾਇਆ ਜਾ ਸਕਦਾ ਹੈ। ਸਬਦ ਗਾਇਨ ਕਰਦੇ ਸਮੇਂ ਗੁਰਬਾਣੀ ਵਿਚ ਆਪਣੇ ਵੱਲੋਂ ਕੋਈ ਵੀ ਅੱਖਰ ਲਾਉਣਾਂ ਗੁਰਬਾਣੀ ਦੀ ਨਿਰਾਦਰੀ ਹੈ। ਵਾਹਿਗੁਰੂ, ਜੀ, ਹਾਂ ਜੀ, ਵਰਗੇ ਵਾਧੂ ਅੱਖਰ ਲਾਉਣ ਨਾਲ ਚਲ ਰਹੇ ਵਿਸ਼ੇ ਨਾਲ ਸਬੰਧ ਟੁਟਦਾ

ਹੈ। ਕਿਸੇ ਅੱਖਰ ਨੂੰ ਬਿਨਾ ਜ਼ਰੂਰਤ ਦੇ ਵਾਰ ਵਾਰ ਕਹੀ ਜਾਣ ਨਾਲ ਵੀ ਚਲ ਰਹੇ ਵਿਸ਼ੇ ਨਾਲੋਂ ਸਬੰਧ ਟੁਟਦਾ ਹੈ। ਅੱਜਕਲ ਕੀਰਤਨ ਦਰਬਾਰ ਤਾਂ ਅਨੇਕਾਂ ਹੋਰ ਰਹੇ ਹਨ, ਪਰੰਤੂ ਕੋਈ ਵਿਰਲਾ ਹੀ ਮਨ ਵਿਚ ਜਾਗਰਤੀ ਪੈਦਾ ਕਰਦਾ ਹੈ।

ਅਕਾਲ ਪੁਰਖੁ ਨੇ ਆਪ ਹੀ ਮਾਇਆ ਦਾ ਮੋਹ ਪੈਦਾ ਕੀਤਾ ਹੈ, ਤੇ ਉਹ ਆਪ ਹੀ ਜੀਵਾਂ ਨੂੰ ਮਾਇਆ ਦੀ ਭਟਕਣਾ ਵਿਚ ਪਾ ਕੇ ਕੁਰਾਹੇ ਪਾ ਦੇਂਦਾ ਹੈ। ਉਸ ਭਟਕਣਾ ਵਿਚ ਪਏ ਹੋਏ ਤੇ ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ, ਮਿੱਥੇ ਹੋਏ ਧਾਰਮਿਕ ਕੰਮ ਕਰਦੇ ਰਹਿੰਦੇ ਹਨ, ਤੇ ਇਹ ਵੀ ਨਹੀਂ ਸਮਝਦੇ ਕਿ ਅਸੀਂ ਕੁਰਾਹੇ ਪਏ ਹੋਏ ਹਾਂ। ਜੇਹੜਾ ਮਨੁੱਖ ਆਪਣੇ ਮਨ ਦੇ ਪਿੱਛੇ ਤੁਰ ਕੇ ਮਾਇਆ ਦੇ ਮੋਹ ਵਿਚ ਫਸਿਆ ਰਹਿੰਦਾ ਹੈ, ਉਹ ਆਪਣਾ ਜਨਮ ਵਿਅਰਥ ਗਵਾ ਲੈਂਦਾ ਹੈ। ਸਤਿਗੁਰੂ ਦੀ ਬਾਣੀ ਇਸ ਜਗਤ ਵਿਚ ਜੀਵਨ ਦੇ ਰਸਤੇ ਵਿਚ ਚਾਨਣ ਦਾ ਕੰਮ ਕਰਦੀ ਹੈ। ਇਹ ਬਾਣੀ ਅਕਾਲ ਪੁਰਖੁ ਦੀ ਮਿਹਰ ਨਾਲ ਹੀ ਮਨੁੱਖ ਦੇ ਮਨ ਵਿਚ ਆ ਵੱਸਦੀ ਹੈ। ਇਸ ਲਈ ਆਪਣੇ ਮਨ ਨੂੰ ਸਮਝਾਣਾ ਹੈ, ਕਿ ਅਕਾਲ ਪੁਰਖੁ ਦਾ ਨਾਮੁ ਜਪ, ਨਾਮੁ ਜਪਣ ਨਾਲ ਹੀ ਆਤਮਕ ਆਨੰਦ ਮਿਲਦਾ ਹੈ। ਸਿਮਰਨ ਦੀ ਦਾਤਿ ਗੁਰੂ ਤੋਂ ਮਿਲਦੀ ਹੈ, ਇਸ ਵਾਸਤੇ ਪੂਰੇ ਗੁਰੂ ਨੂੰ ਧੰਨ ਧੰਨ ਆਖਣਾ ਚਾਹੀਦਾ ਹੈ। ਗੁਰੂ ਦੀ ਸ਼ਰਨ ਪਿਆਂ ਮਨੁੱਖ ਆਤਮਕ ਅਡੋਲਤਾ ਵਿਚ ਟਿਕ ਜਾਂਦਾ ਹੈ, ਤੇ ਮਨੁੱਖ ਨੂੰ ਅਕਾਲ ਪੁਰਖੁ ਦਾ ਮਿਲਾਪ ਹੋ ਜਾਂਦਾ ਹੈ। **ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥1॥ ਮਨ ਰੇ, ਨਾਮੁ ਜਪਹੁ ਸੁਖੁ ਹੋਇ ॥ ਗੁਰੁ ਪੂਰਾ ਸਾਲਾਹੀਐ ਸਹਜਿ ਮਿਲੈ ਪ੍ਰਭੁ ਸੋਇ ॥1॥ ਰਹਾਉ॥ (67)**

ਜਿਸ ਤਰ੍ਹਾਂ ਮੱਖਣ ਕੱਢਣ ਲਈ ਦੁੱਧ ਨੂੰ ਵਾਰ ਵਾਰ ਰਿੜਕਣਾ ਪੈਂਦਾ ਹੈ, ਇਸੇ ਤਰ੍ਹਾਂ ਅਕਾਲ ਪੁਰਖੁ ਦੇ ਨਾਮੁ ਨੂੰ ਵਾਰ ਵਾਰ ਯਾਦ ਕਰਨਾ ਹੈ। ਸਹਿਜ ਅਵਸਥਾ ਵਿਚ ਟਿਕ ਕੇ ਅਕਾਲ ਪੁਰਖੁ ਨੂੰ ਗੁਰਬਾਣੀ ਦੁਆਰਾ ਚੇਤੇ ਕਰਨਾ ਹੈ ਤਾਂ ਜੋ ਇਸ ਉੱਦਮ ਦਾ ਤੱਤ ਹੱਥੋਂ ਜਾਂਦਾ ਨਾ ਰਹੇ, ਭਾਵ, ਅਕਾਲ ਪੁਰਖੁ ਨਾਲ ਮਿਲਾਪ ਦਾ ਸਾਧਨ ਬਣ ਸਕੇ। ਇਸ ਲਈ ਆਪਣੇ ਸਰੀਰ ਨੂੰ ਇਕ ਚਾਟੀ ਦੀ ਤਰ੍ਹਾਂ ਬਣਾਓ, ਕਿਉਂਕਿ ਸਰੀਰ ਦੇ ਅੰਦਰੋਂ ਹੀ ਅਕਾਲ ਪੁਰਖੁ ਦੀ ਜੋਤ ਲੱਭਣੀ ਹੈ। ਮਨ ਨੂੰ ਭਟਕਣ ਤੋਂ ਬਚਾਈ ਰੱਖਣ ਲਈ ਇਸ ਮਨ ਨੂੰ ਮਧਾਣੀ ਬਣਾਓ, ਤੇ ਇਸ ਸਰੀਰ ਰੂਪੀ ਚਾਟੀ ਵਿਚ ਸਤਿਗੁਰੂ ਦੇ ਸ਼ਬਦ ਦੀ ਜਾਗ ਲਾਓ, ਤਾਂ ਜੋ ਸਿਮਰਨ ਰੂਪੀ ਦੁੱਧ ਵਿਚੋਂ ਅਕਾਲ ਪੁਰਖੁ ਦੇ ਮਿਲਾਪ ਦਾ ਤੱਤ ਕੱਢਣ ਵਿਚ ਸਹਾਇਤਾ ਹੋ ਸਕੇ। ਇਸ ਲਈ ਆਪਣੇ ਮਨ ਵਿਚ ਚਾਨਣ ਪੈਦਾ ਕਰਨ ਲਈ ਗੁਰਬਾਣੀ ਦੁਆਰਾ ਅਕਾਲ ਪੁਰਖੁ ਦੇ ਨਾਮੁ ਨੂੰ ਵਾਰ ਵਾਰ ਖੋਜਣਾ ਤੇ ਵੀਚਾਰਨਾ ਹੈ।

ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ ॥ ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ ॥1॥ ਰਹਾਉ ॥ (478)

ਜਿਸ ਮਨੁੱਖ ਦੇ ਚਿੱਤ ਵਿਚ ਅਕਾਲ ਪੁਰਖੁ ਆ ਕੇ ਵੱਸ ਜਾਵੇ, ਉਸ ਨੂੰ ਬਹੁਤ ਸੁਖ ਮਿਲਦਾ ਹੈ, ਪਰੰਤੂ ਜਿਸ ਮਨੁੱਖ ਨੂੰ ਅਕਾਲ ਪੁਰਖੁ ਵਿਸਰ ਜਾਂਦਾ ਹੈ, ਉਹ ਮਨੁੱਖ ਆਪਣੀ ਆਤਮਕ ਮੌਤ ਆਪ ਸਹੇੜ ਲੈਂਦਾ ਹੈ। ਜਿਸ ਮਨੁੱਖ ਉਤੇ ਅਕਾਲ ਪੁਰਖੁ ਦਇਆਲ ਹੁੰਦਾ ਹੈਂ, ਉਹ ਸਦਾ ਅਕਾਲ ਪੁਰਖੁ ਨੂੰ ਯਾਦ ਕਰਦਾ ਰਹਿੰਦਾ ਹੈ। ਹੰਕਾਰੀ ਮਨੁੱਖ ਕੁਝ ਨਹੀਂ ਸਿਖ ਸਕਦਾ ਹੈ, ਇਸ ਲਈ ਨਿਮਾਣੇ ਹੋ ਕੇ ਗੁਰੂ ਦੀ ਮਤ ਹਾਸਲ ਕਰਨੀ ਹੈ। ਅਕਾਲ ਪੁਰਖੁ ਦੇ ਅੱਗੇ ਇਹੀ ਅਰਦਾਸ ਕਰਨੀ ਹੈ, ਕਿ ਹੇ ਮੇਰੇ ਮਾਲਕ ਅਕਾਲ ਪੁਰਖੁ! ਮੇਰੇ ਵਰਗੀ ਨਿਮਾਣੀ ਜੀਵ ਇਸਤਰੀ ਦਾ ਤੂੰ ਹੀ ਮਾਣ ਹੈਂ। ਹੇ ਅਕਾਲ ਪੁਰਖੁ! ਮੈਂ ਤੇਰੇ ਅੱਗੇ ਅਰਜ਼ੋਈ ਕਰਦੀ ਹਾਂ, ਕਿ ਮੇਰੇ ਉਪਰ ਮਿਹਰ ਕਰ, ਤਾਂ ਜੋ ਮੈਂ ਤੇਰੀ ਸਿਫ਼ਤਿ ਸਾਲਾਹ ਦੀ ਬਾਣੀ ਸੁਣ ਸੁਣ ਕੇ ਮੈਂ ਆਤਮਕ ਜੀਵਨ ਹਾਸਲ ਕਰਦੀ ਰਹਾਂ।

ਮੇਰੇ ਸਾਹਿਬ ਤੂੰ ਮੈ ਮਾਣੁ ਨਿਮਾਣੀ ॥ ਅਰਦਾਸਿ ਕਰੀ ਪ੍ਰਭ ਅਪਨੇ ਆਗੈ ਸੁਣਿ ਸੁਣਿ ਜੀਵਾ ਤੇਰੀ ਬਾਣੀ ॥1॥ ਰਹਾਉ ॥ (749)

ਅੱਜਕਲ ਗੁਰੂ ਸਾਹਿਬ ਦੀ ਮਤ ਲੈਣ ਦੀ ਬਜਾਏ, ਲੋਕਾਂ ਦਾ ਆਪਣੀ ਮਤ ਦੇਣ ਤੇ ਜਿਆਦਾ ਜੋਰ ਹੈ। ਲੋਕਾਂ ਨੇ ਆਪ ਅਰਦਾਸ ਕਰਨ ਦੀ ਬਜਾਏ ਗਰੰਥੀਆਂ ਕੋਲੋਂ ਆਪਣੀ ਨਿਜੀ ਅਰਦਾਸ ਕਰਵਾਣੀ ਸ਼ੁਰੂ ਕਰ ਦਿਤੀ ਹੈ। ਪਰੰਤੂ ਗੁਰੂ ਸਾਹਿਬ ਤਾਂ ਕਹਿੰਦੇ ਹਨ ਕਿ ਆਪਣਾ ਕਾਰਜ ਆਪ ਸਵਾਰਨਾ ਹੈ। ਰੋਟੀ ਕੋਈ ਹੋਰ ਖਾਵੇ ਤੇ ਪੇਟ ਕਿਸੇ ਹੋਰ ਦਾ ਭਰ ਜਾਵੇ, ਇਹ ਕਿਸ ਤਰ੍ਹਾਂ ਹੋ ਸਕਦਾ ਹੈ। ਨੀਵਾਂ ਹੋ ਕੇ ਅਰਦਾਸ ਤਾਂ ਗਰੰਥੀ ਕਰੇ ਤੇ ਹੰਕਾਰ ਕਿਸੇ ਹੋਰ ਦਾ ਘਟ ਜਾਵੇ, ਇਹ ਸੰਭਵ ਨਹੀਂ। ਇਸ ਲਈ ਜੇਕਰ ਆਪਣੇ ਹਉਮੈ ਤੇ ਕਾਬੂ ਕਰਨਾ ਹੈ ਤਾਂ ਨਿਮਾਣੇ ਹੋ ਕੇ ਅਰਦਾਸ ਵੀ ਆਪ ਹੀ ਕਰਨੀ ਪਵੇਗੀ। ਗੁਰਬਾਣੀ ਦੁਆਰਾ ਜੀਵਨ ਜਾਚ ਵੀ ਆਪ ਖੁਦ ਉਪਰਾਲੇ ਕਰਕੇ ਤੇ ਨਿਮਾਣੇ ਹੋ ਕੇ ਸਿਖਣੀ ਪਵੇਗੀ।

"ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥20॥ (474)

ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਰਵਾਇਤਾ ਪੂਰੀਆਂ ਕਰਨ ਦੀ ਸਿਖਿਆ ਨਹੀਂ ਦਿੰਦੀ ਹੈ। ਗੁਰਬਾਣੀ ਨੂੰ ਪੜ੍ਹਨਾਂ, ਸੁਣਨਾਂ, ਸਮਝਣਾਂ ਤੇ ਜੀਵਨ

ਵਿਚ ਅਮਲੀ ਰੂਪ ਵਿਚ ਅਪਨਾਉਂਣਾ ਹੈ।

ਗਾਵੀਐ ਸੁਣੀਐ ਮਨਿ ਰਖੀਐ ਭਾਉ ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥ (2)

ਅਕਾਲ ਪੁਰਖ ਨੇ ਆਪ ਹੀ ਇਹ ਸ੍ਰਿਸ਼ਟੀ ਰਚੀ ਹੈ, ਤੇ ਇਸ ਵਿਚ ਜਿੰਦ ਰੂਪੀ ਸੱਤਿਆ ਵੀ ਆਪ ਹੀ ਪਾਈ ਹੈ। ਚੰਗੇ ਮੰਦੇ ਜੀਵਾਂ ਨੂੰ ਪੈਦਾ ਕਰ ਕੇ, ਉਨ੍ਹਾਂ ਦੀ ਸੰਭਾਲ ਵੀ ਉਹ ਆਪ ਹੀ ਕਰ ਰਿਹਾ ਹੈ। ਹਰੇਕ ਜੀਵ ਜੋ ਵੀ ਇਸ ਦੁਨੀਆ ਵਿਚ ਪੈਦਾ ਹੁੰਦਾ ਹੈ, ਉਸ ਨੇ ਇਕ ਦਿਨ ਮਰ ਜਾਣਾ ਹੈ, ਤੇ ਇਸ ਦੁਨੀਆ ਤੋਂ ਕੂਚ ਕਰਨ ਦੀ ਵਾਰੀ ਹਰੇਕ ਜੀਵ ਦੀ ਆਪਣੇ ਆਪਣੇ ਮਿਥੇ ਸਮੇਂ ਅਨੁਸਾਰ ਆਉਂਣੀ ਹੈ। ਜਿਸ ਅਕਾਲ ਪੁਰਖ ਦੇ ਦਿੱਤੇ ਹੋਏ, ਇਹ ਜਿੰਦ ਤੇ ਪ੍ਰਾਣ ਹਨ, ਉਸ ਮਾਲਕ ਨੂੰ ਆਪਣੇ ਮਨ ਤੋਂ ਕਦੇ ਭੁਲਾਣਾ ਨਹੀਂ ਚਾਹੀਦਾ। ਜਿਤਨਾ ਚਿਰ ਇਹ ਜਿੰਦ ਤੇ ਪ੍ਰਾਣ ਮਿਲੇ ਹੋਏ ਹਨ, ਉੱਦਮ ਕਰ ਕੇ ਆਪਣੇ ਹੱਥਾਂ ਨਾਲ ਆਪਣਾ ਕਾਰਜ ਆਪ ਸੁਆਰਨਾ ਚਾਹੀਦਾ ਹੈ, ਕਿਉਂਕਿ, ਇਹ ਮਨੁੱਖਾ ਜਨਮ ਅਕਾਲ ਪੁਰਖ ਦੇ ਹੁਕਮੁ ਅਨੁਸਾਰ ਚਲ ਕੇ ਸਫਲ ਕਰਨ ਲਈ ਮਿਲਿਆ ਹੈ।

ਪਉੜੀ ॥ ਆਪੇ ਹੀ ਕਰਣਾ ਕੀਓ ਕਲ ਆਪੇ ਹੀ ਤੈ ਧਾਰੀਐ ॥ ਦੇਖਹਿ ਕੀਤਾ ਆਪਣਾ ਧਰਿ ਕਚੀ ਪਕੀ ਸਾਰੀਐ ॥ ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥ ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ ॥ ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥20॥ (474)

ਗੁਰੂ ਗਰੰਥ ਸਾਹਿਬ ਵਿਚ ਅੰਕਿਤ ਸੱਚੀ ਬਾਣੀ ਨੂੰ ਹਿਰਦੇ ਵਿਚ ਵਸਾਣ ਨਾਲ ਹੀ ਅਕਾਲ ਪੁਰਖੁ ਦੀ ਮਿਹਰ ਦੀ ਨਜਰ ਹੋ ਸਕਦੀ ਹੈ। ਕੱਚੀ ਬਾਣੀ ਪੜ੍ਹਨ ਨਾਲ ਜਾਂ ਵੱਖ ਵੱਖ ਤਰ੍ਹਾਂ ਦੀ ਧਾਰਨਾ ਲਾਣ ਨਾਲ ਕੁਝ ਪ੍ਰਾਪਤ ਨਹੀਂ ਹੋਣਾ ਹੈ। ਸੱਚੀ ਬਾਣੀ ਨੂੰ ਆਪਣੇ ਹਿਰਦੇ ਵਿਚ ਵਸਾਣਾ ਹੈ, ਗੁਰਬਾਣੀ ਅਨੁਸਾਰ ਦੱਸੀ ਗਈ ਸਿਖਿਆ ਨੂੰ ਜੀਵਨ ਦੇ ਹਰ ਪਲ ਪਲ ਵਿਚ ਅਪਨਾਉਂਣਾ ਹੈ। ਘਰਾਂ ਵਿਚ, ਗੁਰੂ ਗਰੰਥ ਸਾਹਿਬ ਦੇ ਕਰਵਾਏ ਜਾ ਰਹੇ ਪਾਠ, ਬੱਚਿਆਂ ਦੇ ਆਨੰਦ ਕਾਰਜ ਸਿਰਫ ਰਵਾਇਤਾ ਤਕ ਹੀ ਸੀਮਿਤ ਰਹਿ ਗਏ ਹਨ। ਮੂਲ ਕਾਰਨ ਇਹ ਹੈ ਕਿ ਅਸੀਂ ਗੁਰੂ ਗਰੰਥ ਸਾਹਿਬ ਦੀ ਸਿਖਿਆ ਨੂੰ ਨਹੀਂ ਸੁਣਦੇ ਹਾਂ ਤੇ ਨਾ ਹੀ ਉਸ ਅਨੁਸਾਰ ਜੀਵਨ ਵਿਚ ਅਮਲ ਕਰਦੇ ਹਾਂ। ਬੱਚਿਆਂ ਨੇ ਵੱਡਿਆਂ ਦੀ ਨਕਲ ਕਰਨੀ ਹੁੰਦੀ ਹੈ ਤੇ ਉਨ੍ਹਾਂ ਕੋਲੋਂ ਹੀ ਸਿਖਣਾ ਹੁੰਦਾ ਹੈ। ਜੇਕਰ ਵੱਡਿਆਂ ਨੇ ਹੀ ਕਹਿਣਾ ਮੰਨਣਾਂ ਨਹੀਂ ਸਿਖਿਆ ਹੈ, ਤਾਂ ਬੱਚਿਆਂ ਤੋਂ ਕਿਸ ਤਰ੍ਹਾਂ ਆਸ ਰੱਖ ਸਕਦੇ ਹਾਂ।

http://www.geocities.ws/sarbjitsingh/BookWhyChildrenDoNotListen.pdf

ਗੁਰਦੁਆਰਾ ਸਾਹਿਬ ਵਿਚ ਵੀ ਜਿਆਦਾ ਤਰ ਰਵਾਇਤਾ ਹੀ ਪੂਰੀਆਂ ਕੀਤੀਆਂ ਜਾਂਦੀਆਂ ਹਨ। ਸੱਚੀ ਬਾਣੀ ਦੀ, ਸੱਚੀ ਤੇ ਸਪੱਸ਼ਟ ਸਿਖਿਆ ਤੇ ਵੀਚਾਰ ਵੱਲ ਧਿਆਨ ਨਹੀਂ ਦਿਤਾ ਜਾਂਦਾ ਹੈ। ਸਮਾਜ ਖਿੰਡਿਆ ਪਿਆ ਹੈ। ਟੀ.ਵੀ ਤੇ ਫਿਲਮਾਂ ਵਾਲੇ ਗਾਂਣੇ, ਡਾਂਸ ਤੇ ਘਟੀਆਂ ਸਿਖਿਆਂ ਦੇ ਕੇ ਆਪਣੇ ਪੈਸੇ ਕਮਾਉਂਣ ਵਿਚ ਰੁਝੇ ਰਹਿੰਦੇ ਹਨ। ਜੇਕਰ ਪੂਰਾ ਆਵਾ ਹੀ ਊਤਿਆ ਹੋਵੇ ਤਾਂ ਚੰਗੀ ਸਿਖਿਆ ਕਿਥੋਂ ਮਿਲ ਸਕਦੀ ਹੈ।

ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ ॥ ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ ॥4॥ (1334)

ਇਸ ਲਈ ਜੇਕਰ ਅਸੀਂ ਆਪਣੇ ਆਪ ਨੂੰ ਸਿੱਖ ਕਹਿਲਾਣਾ ਚਾਹੁੰਦੇ ਹਾਂ, ਤੇ ਆਪਣਾ ਭਲਾ ਆਪ ਚਾਹੁੰਦੇ ਹਾਂ, ਆਪਣਾ ਕਾਰਜ ਆਪ ਸਵਾਰਨਾ ਚਾਹੁੰਦੇ ਹਾਂ, ਤਾਂ ਸਰੀਰ ਤੇ ਮਨ ਦੇ ਵਿਕਾਸ ਲਈ, ਦੋਵੇਂ ਤਰ੍ਹਾਂ ਦੀਆਂ ਸਿਖਿਆਵਾਂ ਵੀ ਆਪ ਹੀ ਲੈਣੀਆਂ ਹਨ। ਉਸ ਲਈ ਚੰਗੀਆਂ ਕਿਤਾਬਾਂ ਤੇ ਲੇਖ ਪੜ੍ਹਨ ਦੀ ਆਦਤ ਪਾਉਂਣੀ ਪਵੇਗੀ। ਸਰੀਰ ਦੇ ਵਿਕਾਸ ਲਈ ਸਾਇੰਸ, ਜੀਵ ਵਿਗਿਆਨ, ਬਨਸਪਤੀ ਵਿਗਿਆਨ, ਹਿਸਾਬ, ਅਰਥ ਸ਼ਾਸਤਰ, ਸੰਤੁਲਤ ਭੋਜਨ, ਭੂਗੋਲ, ਇਤਿਹਾਸ, ਰਾਜਨੀਤੀ, ਆਦਿਕ ਬਹੁਤ ਸਾਰੇ ਵਿਸ਼ਿਆਂ ਦੀ ਜਾਣਕਾਰੀ ਹਰੇਕ ਸਿੱਖ ਲਈ ਬਹੁਤ ਜਰੂਰੀ ਹੈ। ਇਸੇ ਤਰ੍ਹਾਂ ਮਨ ਦੇ ਵਿਕਾਸ ਲਈ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਸੱਚੀ ਬਾਣੀ ਦੀ ਵੀਚਾਰ ਤੇ ਉਸ ਦੀ ਖੋਜ ਵੀ ਹਰੇਕ ਸਿੱਖ ਲਈ ਜਰੂਰੀ ਹੈ। ਇਹ ਦੋਵੇਂ ਤਰ੍ਹਾਂ ਦੀਆਂ ਸਿਖਿਆਵਾਂ ਹਾਸਲ ਕਰਨ ਲਈ ਹਰੇਕ ਸਿੱਖ ਨੇ ਆਪਣੇ ਭਲੇ ਲਈ ਆਪ ਉਪਰਾਲੇ ਕਰਨੇ ਹਨ।

ਟੀ. ਵੀ., ਅਖਬਾਰ, ਇੰਨਟਰਨੈਟ, ਆਮ ਲੋਕ, ਤੇ ਹੋਰ ਬਹੁਤ ਸਾਰੀਆਂ ਥਾਂਵਾਂ ਤੋਂ ਮਨੁੱਖ ਨੂੰ ਤਰ੍ਹਾਂ ਤਰ੍ਹਾਂ ਦੀ ਜਾਣਕਾਰੀ ਮਿਲਦੀ ਹੈ। ਜੋ ਕਿ ਠੀਕ ਵੀ ਹੋ ਸਕਦੀ ਹੈ, ਤੇ ਗਲਤ ਵੀ ਹੋ ਸਕਦੀ ਹੈ ਤੇ ਸਾਨੂੰ ਗੁਮਰਾਹ ਕਰਨ ਵਾਲੀ ਵੀ ਹੋ ਸਕਦੀ ਹੈ। ਅਕਸਰ ਅਕਲ ਦੀ ਗਲ ਸੁਣਨ ਲਈ ਬਹੁਤ ਘਟ ਗਿਣਤੀ ਵਿਚ ਲੋਕ ਤਿਆਰ ਹੁੰਦੇ ਹਨ, ਪਰੰਤੂ ਮਨ ਨੂੰ ਖੁਸ਼ ਕਰਨ ਵਾਲੀਆਂ ਘਟੀਆ ਗੱਲਾਂ ਨਾਲ ਲੋਕ ਬਹੁਤ ਜਿਆਦਾ ਗਿਣਤੀ ਵਿਚ ਪ੍ਰਭਾਵਤ ਹੁੰਦੇ ਹਨ।

ਕੋਈ ਵੀ ਮਸਲਾ ਹੋਵੇ, ਹਰ ਕੋਈ ਆਪਣੇ

ਆਪ ਨੂੰ ਠੀਕ ਕਹਿੰਦਾ ਹੈ, ਪਰ ਅਸਲੀਅਤ ਅਕਸਰ ਇਸ ਦੇ ਉਲਟ ਹੁੰਦੀ ਹੈ। ਜੇਕਰ ਲੋਕਾਂ ਦੇ ਵੀਚਾਰ ਵੱਖ ਵੱਖ ਹਨ, ਤਾਂ ਸਾਰੇ ਕਿਸ ਤਰ੍ਹਾਂ ਠੀਕ ਹੋ ਸਕਦੇ ਹਨ? ਸਾਰਿਆਂ ਵਿਚੋਂ ਇਕ ਹੀ ਠੀਕ ਹੋ ਸਕਦਾ ਹੈ, ਇਹ ਵੀ ਸੰਭਵ ਹੈ ਕਿ ਸਾਰੇ ਹੀ ਗਲਤ ਹੋਣ।

ਅਸ਼ਾਂਤੀ ਦਾ ਕਾਰਣ ਇਹੀ ਹੈ, ਕਿ ਸਾਡੀ ਸੋਚ ਵਿਚ ਕੁਝ ਨੁੱਕਸ ਸੀ ਜਾਂ ਹੁਣ ਵੀ ਕੋਈ ਨੁੱਕਸ ਹੈ। ਅਸਲ ਵਿਚ ਸਚਾਈ ਕੁੱਝ ਹੋਰ ਹੀ ਹੋ ਸਕਦੀ ਹੈ। ਸਚਾਈ ਪੈਸਾ, ਉੱਚੀ ਪਦਵੀ ਜਾਂ ਤਾਕਤ ਨਾਲ ਨਹੀਂ ਮਿਲ ਸਕਦੀ ਹੈ, ਝੂਠ ਨੂੰ ਸੱਚ ਕਹਿ ਕੇ, ਦੂਸਰਿਆਂ ਉਪਰ ਥੋਪਿਆ ਤਾਂ ਜਾ ਸਕਦਾ ਹੈ, ਪਰੰਤੂ ਝੂਠ ਕਦੀ ਸੱਚ ਨਹੀ ਬਣ ਸਕਦਾ ਹੈ। ਲੋਭ, ਪਾਪ, ਕੂੜ ਤੇ ਕਾਮ ਕਰਕੇ ਹਰੇਕ ਜੀਵ ਆਪਣੇ ਆਪ ਨੂੰ ਪੂਰਨ ਤੌਰ ਤੇ ਸਿਆਣਾ ਸਮਝਦਾ ਹੈ। ਹੰਕਾਰ ਕਰਕੇ ਕੋਈ ਮਨੁੱਖ ਆਪਣੇ ਔਗੁਣ ਮੰਨਣ ਨੂੰ ਤਿਆਰ ਨਹੀਂ ਹੈ। ਸਚਾਈ ਕੋਈ ਪਦਾਰਥ ਨਹੀਂ, ਜਿਸ ਨੂੰ ਹਰ ਕੋਈ ਆਮ ਦੁਨਿਆਵੀ ਤੱਕੜੀ ਜਾਂ ਕਿਸੇ ਹੋਰ ਪੈਮਾਨੇ ਨਾਲ ਤੋਲਿਆ ਜਾ ਸਕੇ। ਸੱਚ ਦਾ ਪਤਾ ਕਰਨ ਲਈ ਸੱਚ ਦੀ ਤੱਕੜੀ ਨਾਲ ਹੀ ਤੋਲਣਾ ਪਵੇਗਾ। ਮਨੁੱਖ ਪਰਖ ਵਿਚ, ਤਾਂ ਪੂਰਾ ਉਤਰਦਾ ਹੈ, ਜੇ ਤੱਕੜੀ ਦੇ ਦੂਜੇ ਪੱਲੇ ਵਿਚ ਅਕਾਲ ਪੁਰਖੁ ਦੀ ਦਰਗਾਹ ਵਿਚ ਮਿਲਣ ਵਾਲੀ ਇੱਜ਼ਤ ਦੇ ਮਾਪ ਤੋਲ ਦਾ ਵੱਟਾ ਪਾਇਆ ਜਾਏ। ਪਰੰਤੂ ਸਚ ਨੂੰ ਪਰਖਣਾਂ ਬਹੁਤ ਮੁਸ਼ਕਲ ਹੈ, ਇਸ ਲਈ ਜੇ ਕਰ ਸੱਚ ਜਾਨਣਾ ਚਾਹੁੰਦੇ ਹਾਂ ਤਾਂ ਸੱਚ ਦੀ ਤੱਕੜੀ ਲੈਣੀ ਪਵੇਗੀ।

ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥ ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ ॥2॥ (468-469)

ਗੁਰੂ ਸਾਹਿਬਾਂ ਨੇ ਸਾਨੂੰ ਸੱਚ ਦੀ ਪਛਾਣ ਕਰਨ ਦਾ ਤਰੀਕਾ ਵੀ ਸਮਝਾਂ ਦਿਤਾ ਹੈ। ਅਸੀਂ ਹਰ ਰੋਜ ਆਸਾ ਕੀ ਵਾਰ ਦੇ ਕੀਰਤਨ ਵਿਚ ਸੁਣਦੇ ਹਾਂ:

ਮਃ 1 ॥ ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥ ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥ ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥ ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥ ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥ ਧਰਤਿ ਕਾਇਆ ਸਾਧ ਕੈ ਵਿਚਿ ਦੇਇ ਕਰਤਾ ਬੀਉ ॥ ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥ ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥ ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥ ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥ ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥ ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥ 2 ॥ (468)

ਸੱਚ ਦੀ ਪਛਾਣ ਉਹੀ ਕਰ ਸਕਦਾ ਹੈ, ਜਿਸ ਦੇ (1) ਜਿਸ ਦੇ ਹਿਰਦੇ ਵਿਚ ਸੱਚਾ ਅਕਾਲ ਪੁਰਖੁ ਵਸਦਾ ਹੈ, (2) ਜਿਸ ਦੇ ਹਿਰਦੇ ਵਿਚ ਸੱਚ ਨਾਲ ਪਿਆਰ ਹੋਵੇ, (3) ਜਿਸ ਨੂੰ ਸੱਚੇ ਜੀਵਨ ਨੂੰ ਜਿਉਂਣ ਦੀ ਜਾਚ ਆਉਂਦੀ ਹੋਵੇ, (4) ਜਿਸ ਨੇ ਸੱਚੀ ਸਿਖਿਆ ਲਈ ਹੋਵੇ, (5) ਜਿਸ ਨੇ ਆਪਣੀ ਆਤਮਾ ਦੇ ਅੰਦਰ ਸੱਚ ਦੇ ਤੀਰਥ ਦਾ ਨਿਵਾਸ ਕੀਤਾ ਹੋਵੇ। ਜਦੋਂ ਇਹ ਪੰਜੇ ਲੋੜੀਦੀਆਂ ਸ਼ਰਤਾਂ ਪੂਰੀਆਂ ਹੋ ਜਾਂਦੀਆਂ ਹਨ ਤਾਂ ਫਿਰ ਸੱਚ ਸਭ ਦੁਖਾਂ ਦਾ ਇਲਾਜ ਆਪਣੇ ਆਪ ਬਣ ਜਾਂਦਾ ਹੈ।

ਇਸ ਲਈ ਜੇਕਰ ਸਚਾਈ ਜਾਨਣਾ ਚਾਹੁੰਦੇ ਹਾਂ ਤਾਂ ਆਪਣੇ ਹਿਰਦੇ ਵਿਚ ਸੱਚੇ ਅਕਾਲ ਪੁਰਖੁ ਨੂੰ ਵਸਾਣਾ ਪਵੇਗਾ, ਹਿਰਦੇ ਵਿਚ ਸੱਚ ਨਾਲ ਪਿਆਰ ਪਾਉਣਾਂ ਪਵੇਗਾ, ਸੱਚੇ ਜੀਵਨ ਦੀ ਜਾਚ ਸਿਖਣੀ ਪਵੇਗੀ, ਸਿਖਿਆ ਵੀ ਸੱਚੀ ਲੈਣੀ ਪਵੇਗੀ, ਆਪਣੀ ਆਤਮਾ ਦੇ ਅੰਦਰ ਸੱਚ ਦੇ ਤੀਰਥ ਦਾ ਨਿਵਾਸ ਕਰਨਾ ਪਵੇਗਾ, ਤਾਂ ਹੀ ਫਿਰ ਸੱਚ ਸਭ ਦੁਖਾਂ ਦਾ ਇਲਾਜ ਬਣ ਸਕਦਾ ਹੈ ਤੇ ਸਾਡੇ ਜੀਵਨ ਦਾ ਮਨੋਰਥ ਪੂਰਾ ਹੋ ਸਕਦਾ ਹੈ।

ਜੇ ਕਰ ਉਪਰ ਲਿਖੀਆਂ, ਗੁਰਬਾਣੀ ਦੀਆਂ ਸਿਖਿਆਵਾਂ, ਨੂੰ ਇਕੱਠਾ ਕਰੀਏ ਤਾਂ ਅਸੀਂ ਸੰਖੇਪ ਵਿਚ ਕਹਿ ਸਕਦੇ ਹਾਂ ਕਿ

- ਮਨੁੱਖ ਨੂੰ ਜੀਵਨ ਵਿਚ ਵਿਚਰਨ ਲਈ ਲਗਾਤਾਰ ਉਪਰਾਲੇ ਕਰਨ ਦੀ ਲੋੜ ਹੈ। ਜਿਹੜਾ ਮਨੁੱਖ ਇਹ ਸਭ ਕੁਝ ਆਪ ਕਰਦਾ ਹੈ, ਉਹ ਸਫਲਤਾ ਵਲ ਜਾਂਦਾ ਹੈ, ਨਹੀਂ ਤਾਂ ਅਕਸਰ ਦੁਖੀ ਤੇ ਬੇਆਸਰਾ ਹੀ ਰਹਿ ਜਾਂਦਾ ਹੈ।
- ਜੀਵਨ ਜਾਚ ਵੀ ਮਨੁੱਖ ਨੇ ਆਪ ਉਪਰਾਲੇ ਕਰਕੇ ਹੀ ਸਿਖਣੀ ਹੈ।
- ਮਨ ਵਿਚ ਜਾਗਰਤੀ ਪੈਦਾ ਕਰਨ ਲਈ ਗੁਰਬਾਣੀ ਦੀ ਵੀਚਾਰ ਕਰਨੀ ਵੀ ਆਪ ਹੀ ਸਿਖਣੀ ਹੈ, ਤਾਂ ਜੋ ਮਨ ਨੂੰ ਵਿਕਾਰਾ ਦੀ ਮੈਲ ਨਾ ਲਗ ਸਕੇ। ਆਪਣੇ ਆਪ ਨੂੰ ਗੁਮਰਾਹ ਹੋਣ ਤੋਂ ਬਚਾਣ ਲਈ ਸੱਚੀ ਬਾਣੀ ਗਾਇਨ ਕਰਨੀ ਹੈ ਤੇ ਉਸ ਦੀ ਖੋਜ ਵੀ ਆਪ ਹੀ ਕਰਨੀ ਸਿਖਣੀ ਹੈ।
- ਵਿਕਾਰਾਂ ਤੋਂ ਬਚਣ ਦਾ ਪੱਕਾ ਪ੍ਰਬੰਧ ਗੁਰੂ ਦੇ ਦਰ ਤੇ ਪ੍ਰਾਪਤ ਹੁੰਦਾ ਹੈ, ਚੰਗਾ ਆਚਰਨ, ਸੰਤੋਖ ਆਦਿ ਸਭ ਕੁਝ ਗੁਰੂ ਦੇ ਦਰ ਤੇ ਹੀ ਸਿਖੇ ਜਾ ਸਕਦੇ ਹਨ।
- ਗੁਰੂ ਦੇ ਸ਼ਬਦ ਦੁਆਰਾ ਜਿਸ ਮਨੁੱਖ ਨੂੰ ਅਕਾਲ ਪੁਰਖੁ ਦਾ ਅਟੱਲ ਹੁਕਮੁ ਮਿੱਠਾ ਲੱਗਣ ਲੱਗ ਪੈਂਦਾ ਹੈ, ਉਸ ਦੇ ਅੰਦਰ ਆਤਮਕ ਆਨੰਦ ਬਣਿਆ ਰਹਿੰਦਾ ਹੈ।

- ਗਿਣਤੀ ਵਾਲੇ ਸਿਮਰਨ ਕਰਨ ਨਾਲ ਕੁਝ ਨਹੀਂ ਬਣਨਾ, ਆਪਣਾ ਆਪ ਗਵਾ ਕੇ ਗੁਰੂ ਅੱਗੇ ਅਰਪਨ ਕਰਨਾ ਪਵੇਗਾ, "ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ" ਵਾਲੀ ਅਵਸਥਾ ਬਣਾਉਣੀ ਪਵੇਗੀ।
- ਸਭਨਾਂ ਦੇ ਚਰਨਾਂ ਦੀ ਧੂੜ ਬਣ ਕੇ ਅਤੇ ਆਪਣੇ ਅੰਦਰੋਂ ਹੰਕਾਰ ਦੂਰ ਕਰ ਕੇ ਹੀ ਅਕਾਲ ਪੁਰਖੁ ਨੂੰ ਮਿਲਿਆ ਜਾ ਸਕਦਾ ਹੈ।
- ਗੁਰੂ ਦਾ ਸ਼ਬਦ ਵੱਡੇ ਰਸ ਵਾਲਾ ਹੈ, ਮਿੱਠਾ ਹੈ, ਪਰੰਤੂ ਜਿਤਨਾ ਚਿਰ ਇਸ ਨੂੰ ਚੱਖਿਆ ਨਾ ਜਾਏ, ਇਸ ਦੇ ਸੁਆਦ ਦਾ ਪਤਾ ਨਹੀਂ ਲੱਗ ਸਕਦਾ।
- ਜ ਦੋਂ ਮਨੁੱਖ ਗੁਰੂ ਦੇ ਦੱਸੇ ਰਾਹ ਉਤੇ ਚਲਦਾ ਹੈ, ਤਾਂ ਉਹ ਇਕ ਅਕਾਲ ਪੁਰਖੁ ਨਾਲ ਡੂੰਘੀ ਸਾਂਝ ਪਾ ਲੈਂਦਾ ਹੈ, ਤੇ, ਫਿਰ ਉਹ ਆਪਣੇ ਹਉਮੈਂ ਤੇ ਕਾਬੂ ਪਾ ਲੈਂਦਾ ਹੈ ਤੇ ਫਿਰ ਹਉਮੈ ਦਾ ਦੁਖ ਉਸ ਨੂੰ ਸਤਾ ਨਹੀਂ ਸਕਦਾ ਹੈ।
- ਪੂਰੀ ਸ੍ਰਿਸ਼ਟੀ ਦਾ ਹਰੇਕ ਕਾਰਜ ਅਕਾਲ ਪੁਰਖੁ ਦੇ ਹੁਕਮੁ ਤੇ ਰਜਾ ਅਨੁਸਾਰ ਹੋ ਰਿਹਾ ਹੈ। ਇਸ ਲਈ ਹਰ ਤਰ੍ਹਾਂ ਦੇ ਕਾਰਜ ਕਰਦੇ ਸਮੇਂ ਅਕਾਲ ਪੁਰਖੁ ਦੇ ਗੁਣਾਂ ਨੂੰ ਸਮਝਿਆ, ਜਾਣਿਆ, ਵਿਚਾਰਿਆ ਤੇ ਅਪਨਾਇਆ ਜਾ ਸਕਦਾ ਹੈ। ਅਕਾਲ ਪੁਰਖੁ ਦੇ ਹੁਕਮੁ ਨੂੰ ਗੁਰਬਾਣੀ ਦੁਆਰਾ ਪਛਾਣਿਆ ਤੇ ਉਸ ਅਨੁਸਾਰ ਚਲਿਆ ਜਾ ਸਕਦਾ ਹੈ।
- ਅੱਜਕਲ ਕੀਰਤਨ ਦਰਬਾਰ ਤਾਂ ਅਨੇਕਾਂ ਹੋਰ ਰਹੇ ਹਨ, ਪਰੰਤੂ ਕੋਈ ਵਿਰਲਾ ਹੀ ਮਨ ਵਿਚ ਜਾਗਰਤੀ ਪੈਦਾ ਕਰਦਾ ਹੈ। ਕੀਰਤਨ ਤਾਂ ਹੀ ਪ੍ਰਵਾਨ ਹੈ ਜੇਕਰ ਮਨ ਵਿਚ ਜਾਗਰਤੀ ਪੈਦਾ ਹੁੰਦੀ ਹੈ। ਆਪਣੇ ਮਨ ਵਿਚ ਚਾਨਣ ਪੈਦਾ ਕਰਨ ਲਈ ਗੁਰਬਾਣੀ ਦੁਆਰਾ ਅਕਾਲ ਪੁਰਖੁ ਦੇ ਨਾਮੁ ਨੂੰ ਵਾਰ ਵਾਰ ਖੋਜਣਾ ਤੇ ਵੀਚਾਰਨਾ ਹੈ।
- ਅਕਾਲ ਪੁਰਖੁ ਦੇ ਅੱਗੇ ਇਹੀ ਅਰਦਾਸ ਕਰਨੀ ਹੈ, ਕਿ ਮੇਰੇ ਉਪਰ ਮਿਹਰ ਕਰ, ਤਾਂ ਜੋ ਮੈਂ ਤੇਰੀ ਸਿਫ਼ਤਿ ਸਾਲਾਹ ਦੀ ਬਾਣੀ ਸੁਣ ਸੁਣ ਕੇ ਮੈਂ ਆਤਮਕ ਜੀਵਨ ਹਾਸਲ ਕਰਦੀ ਰਹਾਂ।
- ਜੇਕਰ ਆਪਣੇ ਹਉਮੈ ਤੇ ਕਾਬੂ ਕਰਨਾ ਹੈ ਤਾਂ ਨਿਮਾਣੇ ਹੋ ਕੇ ਅਰਦਾਸ ਵੀ ਆਪ ਹੀ ਕਰਨੀ ਪਵੇਗੀ। ਗੁਰਬਾਣੀ ਦੁਆਰਾ ਜੀਵਨ ਜਾਚ ਵੀ ਆਪ ਖੁਦ ਉਪਰਾਲੇ ਕਰਕੇ ਤੇ ਨਿਮਾਣੇ ਹੋ ਕੇ ਸਿਖਣੀ ਪਵੇਗੀ।
- ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਰਵਾਇਤਾ ਪੂਰੀਆਂ ਕਰਨ ਦੀ ਸਿਖਿਆ ਨਹੀਂ ਦਿੰਦੀ ਹੈ। ਗੁਰਬਾਣੀ ਨੂੰ ਪੜ੍ਹਨਾਂ, ਸੁਣਨਾਂ, ਸਮਝਣਾਂ ਤੇ ਜੀਵਨ ਵਿਚ ਅਮਲੀ ਰੂਪ ਵਿਚ ਅਪਨਾਉਣਾ ਹੈ।
- ਜਿਤਨਾ ਚਿਰ ਇਹ ਜਿੰਦ ਤੇ ਪ੍ਰਾਣ ਮਿਲੇ ਹੋਏ ਹਨ, ਉੱਦਮ ਕਰ ਕੇ ਆਪਣੇ ਹੱਥਾਂ ਨਾਲ ਆਪਣਾ ਕਾਰਜ ਆਪ ਸੁਆਰਨਾ ਚਾਹੀਦਾ ਹੈ।
- ਗੁਰੂ ਗਰੰਥ ਸਾਹਿਬ ਦੇ ਕਰਵਾਏ ਜਾ ਰਹੇ ਪਾਠ, ਬੱਚਿਆਂ ਦੇ ਆਨੰਦ ਕਾਰਜ ਸਿਰਫ ਰਵਾਇਤਾ ਤਕ ਹੀ ਸੀਮਿਤ ਰਹਿ ਗਏ ਹਨ। ਮੂਲ ਕਾਰਨ ਇਹ ਹੈ ਕਿ ਅਸੀਂ ਗੁਰੂ ਗਰੰਥ ਸਾਹਿਬ ਦੀ ਸਿਖਿਆ ਨੂੰ ਨਹੀਂ ਸੁਣਦੇ ਹਾਂ ਤੇ ਨਾ ਹੀ ਉਸ ਅਨੁਸਾਰ ਜੀਵਨ ਵਿਚ ਅਮਲ ਕਰਦੇ ਹਾਂ। ਜੇਕਰ ਵੱਡਿਆਂ ਨੇ ਹੀ ਕਹਿੰਣਾ ਮੰਨਣਾਂ ਨਹੀਂ ਸਿਖਿਆ ਹੈ, ਤਾਂ ਬੱਚਿਆਂ ਤੋਂ ਕਿਸ ਤਰ੍ਹਾਂ ਆਸ ਰੱਖ ਸਕਦੇ ਹਾਂ।
- ਸਰੀਰ ਤੇ ਮਨ ਦੇ ਵਿਕਾਸ ਲਈ, ਦੋਵੇਂ ਤਰ੍ਹਾਂ ਦੀਆਂ ਸਿਖਿਆਵਾਂ ਵੀ ਆਪ ਹੀ ਲੈਣੀਆਂ ਹਨ। ਸਰੀਰ ਦੇ ਵਿਕਾਸ ਲਈ ਸਾਇੰਸ, ਜੀਵ ਵਿਗਿਆਨ, ਬਨਸਪਤੀ ਵਿਗਿਆਨ, ਹਿਸਾਬ, ਅਰਥ ਸ਼ਾਸਤਰ, ਸੰਤੁਲਤ ਭੋਜਨ, ਭੂਗੋਲ, ਇਤਿਹਾਸ, ਰਾਜਨੀਤੀ, ਆਦਿਕ ਬਹੁਤ ਸਾਰੇ ਵਿਸ਼ਿਆਂ ਦੀ ਜਾਣਕਾਰੀ ਹਰੇਕ ਸਿੱਖ ਲਈ ਬਹੁਤ ਜਰੂਰੀ ਹੈ। ਇਸੇ ਤਰ੍ਹਾਂ ਮਨ ਦੇ ਵਿਕਾਸ ਲਈ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਸੱਚੀ ਬਾਣੀ ਦੀ ਵੀਚਾਰ ਤੇ ਉਸ ਦੀ ਖੋਜ ਵੀ ਹਰੇਕ ਸਿੱਖ ਲਈ ਬਹੁਤ ਜਰੂਰੀ ਹੈ।
- ਸਚਾਈ ਕੋਈ ਪਦਾਰਥ ਨਹੀਂ, ਜਿਸ ਨੂੰ ਹਰ ਕੋਈ ਆਮ ਦੁਨਿਆਵੀ ਤੱਕੜੀ ਜਾਂ ਕਿਸੇ ਹੋਰ ਪੈਮਾਨੇ ਨਾਲ ਤੋਲਿਆ ਜਾ ਸਕੇ। ਸੱਚ ਦਾ ਪਤਾ ਕਰਨ ਲਈ ਸੱਚ ਦੀ ਤੱਕੜੀ ਨਾਲ ਹੀ ਤੋਲਣਾ ਪਵੇਗਾ।
- ਸੱਚ ਦੀ ਪਛਾਣ ਉਹੀ ਕਰ ਸਕਦਾ ਹੈ, (1) ਜਿਸ ਦੇ ਹਿਰਦੇ ਵਿਚ ਸੱਚਾ ਅਕਾਲ ਪੁਰਖੁ ਵਸਦਾ ਹੈ, (2) ਜਿਸ ਦੇ ਹਿਰਦੇ ਵਿਚ ਸੱਚ ਨਾਲ ਪਿਆਰ ਹੋਵੇ, (3) ਜਿਸ ਨੂੰ ਸੱਚੇ ਜੀਵਨ ਨੂੰ ਜਿਉਂਣ ਦੀ ਜਾਚ ਆਂਉਂਦੀ ਹੋਵੇ, (4) ਜਿਸ ਨੇ ਸੱਚੀ ਸਿਖਿਆ ਲਈ ਹੋਵੇ, (5) ਜਿਸ ਨੇ ਆਪਣੀ ਆਤਮਾ ਦੇ ਅੰਦਰ ਸੱਚ ਦੇ ਤੀਰਥ ਦਾ ਨਿਵਾਸ ਕੀਤਾ ਹੋਵੇ।
- ਜੇਕਰ ਸਚਾਈ ਜਾਨਣਾ ਚਾਹੁੰਦੇ ਹਾਂ ਤਾਂ ਆਪਣੇ ਹਿਰਦੇ ਵਿਚ ਸੱਚੇ ਅਕਾਲ ਪੁਰਖੁ ਨੂੰ ਵਸਾਣਾ ਪਵੇਗਾ, ਹਿਰਦੇ ਵਿਚ ਸੱਚ ਨਾਲ ਪਿਆਰ ਪਾਉਣਾਂ ਪਵੇਗਾ, ਸੱਚੇ ਜੀਵਨ ਦੀ ਜਾਚ ਸਿਖਣੀ ਪਵੇਗੀ, ਸਿਖਿਆ ਵੀ ਸੱਚੀ ਲੈਣੀ ਪਵੇਗੀ, ਆਪਣੀ ਆਤਮਾ ਦੇ ਅੰਦਰ ਸੱਚ ਦੇ ਤੀਰਥ ਦਾ ਨਿਵਾਸ ਕਰਨਾ ਪਵੇਗਾ, ਤਾਂ ਹੀ ਫਿਰ ਸੱਚ ਸਭ ਦੁਖਾਂ ਦਾ ਇਲਾਜ ਬਣ ਸਕਦਾ ਹੈ ਤੇ ਸਾਡੇ ਜੀਵਨ ਦਾ ਮਨੋਰਥ ਪੂਰਾ ਹੋ ਸਕਦਾ ਹੈ।

"ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫਤਿਹ"

****

ਸਿੱਖ ਧਰਮ ਦੀਆਂ ਵਿਸ਼ੇਸ਼ਤਾਈਆਂ



ਬਲਬੀਰ ਸਿੰਘ 'ਬਲੀ'
7696357646

ਦੇਵੀ-ਦੇਵਤਿਆਂ ਅਤੇ ਅਵਤਾਰਾਂ ਦੀ ਪੂਜਾ ਦਾ ਖੰਡਨ ਸਿੱਖ ਧਰਮ ਵਿੱਚ ਡੰਕੇ ਦੀ ਚੋਟ 'ਤੇ ਕੀਤਾ ਗਿਆ ਹੈ। ਕਿਸੇ ਅਵਤਾਰ ਨੂੰ ਪ੍ਰਮਾਤਮਾ ਬਣਾਕੇ ਪੂਜਣ ਤੋਂ ਭਾਵ ਹੈ ਕਿ ਪ੍ਰਮਾਤਮਾ ਨੂੰ ਮਨੁੱਖਾ ਵਾਂਗ ਜਨਮਿਆ ਸਮਝਣਾ ਪਰ ਸਿੱਖ ਧਰਮ ਤਾਂ ਉਪਦੇਸ਼ ਕਰਦਾ ਹੈ ਕਿ 'ਉਹ ਮੂੰਹ ਸਾੜ ਦਿੱਤਾ ਜਾਵੇ ਜਿਸ ਮੂੰਹ ਵਿਚੋਂ ਇਹ ਸ਼ਬਦ ਨਿਕਲਦੇ ਹਨ ਕਿ, 'ਪ੍ਰਮਾਤਮਾ ਜੂਨਾਂ ਵਿੱਚ ਆਉਂਦਾ ਹੈ। ਪ੍ਰਮਾਤਮਾ ਕੇਵਲ ਇੱਕ ਹੈ, ਉਸ ਵਰਗਾ ਹੋਰ ਕੋਈ ਦੇਵੀ-ਦੇਵਤਾ ਅਤੇ ਅਵਤਾਰ ਨਹੀਂ ਹੋ ਸਕਦਾ। ਜਿਨ੍ਹਾ ਅਵਤਾਰਾਂ ਨੂੰ ਪ੍ਰਮਾਤਮਾ ਸਮਝਕੇ ਪੂਜਿਆਂ ਜਾਂਦਾ ਹੈ, ਇਹ ਆਪਣੇ ਸਮੇਂ ਦੇ ਮਹਾਨ ਰਾਜੇ ਜ਼ਰੂਰ ਸਨ ਤੇ ਉਹ ਵੀ ਹਉਮੈ ਦੇ ਸ਼ਿਕਾਰ। ਗੁਰੂ ਸਾਹਿਬਾਨ ਸਵਾਲ ਕਰਦਿਆਂ ਪੁਛਦੇ ਹਨ, "ਦੇਵੀ-ਦੇਵਤਿਆਂ ਦੀ ਪੂਜਾ ਕਰਕੇ, ਤੁਸੀਂ ਉਨ੍ਹਾਂ ਤੋਂ ਕੀ ਮੰਗਦੇ ਹੋ? ਉਹ ਤੁਹਾਨੂੰ ਕੀ ਦੇ ਸਕਦੇ ਹਨ? ਭਾਵ ਇਹ ਦੇਵੀ-ਦੇਵਤੇ ਤੁਹਾਡੇ ਮਨਾਂ ਦੀ ਮੁਰਾਦ ਪੂਰੀ ਨਹੀਂ ਕਰ ਸਕਦੇ। ਮਨ-ਇਛਤ ਫਲ ਦੇਣ ਵਾਲਾ ਕੇਵਲ ਪ੍ਰਮਾਤਮਾ ਹੈ, ਉਸਦੀ ਬੰਦਗੀ ਕਰਨੀ ਚਾਹੀਦੀ ਹੈ।

ਸਿੱਖ ਧਰਮ ਵਿੱਚ ਇਸਤਰੀ ਦਾ ਸਨਮਾਨ ਸਲਾਹੁਣ ਯੋਗ ਹੈ। ਸਿੱਖ ਧਰਮ ਦੀ ਉਤਪਤੀ ਵੇਲੇ ਸਮਾਜ ਵਿੱਚ ਇਸਤਰੀ ਦੀ ਹਾਲਤ ਬਹੁਤ ਤਰਸਯੋਗ ਸੀ। ਵੱਖ-ਵੱਖ ਧਰਮ ਮਤਾਂਤਰਾਂ ਦੇ ਵਿੱਚ ਉਸ ਨੂੰ ਨਰਕ ਦੁਆਰੀ, ਬਘਿਆਰਣ, ਪ੍ਰਭੂ ਵਲੋਂ ਮਰਦ ਨੂੰ ਮਿਲੀ ਖੂਬਸੂਰਤ ਸੌਗਾਤ ਇਤਿਆਦਕ ਅਪਮਾਨ ਭਰੇ ਲਫਜਾਂ ਨਾਲ ਪੁਕਾਰਿਆ ਜਾਂਦਾ ਸੀ। ਉਹ ਘਰ ਦੀ ਚਾਰ ਦੀਵਾਰੀ ਵਿੱਚ ਬੰਦ ਹੋ ਕੇ ਜੀਵਨ ਬਸੁਰ ਕਰ ਰਹੀ ਸੀ। ਉਸਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ। ਪਰ ਸਿੱਖ ਧਰਮ ਵਿੱਚ ਇਸਤਰੀ ਨੂੰ ਸੰਪੂਰਨ ਸਤਿਕਾਰ ਦਿੱਤਾ ਜਾਂਦਾ ਹੈ। ਉਹ ਖੰਡੇ ਦੀ ਪਾਹੁਲ ਛੱਕ ਕੇ ਸਿੰਘਣੀ ਸੱਜ ਸਕਦੀ ਹੈ। ਉਹ ਖੰਡੇ ਦੀ ਪਾਹੁਲ ਤਿਆਰ ਕਰਨ ਸਮੇਂ ਸਿੰਘਾਂ ਨਾਲ ਹਿੱਸਾ ਲੈ ਸਕਦੀ ਹੈ। ਉਹ ਗੁਰਬਾਣੀ ਦਾ ਪਾਠ, ਕੀਰਤਨ ਅਤੇ ਕਥਾ ਕਰ ਸਕਦੀ ਹੈ। ਉਹ ਪ੍ਰਚਾਰਕ ਦੇ ਰੂਪ ਵਿੱਚ ਆਪਣਾ ਢਾਡੀ ਅਤੇ ਕਵੀਸ਼ਰੀ ਜਥਾ ਬਣਾ ਸਕਦੀ ਹੈ। ਉਹ ਧਰਮ ਯੁੱਧ ਅਤੇ ਸ਼ਾਤ ਮਈ ਮੋਰਚਿਆਂ ਵਿੱਚ ਆਪਣਾ ਰੋਲ ਅਦਾ ਕਰ ਸਕਦੀ ਹੈ। ਸਿੱਖ ਧਰਮ ਵਿੱਚ ਉਸਨੂੰ ਮਰੇ ਪਤੀ ਨਾਲ ਸਤੀ ਹੋਣ ਦੀ ਕੋਈ ਲੋੜ ਨਹੀਂ ਹੈ। ਉਹ ਚਾਹੇ ਤਾਂ ਪਤੀ ਦੇ ਮਰਨ ਤੋਂ ਬਾਅਦ ਪੁਨਰ ਵਿਆਹ ਕਰਵਾ ਸਕਦੀ ਹੈ। ਸਿੱਖ ਧਰਮ ਵਿੱਚ ਉਸਨੂੰ ਘੁੰਡ ਵੀ ਕੱਢਣ ਦੀ ਲੋੜ ਨਹੀਂ ਹੈ। ਉਸਨੂੰ ਅਪਮਾਨ-ਜਨਕ ਲਫਜਾਂ ਨਾਲ ਨਹੀਂ ਪੁਕਾਰਿਆ ਜਾਂਦਾ, ਸਗੋਂ ਲੋਕਾਂ ਨੂੰ ਸਮਝਾਇਆ ਜਾਂਦਾ ਹੈ ਕਿ ਜਿਸ ਔਰਤ ਨੈ ਰਿਸ਼ੀਆਂ-ਮੁਨੀਆਂ, ਅਵਤਾਰਾਂ ਅਤੇ ਵੱਡੇ ਵੱਡੇ ਰਾਜਿਆਂ/ਮਹਾਰਿਆਂ ਨੂੰ ਜਨਮ ਦਿੱਤਾ ਹੈ, ਉਸਨੂੰ ਨਿੰਦਣਾ ਨਹੀਂ ਚਾਹੀਦਾ।

ਜਾਤ-ਪਾਤ ਦਾ ਸਿੱਖ ਧਰਮ ਡਟਵਾ ਵਿਰੋਧ ਕਰਦਾ ਹੈ। ਕਿਉਂਕਿ ਜਾਤ-ਪਾਤ ਕਰਕੇ ਮਨੁੱਖ ਨਾਲ ਮਨੁੱਖ ਦਾ ਵਿਤਕਰਾ ਇਕ ਨਿੰਦਣ ਯੋਗ ਕਰਮ ਹੈ। ਸਿੱਖ ਧਰਮ ਵਿੱਚ ਹਰੇਕ ਮਨੁੱਖ ਅੰਦਰ ਪ੍ਰਭੂ ਦੀ ਜੋਤ ਵੇਖਣ ਲਈ ਪ੍ਰੇਰਿਆ ਜਾਂਦਾ ਹੈ, ਜਾਤਾਂ ਪਰਖਣ ਲਈ ਨਹੀਂ। ਜਾਤ-ਅਭਿਮਾਨੀਆਂ ਨੂੰ ਪੁੱਛਿਆ ਜਾਂਦਾ ਹੈ ਕਿ,

"ਜਦੋਂ ਸਾਰੇ ਇਨਸਾਨਾਂ ਵਿੱਚ ਲਾਲ ਰੰਗ ਦਾ ਲਹੂ ਹੈ, ਸਾਰਿਆਂ ਦੇ ਸਰੀਰ ਦੀ ਬਣਤਰ ਇਕੋ ਜਿਹੀ ਹੈ, ਜੇ ਸਾਰਿਆਂ ਦਾ ਜੰਮਣ ਢੰਗ ਇਕੋ ਜਿਹਾ ਹੈ ਤਾਂ ਫਿਰ ਕੋਈ ਬ੍ਰਾਹਮਣ ਤੇ ਕੋਈ ਸ਼ੂਦਰ ਕਿਵੇਂ ਹੋ ਗਿਆ?' ਜਾਤ-ਪਾਤ ਦਾ ਖੰਡਣ ਕਰਨ ਲਈ ਸਿੱਖ ਧਰਮ ਵਿੱਚ ਸੰਗਤ/ਪੰਗਤ, ਸਰੋਵਰ/ਬਉਲੀਆਂ ਅਤੇ ਚਾਰ-ਦਰਵਾਜ਼ਿਆਂ ਵਾਲੇ ਗੁਰਦੁਆਰੇ ਸਥਾਪਤ ਕੀਤੇ ਤਾਂ ਕਿ ਚਹੁੰ ਵਰਨਾ ਦੇ ਲੋਕ ਬਿਨਾ ਕਿਸੇ ਭਿੰਨ ਭੇਦ ਦੇ ਇਥੇ ਆ ਕੇ ਉਪਦੇਸ਼ ਗ੍ਰਿਹਿਣ ਕਰਨ, ਲੰਗਰ ਪ੍ਰਸ਼ਾਦਾ ਛੱਕਣ ਅਤੇ ਜਲ ਦੀ ਵਰਤੋਂ ਸਾਂਝੇ ਰੂਪ ਵਿੱਚ ਕਰਨ। ਜਾਤ-ਪਾਤ ਨੂੰ ਠੱਲ ਪਾਉਣ ਲਈ ਸਿੱਖ ਧਰਮ ਦਾ ਇਹ ਯਤਨ ਸਾਰਥਿਕ ਸਿੱਧ ਹੋਇਆ ਹੈ। ਕੁਝ ਕੁ ਭੁੱਲੜ ਸਿੱਖ ਵੀਰਾਂ ਦੇ ਮਨਾਂ ਵਿੱਚ ਜਾਤ/ਪਾਤ ਦਾ ਕੀੜਾ ਮਚਲਦਾ ਰਹਿੰਦਾ ਹੈ, ਉਨ੍ਹਾਂ ਨੂੰ ਬੇਨਤੀ ਹੈ ਕਿ "ਜੇ ਤੁਸੀਂ ਗੁਰੂ ਦੇ ਸੱਚੇ ਸਿੱਖ ਹੋ ਤਾਂ ਇਸ ਕੀੜੇ ਨੂੰ ਮਾਰ ਦਿਉਂ।"

ਧਰਮ ਅਤੇ ਸਿਆਸਤ ਦਾ ਸੁਮੇਲ ਹੋਣਾ ਸਿੱਖ ਧਰਮ ਵਿੱਚ ਇਸ ਲਈ ਜ਼ਰੂਰੀ ਮੰਨਿਆ ਜਾਂਦਾ ਹੈ ਕਿ ਜੇਕਰ ਸਿਆਸਤ ਦਾਨਾਂ ਦੇ ਵਿੱਚ ਧਰਮ ਦੇ ਸੱਚੇ-ਸੁੱਚੇ ਵਿਚਾਰ ਹੋਣਗੇ ਤਾਂ ਉਹ ਪਰਜਾ ਨੂੰ ਇਨਸਾਫ ਦੇ ਸਕਦੇ ਹਨ। ਪਰਜਾ ਨੂੰ ਲੁੱਟਣ/ਕੁੱਟਣ ਤੋਂ ਪ੍ਰਹੇਜ਼ ਕਰ ਸਕਦੇ ਹਨ। ਧਰਮ ਅਤੇ ਸਿਆਮਤ ਦਾ ਸੁਮੇਲ ਤਦੋਂ ਹੀ ਸਾਰਥਿਕ ਸਿੱਧ ਹੋ ਸਕਦਾ ਹੈ, ਜੇਕਰ ਇਸ ਵਿੱਚ ਧਰਮੀ ਬੰਦਿਆਂ ਦਾ ਬੋਲ-ਬਾਲਾ ਹੋਵੇ।

ਸੰਤ ਦੇ ਨਾਲ-ਨਾਲ ਸਿਪਾਹੀ ਬਣਨਾ ਸਿੱਖ ਧਰਮ ਵਿੱਚ ਇਸ ਲਈ ਮੰਨਿਆ ਜਾਂਦਾ ਹੈ ਜੇ ਕੋਈ ਮਨੁੱਖ ਨਾਮ ਦਾ ਰਸੀਆ ਹੁੰਦਿਆਂ ਨਾਲ ਸਿਪਾਹੀ (ਸੂਰਬੀਰ) ਵੀ ਹੈ ਤਾਂ ਉਹ ਕਿਰਪਾਨ ਦੀ ਵਰਤੋਂ ਜ਼ੁਲਮ ਨੂੰ ਰੋਕਣ ਵਾਸਤੇ ਕਰੇਗਾ, ਨਾ ਕਿ ਜ਼ੁਲਮ ਕਰਨ ਵਾਸਤੇ।


ਸਿੱਖ ਧਰਮ ਇੱਕ ਪ੍ਰਚਾਰਕ ਧਰਮ ਹੈ। ਹਰੇਕ ਜਥੇਬੰਦਕ ਧਰਮ ਲਈ ਅਨੁਸ਼ਾਸ਼ਨ ਦਾ ਹੋਣਾ ਬਹੁਤ ਜ਼ਰੂਰੀ ਹੈ। ਇਸ ਧਰਮ ਦੇ ਅਨੁਆਇਆ ਨੂੰ ਅਨੁਸ਼ਾਸ਼ਨ ਵਿੱਚ ਰੱਖਣ ਲਈ ਬਨਾਇਦਾ ਪੰਥਕ ਰਹਿਤ-ਮਰਿਆਦਾ ਤਿਆਰੀ ਕੀਤੀ ਹੈ। ਹਰੇਕ ਨਾਨਕ-ਨਾਮ ਲੇਵਾ ਸਿੱਖਾਂ ਨੂੰ ਉਸ ਮਰਿਆਦਾ ਦੀ ਪਾਲਣਾ ਕਰਨ ਦੀ ਤਾਕੀਦ ਕੀਤੀ ਜਾਂਦੀ ਹੈ।

ਸਿੱਖ ਧਰਮ ਵਿਗਿਆਨਕ ਤਾਂ ਕਿ ਇਸ ਤੋਂ ਵੀ ਅੱਗੇ ਹੈ। ਜੋ ਸ੍ਰਿਸਟੀ ਦੀ ਰਚਨਾ ਅਤੇ ਗਿਣਤੀ ਬਾਰੇ ਵਿਗਿਆਨੀ ਖੋਜ ਕਰਕੇ ਅੱਜ ਦੱਸ ਰਹੇ ਹਨ, ਉਸ ਬਾਰੇ ਸਿੱਖ ਧਰਮ ਦੇ ਗੁਰੂ ਸਾਹਿਬਾਨਾਂ ਨੇ ਸਵਾ ਪੰਜ ਸਦੀਆਂ ਪਹਿਲਾਂ ਪਹਿਲਾ ਹੀ ਦਸ ਦਿੱਤਾ ਸੀ ਕਿ ਅਣਗਣਿਤ ਧਰਤੀਆਂ, ਸੂਰਜ, ਚੰਦਰਮਾ, ਗ੍ਰਿਹਿ ਅਤੇ ਉਪ ਗ੍ਰਿਹਿ ਹਨ ਤੇ ਸਾਰੇ ਦਿਨ-ਬ-ਦਿਨ ਘੱਟ ਰਹੇ ਹਨ। ਇਸ ਸ੍ਰਿਸਟੀ ਦਾ ਪਸਾਰਾ ਅਤੇ ਨਾਸ ਇਕ ਵਾਰ ਨਹੀਂ ਅਨੇਕਾਂ ਵਾਰ ਹੋਇਆ ਹੈ। ਜਿਵੇਂ ਪ੍ਰਮਾਤਮਾ ਗੁਣਾਂ ਕਰਕੇ ਬੇਅੰਤ, ਉਸਦਾ ਆਰ-ਪਾਰ ਨਹੀਂ ਜਾਣਿਆ ਜਾ ਸਕਦਾ, ਤਿਵੇਂ ਉਸਦੀ ਰਚੀ ਸ੍ਰਿਸਟੀ ਦਾ ਵੀ ਅੰਤ ਨਹੀਂ ਪਾਇਆ ਜਾ ਸਕਦਾ।

ਇਸ ਲੇਖ ਦਾ ਸਾਰੰਸ਼ ਇਹ ਹੈ ਕਿ ਸਿੱਖ ਧਰਮ ਹਰ-ਪੱਖੋਂ ਮੁਕੰਮਲ ਧਰਮ ਹੈ ਜੋ ਮਨੁੱਖਤਾ ਦੀ ਧਾਰਮਿਕ, ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਪੱਖੋਂ ਅਗਵਾਈ ਕਰਦਾ ਹੈ। ਸਿੱਖ ਧਰਮ ਜਿਥੇ ਧਾਰਮਿਕ ਅਜ਼ਾਦੀ ਦੀ ਹਾਮੀ ਭਰਦਾ ਹੈ, ਉਥੇ ਹਾਕਮਾਂ ਨੂੰ ਇਨਸਾਫਕਾਰੀ ਹੋਣ ਲਈ ਪ੍ਰੇਰਦਾ ਹੈ। ਸਮਾਜ ਵਿੱਚ ਲੋਕਾਂ ਦੀ ਭਾਈਚਾਰਕ ਸਾਂਝ ਬਣੀ ਰਹੇ, ਉਚ-ਨੀਚ ਦਾ ਵਿਤਕਰਾ ਨਾ ਹੋਵੇ, ਇਸ ਲਈ ਸਿੱਖ ਧਰਮ ਯਤਨਸ਼ੀਲ ਰਹਿੰਦਾ ਹੈ। ਆਰਥਿਕ ਵੰਡ ਸਾਹਵੀ ਹੋਵੇ, ਸਾਰਿਆਂ ਨੂੰ ਕੁਲੀ, ਜੁਲੀ ਤੇ ਗੁੱਲੀ ਪ੍ਰਾਪਤ ਹੋਵੇ, ਇਸ ਲਈ ਸਿੱਖ ਧਰਮ ਕਿਰਤ ਕਰਨ ਅਤੇ ਵੰਡਕੇ ਛੱਕਣ ਦੀ ਸਿਖਿਆ ਦੇਂਦਾ ਹੈ। ਇਸ ਲੇਖ ਦੀ ਸਮਾਪਤੀ ਇਨ੍ਹਾਂ ਸ਼ਬਦਾਂ ਨਾਲ ਕਰਦਾ ਹਾਂ ਕਿ, "ਅੱਜ ਸੰਸਾਰ ਵਿੱਚ ਬਦਅਮਨੀ ਫੈਲ ਰਹੀ ਹੈ, ਜੇ ਸੱਚੇ ਦਿਲੋਂ ਅਤੇ ਸੁੱਚਜੇ ਢੰਗ ਨਾਲ ਗੁਰਮਤਿ ਦੇ ਫਲਸਫੇ ਦਾ ਪ੍ਰਚਾਰ ਕੀਤਾ ਜਾਵੇ ਤਾਂ ਸੰਸਾਰ ਵਿੱਚ ਅਮਨ ਬਹਾਲ ਹੋ ਸਕਦਾ ਹੈ।"

****

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰੂ ਪਦਵੀ ਤੋਂ ਮੁਨੱਕਰ ਹੋਣਾ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕਿਸੇ ਹੋਰ ਗ੍ਰੰਥ ਨੂੰ ਸਥਾਪਨ ਕਰਨਾ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੈ।



ਜਥੇਦਾਰ ਮਹਿੰਦਰ ਸਿੰਘ
ਖਹਿਰਾ (ਇੰਗਲੈਂਡ)
07989927477

੧੯੭੮ ਦੀ ਖ਼ੂਨੀ ਵੈਸਾਖੀ ਦੇ ਸਾਕੇ ਤੋਂ ਬਾਅਦ ੨੧/੪/੭੮ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਪ੍ਰੈਸ ਦੇ ਨਾਂ ਇਕ ਲਿਖਤੀ ਬਿਆਨ ਜਾਰੀ ਕੀਤਾ ਜਿਸ ਵਿੱਚ ਲਿਖਿਆ ਸੀ ਕਿ 'ਕੇਵਲ ਗੁਰੂ ਗ੍ਰੰਥ ਸਾਹਿਬ ਹੀ ਸਿੱਖਾਂ ਦੇ ਗੁਰੂ ਜਾਂ ਇਸ਼ਟ ਹਨ। ਕੋਈ ਵੀ ਦੇਹਧਾਰੀ ਸਿੱਖਾਂ ਦਾ ਗੁਰੂ ਨਹੀਂ ਹੋ ਸਕਦਾ। ਨਿਰੰਕਾਰੀ ਗੁਰਬਚਨ ਸਿੰਘ ਵਰਗੇ ਕਈ ਵਿਅੱਕਤੀ ਸਿੱਖਾਂ ਨੂੰ ਚਿੜਾਉਣ ਲਈ ਆਪਣੇ ਆਪ ਨੂੰ ਗੁਰੂ ਅਖਵਾਉਂਦੇ ਹਨ, ਅੰਮ੍ਰਿਤਸਰ ਵਿੱਚ ਹੋਈਆਂ ਸ਼ਹੀਦੀਆਂ ਦਾ ਸਦਕਾ ਸਿੱਖ ਕੌਮ ਜਾਗ ਪਈ ਹੈ। ਗੁਰਬਾਣੀ ਦੀ ਓਟ ਲੈ ਕੇ ਗੁਰਬਾਣੀ ਦੇ ਵਿਰੁੱਧ ਬੋਲਣ ਵਾਲਿਆਂ ਨੂੰ ਮਾਫ਼ ਨਹੀਂ ਕੀਤਾ ਜਾਏਗਾ। ਜੇਕਰ ਨਿਰੰਕਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਰੁੱਧ ਪ੍ਰਚਾਰ ਕਰਨੋ ਨਾ ਹੱਟੇ ਤਾ ਇਸ ਦੇ ਗੰਭੀਰ ਸਿੱਟੇ ਨਿਕਲਣਗੇ'।

ਸੰਤ ਜਰਨੈਲ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੀ ਗੁਰੂ ਪਦਵੀ ਦਾ ਸਤਿਕਾਰ ਕਰਨ ਲਈ ਸ਼ਿੱਦਤ ਨਾਲ ਹੇਠ ਲਿਖੇ ਅਨੁਸਾਰ ਪ੍ਰਚਾਰ ਕੀਤਾ ਅਰਥਾਤ, ਜਦੋਂ ਅਸੀਂ ਪਖੰਡੀਆਂ, ਦੇਹਧਾਰੀਆਂ ਵਲੋਂ, ਮੱਠੀਆ ਤੇ ਮੜ੍ਹੀਆਂ ਮਸਾਣਾਂ, ਕਬਰਾਂ ਤੇ ਜੰਡਾਂ ਨੂੰ ਸੰਧੂਰ ਭੁਕੱਣ ਵਲੋਂ ਤੇ ਰਾਜ ਨੀਤੀ ਦੀ ਕੁਰਸੀ ਦੀ ਹਿਰਸ ਵਲੋਂ ਆਪਣੀ ਬਿਰਤੀ ਤੋੜ ਕੇ ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਲਈ ਤਾਂ ਉਦੋਂ ਦੁਨੀਆਂ ਦੀ ਕੋਈ ਸ਼ਕਤੀ ਨਹੀਂ ਜਿਹੜੀ ਆਪਾਂ ਨੂੰ ਦਬਾ ਸਕੇਗੀ। ਆਪਾਂ ਨੂੰ ਮਨ ਵਿੱਚੋਂ ਇਹ ਖਿਆਲ ਕੱਢ ਦੇਣਾ ਚਾਹੀਦਾ ਹੈ ਕਿ ਅਸੀਂ ਭਿੰਡਰਾਂਵਾਲਾ ਬਣਨਾ ਜਾਂ ਅਕਾਲੀ ਦੱਲ ਦੇ ਨਾਲ ਦੇ ਬਣਨਾ, ਸਾਰੇ ਸਿੱਖਾਂ ਦੇ ਮਨ ਵਿੱਚ ਇਹ ਅੱਖਰ ਉਕਰ ਜਾਣੇ ਚਾਹੀਦੇ ਆ ਕਿ ਅਸੀਂ ਸਤਿਗੁਰੂ ਗ੍ਰੰਥ ਸਾਹਿਬ ਜੀ ਵਾਲੇ ਬਣਨਾ।' ਸੰਤ ਜਰਨੈਲ ਸਿੰਘ ਨੇ ਸਿੱਖ ਲਹਿਰ ਨੂੰ ਜਿਹੜਾ ਇਨਕਲਾਬੀ ਰੰਗ ਗੁਰਬਾਣੀ ਨੂੰ ਸਿੱਖ ਜੀਵਨ ਵਿੱਚ ਢਾਲ ਕੇ ਦਿੱਤਾ, ਉਸ ਨਾਲ ਦਲਿੱਤ ਵਰਗ ਸਿੱਖੀ ਵਲ ਪ੍ਰੇਰਿਤ ਹੋਇਆ, ਜਿਸ ਨਾਲ ਜਾਤ-ਪਾਤ ਰਹਿਤ ਸਿੱਖ ਸਮਾਜ ਦੀ ਖਾਲਸ ਨੁਹਾਰ ਪ੍ਰਗਟ ਹੋਣੀ ਸ਼ੁਰੂ ਹੋ ਗਈ ਸੀ। ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਬਾਰੇ ਅਸੀਂ ਕੁਝ ਇਤਿਹਾਸਕ ਹਵਾਲੇ ਲਿਖਾਂਗੇ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਦੇਹਧਾਰੀ ਗੁਰੂ ਦੀ ਪ੍ਰਥਾ ਖੱਤਮ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਤੇ ਸੁਭਾਇਮਾਨ ਕਰ ਦਿੱਤਾ:-

ਭਾਈ ਨੰਦ ਲਾਲ ਸਿੰਘ ਜੀ ਸ੍ਰੀ ਦਸਮੇਸ਼ ਜੀ ਦੇ ਸਾਦਿਕ ਤੇ ਹਜ਼ੂਰੀ ਸਿੱਖ ਫ਼ਾਰਸੀ ਦੇ ਕਵੀ ਸਨ, ਉਹ ਲਿਖਦੇ ਹਨ ਕਿ ਦਸਮੇਸ਼ ਜੀ ਨੇ ਫ਼ੁਰਮਾਇਆ, ਤੀਨ ਰੂਪ ਹੈ ਮੋਹ ਕੇ ਸੁਣੋ ਨੰਦ ਚਿੱਤ ਲਾਇ।

ਨਿਰਗੁਣ ਸਰਗੁਣ ਗੁਰਸ਼ਬਦ ਕਹਹੁੰ ਤੋਹਿ ਸਮਝਾਇ।

ਦੂਸਰ ਰੂਪ ਗ੍ਰੰਥ ਜੀ ਜਾਣੋ, ਆਪਨ ਅੰਗ ਮੇਰੋ ਕਰ ਮਾਨੋ।

ਜੋ ਸਿੱਖ ਗੁਰਦਰਸ਼ਨ ਕੀ ਚਾਹੇ, ਦਰਸ਼ਨ ਕਰੇ ਗ੍ਰੰਥ ਜੀ ਆਹੇ।

ਸ਼ਬਦ ਸੁਣੇ ਗੁਰ ਹਿਤ ਚਿੱਤ ਲਾਇ, ਗਿਆਨ ਸ਼ਬਦ ਗੁਰ ਸੁਣੇ ਸੁਣਾਇ।

ਜੋ ਮਮ ਸਾਥ ਚਾਹੇ ਕਰ ਬਾਤ, ਗ੍ਰੰਥ ਜੀ ਪੜੇ ਸੁਣੇ ਵਿਚਾਰੇ ਸਾਥ॥

ਜੋ ਮੁਝ ਬਚਨ ਸੁਨਣ ਕੀ ਚਾਇ, ਗ੍ਰੰਥ ਜੀ ਪੜ੍ਹ ਸੁਣੇ ਚਿੱਤ ਲਾਏ॥

ਮੇਰਾ ਰੂਪ ਗ੍ਰੰਥ ਜੀ ਜਾਣ, ਇਸ ਮੇ ਭੇਦ ਨਹੀਂ ਕੁਝ ਮਾਨ (ਭਾਈ ਨੰਦ ਲਾਲ ਗ੍ਰੰਥਾਵਲੀ ਪੰਨਾ ੧੯੬,੧੯੭)।

"ਸ੍ਰੀ ਦਸਮੇਸ਼ ਜੀ ਦੇ ਜੋਤੀ ਜੋਤਿ ਸਮਾਉਣ ਦੇ ੩੩ ਸਾਲ ਬਾਅਦ ਸੰਮਤ ੧੭੯੮ (੧੭੪੧ਈ.) ਬਾਵਾ ਸਰੂਪ ਦਾਸ ਭੱਲੇ ਨੇ 'ਮਹਿਮਾਂ ਪ੍ਰਕਾਸ਼' ਵਾਰਤਕ ਲਿਖਿਆ। ਉਸ ਵਿੱਚ ਦਰਜ ਹੈ ਕਿ ਸ੍ਰੀ ਦਸਮੇਸ਼ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਸਿੱਖਾਂ ਨੇ ਪੂਛਾ 'ਅਬ

ਦਰਸ਼ਨ ਕਹਾਂ ਕਰੇਂ"! ਸਤਿਗੁਰ ਦੀਨ ਦਇਆਲ ਬਚਨ ਕੀਆ, ਜੋ ਦਸ ਸਰੂਪ ਹਮਾਰੇ ਪੂਰਨ ਭਏ। ਅਬ ਮੇਰੀ ਜਗ੍ਹਾ ਗੁਰੂ ਗ੍ਰੰਥ ਸਾਹਿਬ ਕੋ ਜਾਨਣਾ ਜਿਸ ਨੇ ਮੇਰੇ ਸੇ ਬਾਤ ਕਰਨੀ ਹੋਇ ਤੋ ਆਦਿ ਗੁਰੂ ਗ੍ਰੰਥ ਸਾਹਿਬ ਕਾ ਪਾਠ ਕਰਨਾ, ਮੇਰੇ ਸੇ ਬਾਤ ਹੋਵੇਗੀ।" ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰੀ ਮੁਣਸ਼ੀ ਸੋਹਣ ਲਾਲ ਆਪਣੀ ਫਾਰਸੀ ਦੀ ਕਿਤਾਬ (ਉਮਦਾਤ ਤਵਾਰੀਖ ਵਿੱਚ ਲਿਖਦਾ ਹੈ, ਸ਼ਕਸ ਅਜ਼ ਨਿਆਜ਼ ਮੰਦਾਂ ਅਰਜ਼ ਨਾਮੂਦ, ਕਿ ਉਦਾਮ ਕਸ ਰਾ ਗੁਰੂ ਮੁਕਰਰ ਨਾਮੂਦਾ।

ਅਰਸ਼ਾਦ ਲਾ ਜਮੂਲ ਇਨ ਕਿਆਦ ਜਲ ਵਾਇ, ਈਜ਼ਾਦ ਜਾਫਤ ਕਿ ਗੁਰੂ ਗ੍ਰੰਥ ਜੀ ਅਸਤ।

ਦਰ ਮਿਆਨੇ ਗ੍ਰੰਥ ਵਾ ਗੁਰੂ ਹੇਤ ਫਰਕ ਨੇਸਤ। ਅਜ਼ ਦੀਦਾਰੇ ਗ੍ਰੰਥ ਜੀ,

ਮੁਸ਼ਾਹਿਦਾ ਦੀਦਾਰੇ ਫਰਹਤ ਆਸਾਰ, ਗੁਰੂ ਸਾਹਿਬ ਬਾਜਦ ਨਮੂਦ।

ਭਾਵ- ਜਦ ਦਸਮ ਪਾਤਿਸ਼ਾਹ ਜੋਤੀ ਜੋਤਿ ਸਮਾਉਣ ਲੱਗੇ, ਉਸ ਵਕਤ ਸਿੱਖ ਸੇਵਕਾਂ ਵਿੱਚੋਂ ਇੱਕ ਸ਼ਕਸ ਨੇ ਬੇਨਤੀ ਕੀਤੀ ਕਿ ਆਪ ਨੇ ਕਿਸ ਨੂੰ ਗੁਰੂ ਨੀਯਤ ਕੀਤਾ ਹੈ। ਉਸ ਵਕਤ ਦਸਮ ਪਾਤਿਸ਼ਾਹ ਨੇ ਇੱਕ ਜ਼ਰੂਰੀ ਫੁਰਮਾਨ (ਗੁਰੂ ਮਨਿਓ ਗ੍ਰੰਥ) ਕੀਤਾ ਕਿ ਗੁਰੂ, ਗੁਰੂ ਗ੍ਰੰਥ ਸਾਹਿਬ ਹਨ। ਗੁਰੂ ਗ੍ਰੰਥ ਜੀ ਤੇ ਗੁਰੂ ਵਿੱਚ ਕੋਈ ਫਰਕ ਨਹੀਂ। ਗ੍ਰੰਥ ਜੀ ਦੇ ਦਰਸ਼ਨ ਨਾਲ ਗੁਰੂ ਸਾਹਿਬ ਦੇ ਦਰਸ਼ਨ ਤੇ ਸ਼ਾਤੀ ਪ੍ਰਾਪਤ ਹੁੰਦੀ ਹੈ।

ਸਨ ੧੯੪੯ ਵਿੱਚ ਮਿ. ਕਨਿੰਘਮ ਦੀ ਸਿੱਖ ਹਿਸਟਰੀ ਪ੍ਰਕਾਸ਼ਿਤ ਹੋਈ ਉਸ ਵਿੱਚ ਦਰਜ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਕਿਹਾ, ਸਦਾ ਪ੍ਰਸੰਨ ਚਿੱਤ ਰਹਿਣਾ। ਧੁਰੋਂ ਨੀਯਤ ਕੀਤੇ ਗਏ ਦਸਾਂ ਸਤਿਗੁਰੂਆਂ ਨੇ ਆਪਣਾ ਕਾਰਜ ਪੂਰਾ ਕਰ ਲਿਆ ਹੈ। ਖਾਲਸੇ ਨੂੰ ਵਾਹਿਗੁਰੂ ਦੇ ਸਪੁਰਦ ਕੀਤਾ ਹੈ। ਜੇ ਕੋਈ ਦਰਸ਼ਨ ਕਰਨਾ ਚਾਹੇ ਤਾਂ ਉਸ ਨੂੰ ਗੁਰੂ ਨਾਨਕ ਸਾਹਿਬ ਦੇ ਗੁਰੂ ਗ੍ਰੰਥ ਸਾਹਿਬ ਦੀ ਖੋਜ ਕਰਨੀ ਚਾਹੀਦੀ ਹੈ। ਗੁਰੂ, ਖਾਲਸੇ ਦੇ ਅੰਗ ਸੰਗ ਰਹੇਗਾ। ਜਿਥੇ ਪੰਜ ਅੰਮ੍ਰਿਤਧਾਰੀ ਸਿੰਘ ਇਕੱਠੇ ਹੋ ਕੇ ਅਰਦਾਸ ਕਰਨਗੇ ਓਥੇ ਮੈਂ ਵੀ ਮੌਜੂਦ ਹੋਵਾਂਗਾ। ਸਈਅਦ ਮੁਹੰਮਦ ਲਤੀਫ ਨੇ ਆਪਣੀ ਹਿਸਟਰੀ ਵਿੱਚ ਲਿਖਿਆ ਹੈ ਕਿ 'ਸਿੱਖਾਂ ਨੇ ਬੇਨਤੀ ਕੀਤੀ ਹੇ ਸੱਚੇ ਪਾਤਿਸ਼ਾਹ ਪਿਛੋਂ, ਕੌਣ ਸਚਿਆਈ ਦੀ ਰੂਹ ਫੂਕੇਗਾ ਤੇ ਕੌਣ ਮੁਕਤੀ ਲਈ ਸਾਡਾ ਆਗੂ ਬਣੇਗਾ? ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਤਰ ਦਿੱਤਾ ਧੁਰੋਂ ਨੀਯਤ ਹੋਈਆਂ ਦਸਾਂ ਪਾਤਿਸ਼ਾਹੀਆਂ ਨੇ ਆਪਣਾ ਮਿਸ਼ਨ ਪੂਰਾ ਕਰ ਲੀਤਾ ਹੈ। ਹੁਣ ਮੈਂ ਆਪਣੇ ਪਿਆਰੇ ਖਾਲਸਾ ਨੂੰ ਸਦਾ ਯੁਗੋ ਯੁਗ ਅਟੱਲ ਵਾਹਿਗੁਰੂ ਦੇ ਸਪੁਰਦ ਕਰਦਾ ਹਾਂ, ਜੇ ਕੋਈ ਗੁਰੂ ਦੇ ਦਰਸ਼ਨ ਕਰਨਾ ਚਾਹੇ ਤਾਂ ਘੱਟੋ ਘੱਟ ਸਵਾ ਰੁਪਏ ਦਾ ਕੜਾਹ ਪ੍ਰਸ਼ਾਦ ਕਰਵਾ ਕੇ ਗੁਰੂ ਗ੍ਰੰਥ ਦਾ ਪ੍ਰਕਾਸ਼ ਕਰੇ ਉਸ ਦੀ ਮੁਲਾਕਾਤ ਗੁਰੂ ਨਾਲ ਹੋਵੇਗੀ। ਗੁਰਬਾਣੀ ਤੇ ਗੁਰੂ ਦੀ ਅਭੇਦਤਾ ਬਾਰੇ ਉਕਤ ਹਵਾਲੇ (ਪੁਸਤਕ, ਕੂਕਾ ਗੁਰੂ ਡੰਮ, ਵਿੱਚੋਂ ਲਏ ਗਏ ਹਨ, ਲੇਖਕ ਪ੍ਰਤਾਪ ਸਿੰਘ ਗਿਆਨੀ ਸਾਬਕਾ ਜਥੇਦਾਰ ਸ੍ਰੀ ਅਕਾਲ ਤੱਖਤ ਸਾਹਿਬ ਤੇ ਸ੍ਰੀ ਕੇਸਗੜ੍ਹ ਸਾਹਿਬ)। ਗੁਰੂ ਗੋਬਿੰਦ ਸਿੰਘ ਜੀ ਵਲੋਂ 'ਗੁਰੂ ਗ੍ਰੰਥ, ਗੁਰੂ ਪੰਥ' ਸਾਹਿਬ ਨੂੰ ਸੌਂਪੀ ਗੁਰਿਆਈ ਦੇ ਇੰਨੇ ਇਤਿਹਾਸਕ ਹਵਾਲੇ ਹੋਣ ਦੇ ਬਾਵਜੂਦ ਨਕਲੀ ਨਿਰੰਕਾਰੀ, ਨਾਮਧਾਰੀ, ਰਾਧਾਸੁਆਮੀ, ਨਿਰਮਲੇ, ਨਿਰਮਲ ਭੇਖ ਤੇ ਉਦਾਸੀ ਸੰਪਰਦਾਵਾਂ ਗੁਰੂ ਗ੍ਰੰਥ ਸਾਹਿਬ ਦੀ ਗੁਰੂ ਪਦਵੀ ਨੂੰ ਮੰਨਣ ਤੋਂ ਇਨਕਾਰੀ ਹਨ। ਗੁਰਮਤਿ ਵਿਰੋਧੀ ਤੇ ਪੰਥ ਵਿਰੋਧੀ ਵੀ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ੩੫੦ਵੇਂ ਪ੍ਰਕਾਸ਼ ਅਤੇ ਗੁਰੂ ਨਾਨਕ ਸਾਹਿਬ ਜੀ ਦੇ ੫੫੦ਵੇਂ ਪ੍ਰਕਾਸ਼ ਦਿਹਾੜੇ ਮਨਾਉਣ ਦੀ ਆੜ ਹੇਠ ਗੁਰੂ ਗ੍ਰੰਥ ਸਾਹਿਬ ਦੀ ਪਦਵੀ ਨੂੰ ਨਾ ਮੰਨਣ ਵਾਲੀਆਂ ਨਕਲੀ ਨਿਰੰਕਾਰੀ, ਨਾਮਧਾਰੀ, ਰਾਧਾਸੁਆਮੀ, ਨਿਰਮਲੇ ਤੇ ਉਦਾਸੀ ਸੰਪਰਦਾਵਾਂ ਦਾ ਪੰਥ ਵਿੱਚ ਮਿਲਗੋਭਾ ਕੀਤਾ ਜਾ ਰਿਹਾ ਹੈ, ਇਥੇ ਹੀ ਬਸ ਨਹੀਂ ਕਿ ਸਿੱਖ ਇਤਿਹਾਸ ਵਿੱਚ ਸ਼੍ਰੋਮਣੀ ਅਕਾਲੀ ਦਲ (ਪੰਜਾਬੀ ਪਾਰਟੀ) ਨੇ ਮੋਨੇ ਸਿੱਖ ਅਤੇ ਗੈਰ ਸਿੱਖ ਸ਼੍ਰੋਮਣੀ ਅਕਾਲੀ ਦਲ ਵਿੱਚ ਮੈਂਬਰ ਭਰਤੀ ਕੀਤੇ ਗਏ ਹਨ। ਗੁਰੂ ਨਾਨਕ ਯੂਨੀਵਰਸਿਟੀ ਵਿੱਚ ਸਤਿਗੁਰੂ ਰਾਮ ਸਿੰਘ ਚੇਅਰ ਦੀ ਸਥਾਪਨਾ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਤੇ ਸਾਬਕਾ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪਹਿਲ ਕਦਮੀ ਤੇ ਪ੍ਰਵਾਨਗੀ ਨਾਲ ਹੋਈ ਹੈ। ਗੁਰ ਨਾਨਕ ਦੇਵ ਯੂਨੀਵਰਸਿਟੀ ਵਿੱਚ ਦੇਹਧਾਰੀ ਸਤਿਗੁਰੂ ਦੀ ਚੇਅਰ ਸਥਾਪਿਤ ਕਰਨ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੀ ਘੋਰ ਬੇਅਦਬੀ ਹੈ, ੬-੭-੨੦੧੫ ਗੁਰਦੁਆਰਾ ਦੁਖਨਿਵਾਰਨ ਸਾਹਿਬ ਪਟਿਆਲਾ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਘਾਸਣ ਉਪਰ ਦੋ ਕੁਰਸੀਆਂ ਸਜਾਈਆਂ ਗਈਆਂ, ਗ੍ਰੰਥੀ ਸਿੰਘ ਦੇ ਐਨ ਸੱਜੇ ਪਾਸੇ। ਵੇਖਦਿਆਂ ਹੀ ਪ੍ਰਕਾਸ਼ ਸਿੰਘ ਬਾਦਲ ਅਤੇ ਅਵਤਾਰ ਸਿੰਘ ਮੱਕੜ ਪੂਰੇ ਸ਼ਾਨੋਸ਼ੌਕਤ ਨਲ ਕੁਰਸੀਆਂ ਉੱਤੇ ਬੈਠੇ ਰਹੇ, ਇਸ ਤੋਂ ਵੱਧ ਬੇਅਦਬੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਰ ਕੀ ਹੋ ਸਕਦੀ ਹੈ। ਅੱਜ ਪੰਜਾਬ ਵਿੱਚ ਗੁਰੂ ਗ੍ਰੰਥ ਸਾਹਿਬ ਦੀ

ਨਿਰੰਤਰ ਹੋ ਰਹੀ ਬੇਅਦਬੀ ਲਈ ਵੀ ਮੁਖ ਕਸੂਰਵਾਰ ਪ੍ਰਕਾਸ਼ ਸਿੰਘ ਬਾਦਲ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਪੰਜਾਬੀ ਪਾਰਟੀ ਬਣਾ ਕੇ ਗੁਰੂ ਗ੍ਰੰਥ, ਗੁਰੂ ਪੰਥ ਦੇ ਸਿੱਖੀ ਸਿਧਾਂਤ ਅਤੇ ਪੰਥਕ ਖਾਸੇ ਨੂੰ ਮਲੀਆਮੇਟ ਕਰਨ ਵਾਲਾ ਵੀ ਪ੍ਰਕਾਸ਼ ਸਿੰਘ ਬਾਦਲ ਹੈ।

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਲਈ ਨਵਜੋਤ ਸਿੱਧੂ ਵੀ ਪਿੱਛੇ ਨਹੀਂ ਰਿਹਾ, ਨਵਜੋਤ ਸਿੱਧੂ ਨੇ ਗੁਰੂ ਗ੍ਰੰਥ ਸਾਹਿਬ ਦੇ ਪਾਠ ਨਾਲ ਮੂਰਤੀਆਂ ਦੀ ਪੂਜਾ ਅਤੇ ਸ਼ਿਵ ਲਿੰਗ ਦੀ ਸਥਾਪਨਾ ਕਰ ਕੇ ਨਵੇਂ ਘਰ ਵਿੱਚ ਪ੍ਰਵੇਸ਼ ਕੀਤਾ ਅਤੇ ਉਸ ਦਿਨ ਨਵਜੋਤ ਸਿੱਧੂ ਤੇ ਉਸ ਦੀ ਪਤਨੀ ਨੇ ਜਨੇਊ ਪਾ ਕੇ ਹਵਨ ਵੀ ਕੀਤਾ। ਦਾਸ ਨੇ ਜਥੇਦਾਰ ਅਕਾਲ ਤੱਖਤ ਨੂੰ ਇਨ੍ਹਾਂ ਸ਼ਬਦਾਂ ਵਿੱਚ ਸ਼ਿਕਾਇਤ ਵੀ ਕੀਤੀ ਕਿ ਸਿੱਖ ਕੌਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸਾਂ ਪਾਤਿਸ਼ਾਹੀਆਂ ਦੀ ਆਤਮਿਕ ਜੋਤਿ, ਹਾਜਰਾ ਹਜੂਰ, ਜਾਹਰਾ ਜਹੂਰ ਗੁਰੂ ਮੰਨਦੀ ਹੈ, ਕੀ ਕੋਈ ਵੀ ਵਿਅਕੱਤੀ ਗ੍ਰਹਿ ਪਰਵੇਸ਼ ਕਰਨ ਸਮੇਂ ਆਪਣੇ ਨਵੇਂ ਘਰ ਵਿੱਚ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਅਤੇ ਸ਼ਿਵ ਲਿੰਗ ਦੀ ਸਥਾਪਨਾ ਕਰਨ ਸਮੇਂ ਉਸ ਦਿਨ ਹੀ ਗੁਰੂ ਗ੍ਰੰਥ ਦਾ ਅਖੰਡਪਾਠ ਕਰਵਾ ਸਕਦਾ ਹੈ? ਅਤੇ ਜੇ ਨਹੀਂ ਕਰਵਾ ਸਕਦਾ ਤਾਂ ਆਪ ਜੀ ਨਵਜੋਤਿ ਸਿੱਧੂ ਬਾਰੇ ਸਿੱਖ ਕੌਮ ਨੂੰ ਕੀ ਸੰਦੇਸ਼ ਦਿਓਗੇ? (ਅਕਾਲ ਤੱਖਤ ਦੇ ਜਥੇਦਾਰ ਗਿ. ਗੁਰਬਚਨ ਸਿੰਘ ਨੂੰ ਦਾਸ ਵਲੋਂ ਲਿਖੀ ਸ਼ਕਾਇਤ ਦੀ ਕਾਪੀ ਮੌਜੂਦ ਹੈ ਅਤੇ ਇਸ ਦੀ ਕਾਪੀ ਸਿੱਖ ਪ੍ਰਿੰਟ ਮੀਡੀਆ, ਅਤੇ ਇਲੈਕ੍ਟ੍ਰਾਨਿਕ ਮੀਡੀਆ ਨੂੰ ਵੀ ਭੇਜੀ ਗਈ ਸੀ ਜੋ ਕਿ ਪ੍ਰਿੰਟ ਮੀਡੀਆ ਵਿੱਚ ਛਪੀ ਵੀ ਸੀ)।

ਦਾਸ ਨੂੰ ਤਾਂ ਜਥੇਦਾਰ ਗੁਰਬਚਨ ਸਿੰਘ ਨੇ ਕੋਈ ਜਵਾਬ ਨਹੀਂ ਦਿੱਤਾ ਪਰ ਜਦੋਂ ਲਗ ਪਗ ਲਗਾਤਾਰ ਇੱਕ ਸਾਲ ਚੋਵੀ ਕੁੰਡਾ ਦੇ ਹਵਨ ਯੱਗ ਤਹਿਤ ਸਿੱਧੂ ਵਲੋਂ ਕੀਤੀਆਂ ਕਿਰਿਆਵਾਂ ਦੀਆਂ ਖਬਰਾਂ ਸ਼ੋਸ਼ਲ ਮੀਡੀਏ ਤੇ ਆਈਆਂ ਤਾਂ ਜਥੇਦਾਰ ਗੁਰਬਚਨ ਸਿੰਘ ਨੇ ਨੋਟਿਸ ਲੈਂਦਿਆਂ ਬਿਆਨ ਦਿੱਤਾ ਕਿ ਜੇਕਰ ਨਵਜੋਤ ਸਿੱਧੂ ਆਪਣੇ ਆਪ ਨੂੰ ਸਿੱਖ ਅਖਵਾਉਂਦਾ ਹੈ ਤਾਂ ਉਸ ਨੂੰ ਹਵਨ ਯੱਗ ਨਹੀਂ ਕਰਵਾਉਣਾ ਚਾਹੀਦਾ ਸੀ ਅਤੇ ਉਹ ਸਿੱਖ ਨਹੀਂ ਹੈ ਤੇ ਨਾ ਹੀ ਉਸ ਦਾ ਗੁਰੂ ਗ੍ਰੰਥ ਸਾਹਿਬ ਵਿੱਚ ਵਿਸ਼ਵਾਸ ਹੈ, ਸ਼ਿਵਲਿੰਗ ਦੀ ਸਥਾਪਨਾ ਅਤੇ ਹਵਨ ਕਰਨਾ ਸਿੱਖ ਧਰਮ ਦੇ ਵਿਰੁਧ ਹੈ, ਜੇਕਰ ਉਸਨੇ ਬਤੌਰ ਸਿੱਖ, ਸਿੱਖ ਪੰਥਕ ਮਰਯਾਦਾਵਾਂ ਦੇ ਉਲਟ ਗਤੀ ਵਿਧੀਆਂ ਜਾਰੀ ਰੱਖੀਆਂ ਤਾ ਉਸ ਵਿਰੁੱਧ ਅਕਾਲ ਤੱਖਤ ਸਾਹਿਬ ਤੋਂ ਕੋਈ ਵੀ ਕਾਰਵਾਈ ਹੋ ਸਕਦੀ ਹੈ। ਇਸ ਦੇ ਜਵਾਬ ਵਿੱਚ ਜਦੋਂ ਪੰਥ ਦਰਦੀਆਂ ਨੇ ਗਿ. ਗੁਰਬਚਨ ਸਿੰਘ ਨੂੰ ਯਾਦ ਕਰਵਾਇਆ ਕਿ ਪ੍ਰਕਾਸ਼ ਸਿੰਘ ਬਾਦਲ ਨੇ ਵੀ ਭਾਜਪਾ ਵਿੱਚ ਸ਼ਮਲ ਹੋਣ ਵੇਲੇ ਹਵਨ ਕੀਤਾ ਸੀ, ਉਸ ਤੇ ਅਕਾਲ ਤੱਖਤ ਵਲੋਂ ਕੋਈ ਕਾਰਵਾਈ ਕਿਉਂ ਨਹੀਂ ਕੀਤੀ ਗਈ, ਸਗੋਂ ਉਸ ਨੂੰ (ਪ੍ਰਕਾਸ਼ ਸਿੰਘ ਬਾਦਲ) ਨੂੰ ਫਖਰ-ਏ-ਕੌਮ ਦੀ ਉਪਾਧੀ ਦਿੱਤੀ ਗਈ। ਜਥੇਦਾਰ ਅਕਾਲ ਤੱਖਤ ਗਿ. ਗੁਰਬਚਨ ਸਿੰਘ ਜੀ ਅੱਜ ਤੱਕ ਪੰਥ ਨੂੰ ਇਸ ਗੱਲ ਦਾ ਜਵਾਬ ਨਹੀਂ ਦੇ ਸਕੇ ਕਿ ਗੁਰੂ ਗ੍ਰੰਥ, ਗੁਰੂ ਪੰਥ ਦੇ ਵਿਰੋਧੀ ਨੂੰ ਫਖਰੇ ਕੌਮ ਦੀ ਉਪਾਧੀ ਕਿਉਂ ਦਿੱਤੀ ਗਈ? ਆਸ ਕਰਦੇ ਹਾਂ ਕਿ ਪਾਠਕ ਜਨ ਜਾਣ ਗਏ ਹੋਣਗੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਕਿਉਂ ਰੁਕਣ ਦਾ ਨਾਮ ਨਹੀਂ ਲੈਂਦੀਆਂ।

ਬਲਦੇਵ ਸਿੰਘ ਸਿਰਸਾ ਨੇ ਨਾਮਧਾਰੀ ਸੰਪ੍ਰਦਾ ਵਲੋਂ ਪ੍ਰਕਾਸ਼ਤ ਨਿਤਨੇਮ ਦੇ ਗੁਟਕਿਆਂ ਦੇ ਸਬੰਧ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੋਂਗੋਵਾਲ ਨੂੰ ਇੱਕ ਮੰਗ ਪੱਤਰ ਦਿੱਤਾ ਹੈ ਜਿਸ ਵਿੱਚ ਉਨ੍ਹਾਂ ਨੇ ਦੱਸਿਆ ਹੈ ਕਿ ਨਾਮਧਾਰੀ ਸੰਪ੍ਰਦਾ ਵਲੋਂ ਜਿਹੜੇ ਨਿਤਨੇਮ ਦੇ ਗੁਟਕੇ ਛਪਵਾਏ ਗਏ ਹਨ ੮੦੦ ਸਫਿਆਂ ਦੇ ਗੁਟਕੇ ਵਿੱਚ ੧੦੦ ਸਫੇ ਦੀ ਭੂਮਿਕਾ ਲਿਖੀ ਗਈ ਹੈ, ਜਿਸ ਵਿੱਚ 'ਨਾਮਧਾਰੀ ਅਖੌਤੀ ਸਤਿਗੁਰਾਂ' ਦੀਆਂ ਬਹੁਤ ਸਿਫਤਾਂ ਲਿਖੀਆਂ ਗਈਆਂ ਹਨ। ਭੂਮਿਕਾ ਦੇ ਸਫਾ ੨੨ ਤੇ ਨਾਮਧਾਰੀ ਲਿਖਦੇ ਹਨ ਕਿ ਗੁਰ ਮੰਤ੍ਰ ਕੇਵਲ ਦੇਹਧਾਰੀ ਗੁਰੂ ਹੀ ਦੇ ਸਕਦਾ ਹੈ ਅਤੇ ਜਿਸ ਪ੍ਰਾਣੀ ਨੇ ਗੁਰ ਮੰਤ੍ਰ ਨਹੀਂ ਲਿਆ ਉਹ ਨਿਗੁਰਾ ਹੈ ਅਤੇ ਉਹ ਪ੍ਰਾਣੀ ਕੁੱਤਿਆਂ, ਸੂਰਾਂ, ਗਧਿਆਂ, ਕਾਵਾਂ ਅਤੇ ਸੱਪਾਂ ਦੇ ਵੀ ਤੁੱਲ ਨਹੀਂ ਹੈ। ਇਸ ਵਿੱਚ ਗੁਰੂ ਗ੍ਰੰਥ ਅਤੇ ਗੁਰੂ ਪੰਥ ਤੇ ਨਾਮਧਾਰੀਆਂ ਵਲੋਂ ਘਾਤਕ ਹਮਲਾ ਇਹ ਕੀਤਾ ਗਿਆ ਹੈ ਜੋ ਕਿ ਪੰਨਾ ਨੰ. ੪੩-੪੪ ਤੇ ਲਿਖਿਆ ਹੈ, ਆਦਿ ਗ੍ਰੰਥ ਦੀ ਬਾਣੀ ਦਾ ਅਪਮਾਨ ਕਰਨ ਵਾਲੇ ਉਹੀ ਲੋਕ ਹਨ ਜੋ ਆਦਿ ਸ੍ਰੀ ਗ੍ਰੰਥ ਸਾਹਿਬ ਨੂੰ ਦਸਮੇਸ਼ ਜੀ ਵਲੋਂ ਗੁਰਗੱਦੀ ਦਿੱਤੀ ਹੋਈ ਮੰਨਦੇ ਹਨ ਅਰਥਾਤ ਜੋ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦੇ ਹਨ। ਨਾਮਧਾਰੀਆਂ ਵਲੋਂ ਗੁਰੂ ਡੰਮ ਚਲਾਉਣ ਦੇ ਬੀਜ ਪ੍ਰਕਾਸ਼ ਸਿੰਘ ਬਾਦਲ ਵਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਸਤਿਗੁਰੂ ਰਾਮ ਸਿੰਘ ਦੀ ਸਥਾਪਿਤ ਕੀਤੀ ਚੇਅਰ ਵਿੱਚੋਂ ਮਿਲਦੇ ਹਨ। ਨਾਮਧਾਰੀਏ ਵੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਦੀ ਬਜਾਇ ਅਖੌਤੀ ਦੇਹਧਾਰੀ ਗੁਰੂ ਨੂੰ ਸਤਿਗੁਰੂ ਮੰਨ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਘੋਰ ਬੇਅਦਬੀ ਕਰ ਰਹੇ ਹਨ।

ਭੁੱਲਾਂ ਚੁੱਕਾਂ ਦੀ ਖਿਮਾਂ।

****

ਪੰਜਾਬ ਦੇ ਸਭਿਆਚਾਰ 'ਚ ਸਿੱਖ ਬੀਬੀਆਂ ਦੀ ਭੂਮਿਕਾ



ਇਹ ਮੰਨਣ ਵਾਲੀ ਸੱਚਿਆਈ ਹੈ ਕਿ ਅੱਜ ਤੋਂ ਲਗਭਗ 550 ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਇਨਕਲਾਬੀ ਸੰਦੇਸ਼ ਨੇ ਪੰਜਾਬ ਦੇ ਸਭਿਆਚਾਰ ਨੂੰ ਇੱਕ ਨਵਾਂ ਮੋੜ ਦਿੱਤਾ ਅਤੇ ਲੋਕਾਂ ਵਿੱਚ ਸਾਹਸ ਤੇ ਅਣਖ ਨਾਲ ਜਿਊਣ ਦਾ ਉਜਾਲਾ ਪੈਦਾ ਕੀਤਾ। ਸੱਤਾ ਦੇ ਰਾਜਿਆਂ-ਮਹਾਰਾਜਿਆਂ ਨੂੰ ਵੰਗਾਰਿਆ ਅਤੇ ਮਾਂ-ਜਣਨੀ ਦੇ ਰੁਤਬੇ ਨੂੰ ਬੁਲੰਦ ਕੀਤਾ। 'ਭੰਡ' ਸ਼ਬਦ (ਔਰਤ) ਦੀ ਮਹਿਮਾ ਗਾਈ ਅਤੇ ਪ੍ਰਮਾਣਿਕ ਕਰ ਦਿੱਤਾ: **"ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ"** ਬਾਕੀ ਗੁਰੂ ਸਾਹਿਬਾਨ ਨੇ ਵੀ ਇਸਤਰੀ ਜਾਤੀ ਦੇ ਰੁਤਬੇ ਪ੍ਰਤੀ ਪੂਰੀ ਸ਼ਰਧਾ ਹੀ ਨਹੀਂ ਜਿਤਲਾਈ ਸਗੋਂ ਸਮੇਂ-ਸਮੇਂ ਉਨ੍ਹਾਂ ਨੂੰ ਸਤਿਕਾਰ ਦਿੱਤਾ ਤੇ ਉਨ੍ਹਾਂ ਸਿੱਖ ਬੀਬੀਆਂ ਨੇ ਦਿੱਤੇ ਗਏ ਕਾਰਜਾਂ ਵਿੱਚ ਪੂਰਾ ਕਰਤਵ ਨਿਭਾਇਆ। ਗੁਰੂ ਗੋਬਿੰਦ ਸਿੰਘ ਜੀ ਦੇ ਲਿਖੇ 52 ਹੁਕਮਨਾਮਿਆਂ ਵਿੱਚ ਵੀ ਇਸਤਰੀ ਵਰਗ ਨੂੰ ਉੱਚਾ ਉਠਾਉਣ ਲਈ ਆਦੇਸ਼ ਮਿਲਦੇ ਹਨ: "ਪਰ ਇਸਤਰੀ ਮਾਂ ਭੈਣ ਧੀ ਭੈਣ ਕਰ ਜਾਣਨੀ ॥"

"ਪਰ ਤ੍ਰਿਯ ਰਾਖਹਿ ਨਾ ਹੋਤ ਅਨੰਦੁ ॥"

ਜਿਸ ਮਾਤਾ ਤ੍ਰਿਪਤਾ ਨੇ 'ਨਾਨਕ' ਨੂੰ ਜਨਮ ਦਿੱਤਾ, ਉਹ ਪੂਜਣ ਯੋਗ ਹੈ, ਧੰਨ ਹੈ। ਉਸ ਦੀ ਕੁੱਖ ਦੇ ਚਮਤਕਾਰ ਨੇ ਲੋਕਾਈ ਦਾ ਰਹਿਬਰ ਪੈਦਾ ਕੀਤਾ। ਉਸੇ ਕੁੱਖ ਦੀ ਧੀ ਬੇਬੇ ਨਾਨਕੀ ਨੂੰ ਵੀਰ ਨਾਨਕ ਦੀ ਹਰ ਪਲ ਸਹਾਇਤਾ ਕਰਨ ਦਾ ਗੌਰਵ ਹਾਸਲ ਹੋਇਆ। ਪੰਜਾਬ ਦਾ ਸਭਿਆਚਾਰ ਇੱਥੋਂ ਹੀ ਨਵੀਂ ਦਿਸ਼ਾ ਲਈ ਕਦਮ ਪੁੱਟਦਾ, ਅੱਗੇ-ਅੱਗੇ ਵਿਰਾਸਤ ਹੁੰਦਾ ਗਿਆ।

ਗੁਰੂ ਨਾਨਕ ਦੀ ਪਤਨੀ ਸੁਲੱਖਣੀ ਨੇ ਗੁਰੂ ਜੀ ਦੀਆਂ ਚਾਰ ਉਦਾਸੀਆਂ ਦੇ ਲਗਭਗ 25 ਸਾਲ ਘਰੋਂ ਲੱਗ ਨਿਸਤਾਰਨ ਦੇ ਜੁਦਾਈ ਕਾਲ ਨੂੰ ਬੜੇ ਸਬਰ, ਸੰਤੋਖ ਤੇ ਜ਼ਿੰਮੇਵਾਰੀਆਂ ਨਾਲ ਨਿਭਾ ਕੇ, ਇਸ ਸੁਸ਼ੀਲ ਗ੍ਰਹਿਣੀ ਦੀ ਮਿਸਾਲ ਪੈਦਾ ਕੀਤਾ। ਘਰ ਦੀ ਕਬੀਲਦਾਰੀ ਪਾਲੀ ਤੇ ਇੱਕ ਸੁਆਣੀ ਵਾਂਗ ਜੀਵਨ ਜੀਵਿਆ। ਗੁਰੂ ਅੰਗਦ ਦੇਵ ਜੀ ਦੀ ਮਹਿਲ (ਪਤਨੀ) ਮਾਤਾ ਖੀਵੀ ਨੇ ਗੁਰੂ ਜੀ ਦੇ ਉਪਦੇਸ਼ ਦੀ ਪਾਲਣਾ ਤਾਂ ਕੀਤੀ ਹੀ ਪ੍ਰੰਤੂ ਸਤਿਸੰਗ ਰੂਪੀ ਲੰਗਰ ਲਗਾ ਕੇ ਨਾਮ ਦੀ ਦੌਲਤ ਵੀ ਵੰਡੀ। ਲੰਗਰ ਦੀ ਸਾਂਭ ਸੰਭਾਲ ਕਰਦੇ ਤੇ ਹਰ ਲੋੜਵੰਦ ਨੂੰ ਧੀਰਜ ਦੇਂਦੇ। ਗੁਰਗੱਦੀ ਲਈ ਜ਼ਿੱਦ ਕਰਦੇ ਆਪਣੇ ਪੁੱਤਰਾਂ ਦਾਤੂ ਜੀ ਤੇ ਦਾਸੂ ਜੀ ਨੂੰ ਸਮਝਾਇਆ ਕਿ ਇਸ ਨਿਰੰਕਾਰੀ ਜੋਤ ਲਈ ਵਾਰਸ ਸ੍ਰੀ ਗੁਰੂ ਅਮਰਦਾਸ ਜੀ ਹੀ ਹਨ। ਬੀਬੀ ਅਮਰੋ ਜੋ ਗੁਰੂ ਅੰਗਦ ਦੇਵ ਜੀ ਦੀ ਬੇਟੀ ਸੀ, ਉਸ ਗੁਰਬਾਣੀ ਕੰਠ ਕਰਕੇ ਸੁਣਨ ਵਾਲਿਆਂ ਨੂੰ ਮੰਤਰ ਮੁਗਧ ਕਰਨ ਦੀ ਕਥਾ ਸੁਣਨ ਨੂੰ ਮਿਲਦੀ ਹੈ। ਇੰਜ ਹੀ ਸਿੱਖ ਇਤਿਹਾਸ ਵਿੱਚ ਬੀਬੀ ਭਾਨੀ ਦੀ ਪਿਤਾ ਸ਼ਰਧਾ, ਪ੍ਰੇਮ ਤੇ ਸੇਵਾ ਦੀ ਮਿਸਾਲ ਮਿਲਣੀ ਮੁਸ਼ਕਲ ਹੈ। ਆਪਣੇ ਪਤੀ-ਪ੍ਰਭੂ ਗੁਰੂ ਰਾਮਦਾਸ ਪ੍ਰਤੀ ਆਪਣੇ ਪਿਤਾ ਗੁਰੂ (ਗੁਰੂ ਅਮਰਦਾਸ ਜੀ) ਕੋਲੋਂ ਸੇਵਾ ਕਾਲ ਵਧਾਉਣ ਦੀ ਅਰਜੋਈ ਕੀਤੀ। ਬੀਬੀ ਭਾਨੀ ਨੇ ਮਾਂ-ਰੂਪ ਵਿੱਚ ਜੋ ਅਸੀਸ ਗੁਰੂ ਅਰਜਨ ਦੇਵ ਨੂੰ ਦਿੱਤੀ ਤੇ ਪੰਜਵੇਂ ਪਾਤਸ਼ਾਹ ਨੇ ਗੂਜਰੀ ਰਾਗ ਵਿੱਚ ਸ਼ਬਦ ਉਚਾਰਿਆ, ਉਹ ਹਰ ਹਿਰਦੇ ਨੂੰ ਟੁੰਬਣ ਵਾਲਾ ਹੈ:

"ਪੂਤਾ ਮਾਤਾ ਕੀ ਆਸੀਸ॥
ਨਿਮਖ ਨਾ ਬਿਸਰਉ ਤੁਮ ਕਉ ਹਰਿ ਹਰਿ
ਸਦਾ ਭਜਹੁ ਜਗਦੀਸ॥

ਅਜੋਕੇ ਸਮਿਆਂ 'ਚ ਔਕੜ ਪਏ ਪੁੱਤਰਾਂ ਨੂੰ ਮਾਵਾਂ ਦੀ ਅਜਿਹੀ ਅਸੀਸ ਅਤੀ ਲੋੜੀਂਦੀ ਹੈ ਤਾਂ ਜੋ ਪੰਜਾਬੀ ਸਭਿਆਚਾਰ ਸਿਹਤਮੰਦ ਸਿਰਜਿਆ ਜਾ ਸਕੇ ਤੇ ਰਿਸ਼ਤਿਆਂ ਦੀ ਪਵਿੱਤਰਤਾ ਕਾਇਮ ਰਹੇ।

ਮਾਤਾ ਗੰਗਾ ਦਾ ਰੋਲ ਕਿਸੇ ਤਰ੍ਹਾਂ ਵੀ ਘੱਟ ਨਹੀਂ ਜਿਸ ਨੇ ਅਜਿਹੇ ਸੂਰਜੀਰ ਜੋਧੇ ਨੂੰ ਜਨਮ ਦਿੱਤਾ ਜਿਸ ਨੇ ਇਤਿਹਾਸ ਵਿੱਚ ਮੁਗਲਾਂ ਦੇ ਵਿਰੁੱਧ ਤੇ ਜ਼ੁਲਮ ਰੋਕਣ ਲਈ ਲੋਹਾ ਲਿਆ। ਮੀਰੀ-ਪੀਰੀ ਦੇ ਸੰਕਲਪ ਨੂੰ ਗੁਰੂ ਹਰਗੋਬਿੰਦ ਨੇ ਸਫਲ ਕਰ ਵਿਖਾਇਆ। ਮਾਤਾ ਨਾਨਕੀ ਦੀ ਕੁੱਖੋਂ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਵਰਗੇ ਤੇਗ

ਦੇ ਧਨੀ ਪੈਦਾ ਹੋਏ ਜਿਨ੍ਹਾਂ ਨੇ ਧਰਮ-ਨਿਰਪੇਖਤਾ 'ਤੇ ਪਹਿਰਾ ਦੇ ਕੇ ਤਿਲਕ ਜੰਞੂ ਦੀ ਰੱਖਿਆ ਲਈ ਸ਼ਹਾਦਤ ਦਿੱਤੀ ਅਤੇ ਹਿੰਦ ਦੀ ਚਾਦਰ ਕਹਿਲਾਏ। ਮਾਤਾ ਗੁਜਰੀ ਦੀ ਮਿਸਾਲ ਤਾਂ ਵਿਕੋਲਿਤਰੀ ਹੈ। ਮਾਤਾ ਗੁਜਰੀ ਨੇ ਆਪਣੇ ਪਤੀ ਗੁਰੂ ਤੇਗ ਬਹਾਦਰ ਦੀ 26 ਸਾਲ 9 ਮਹੀਨੇ 12 ਦਿਨ ਤਪੱਸਿਆ ਕਾਲ ਦੇ ਸਮੇਂ ਦੁਨਿਆਵੀ ਸੁਖ ਤਿਆਗ ਕੇ ਸੇਵਾ ਕੀਤੀ। ਗੁਜਰੀ ਜੀ ਸ਼ਹੀਦ ਦੀ ਪਤਨੀ, ਸ਼ਹੀਦ ਦੀ ਮਾਤਾ, ਸ਼ਹੀਦ ਪੋਤਰਿਆਂ ਦੀ ਦਾਦੀ ਪਹਿਲੀ ਸਿੱਖ ਇਸਤਰੀ ਸ਼ਹੀਦ ਹੈ ਜਿਸ ਨੇ ਠੰਢੇ ਬੁਰਜ ਵਿੱਚ ਕੈਦੀ ਰਹਿ ਕੇ ਸੂਬਾ ਸਰਹਿੰਦ ਵਜ਼ੀਦ (ਵਜ਼ੀਰ) ਖਾਂ ਦੇ ਤਸੀਹੇ ਝੱਲ ਕੇ ਅਡੋਲ-ਅਗੰਮੀ ਰੂਹ ਨੇ ਸ਼ਹਾਦਤ ਦਿੱਤੀ। ਧਰਮ ਤੇ ਕੌਮ ਦੀ ਗੌਰਵਤਾ ਨੂੰ ਰੱਖਣ ਲਈ ਛੋਟੇ ਸਾਹਿਬਜ਼ਾਦਿਆਂ (ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ) ਨੂੰ ਰੂਹਾਨੀਅਤ ਦਾ ਉਪਦੇਸ਼ ਦੇ ਕੇ ਲਾਸਾਨੀ ਸ਼ਹੀਦੀ ਲਈ ਡੋਲਣ ਨਹੀਂ ਦਿੱਤਾ। ਦੁਨੀਆਂ ਦੇ ਇਤਿਹਾਸ ਵਿੱਚ ਮਾਤਾ ਗੁਜਰੀ ਦੀ ਅਦੁੱਤੀ ਸ਼ਖਸ਼ੀਅਤ ਅੱਗੇ ਹਰ ਕਿਸੇ ਦਾ ਸਿਰ ਝੁਕਦਾ ਹੈ। ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਤੇ ਮਹਿਲ (ਪਤਨੀ) ਮਾਤਾ ਜੀਤੋ, ਮਾਤਾ ਸੁੰਦਰੀ ਤੇ ਮਾਤਾ ਸਾਹਿਬ ਦੇਵਾਂ ਦੀ ਭੂਮਿਕਾ ਅਜੇ ਇਤਿਹਾਸ ਖੋਜਣ ਵਾਲੀ ਹੈ। ਮਾਤਾ ਸਾਹਿਬ ਦੇਵਾਂ ਨੇ ਅੰਮ੍ਰਿਤ ਸੰਚਾਰ ਵੇਲੇ ਗੁਰੂ ਗੋਬਿੰਦ ਸਿੰਘ ਨੂੰ ਮਿਠਾਸ ਘੋਲਣ ਲਈ ਪਤਾਸੇ ਪਾਏ ਤਾਂ ਜੋ ਜੋਸ਼ ਤੇ ਮਿੱਠਤ ਦਾ ਸੁਮੇਲ ਹੋਵੇ। ਮਾਤਾ ਸਾਹਿਬ ਦੇਵਾਂ ਤੋਂ ਅੰਮ੍ਰਿਤ ਪਾਨ ਕਰਕੇ ਮਾਤਾ ਸਾਹਿਬ ਕੌਰ ਨੂੰ ਖਾਲਸੇ ਦੀ ਮਾਤਾ ਹੋਣ ਦਾ ਰੁਤਬਾ ਤੇ ਸਨਮਾਨ ਹਾਸਲ ਹੋਇਆ।

ਸਿੱਖ ਇਤਿਹਾਸਕ ਸਭਿਆਚਾਰ ਨੂੰ ਮੋੜਾ ਦੇਣ ਵਾਲੀ ਸੂਰਬੀਰਤਾ ਦੀ ਪੁੰਜ ਮਾਈ ਭਾਗੋ ਹੈ ਜਿਸ ਨੇ ਬੇਦਾਵੀਏ ਸਿੰਘਾਂ (ਜੋ ਅਨੰਦਪੁਰ ਸਾਹਿਬ ਦੇ ਕਿਲ੍ਹੇ 'ਚੋਂ ਗੁਰੂ ਗੋਬਿੰਦ ਸਿੰਘ ਦਾ ਸਾਥ ਛੱਡ ਗਏ ਸਨ। ਤੂੰ ਸਾਡਾ ਗੁਰੂ ਨਹੀਂ ਅਸੀਂ ਤੇਰੇ ਸਿੱਖ ਨਹੀਂ) ਨੂੰ ਵਾਪਸ ਲੈ ਕੇ, ਆਪ ਅਗਵਾਈ ਕਰਕੇ, ਘੋੜ ਸੁਆਰ ਹੋ ਕੇ, ਖਿਦਰਾਣੇ ਦੀ ਢਾਬ 'ਤੇ ਜੰਗ ਲੜੀ। ਮੁਗਲਾਂ ਦੀਆਂ ਫੌਜਾਂ ਦੇ ਮੂੰਹ ਮੋੜੇ। ਸ਼ਹੀਦੀ ਪਾਈ ਤੇ ਚਾਲੀ ਸਿੰਘ ਮੁਕਤਸਰ ਦੀ ਧਰਤੀ 'ਤੇ ਜਾਨਾਂ ਵਾਰ ਗਏ। ਭਾਈ ਮਹਾਂ ਸਿੰਘ ਨੇ ਅੱਖੀਂ ਬੇਦਾਵਾ ਪੜਾਇਆ ਤੇ ਗੁਰੂ ਜੀ ਦੇ ਮੁਕਤੇ ਅਖਵਾਏ। ਇਹ ਗੌਰਵਮਈ ਕੁਰਬਾਨੀ ਮਹਾਰਾਣੀ ਝਾਂਸੀ ਦੀ ਕੁਰਬਾਨੀ ਨੂੰ ਚੇਤੇ ਕਰਵਾਉਂਦੀ ਹੈ ਅਤੇ ਮਾਈ ਭਾਗੋ ਨੂੰ ਪੰਜਾਬ ਦੀ ਵੀਰਾਂਗਣ ਸਿੱਧ ਕਰਦੀ ਹੈ।

ਇਸ ਤੋਂ ਅੱਗੇ ਇਹ ਗੱਲ ਇਤਿਹਾਸਕਾਰ ਮੰਨਦੇ ਹਨ ਕਿ ਰਾਣੀ ਸਦਾ ਕੌਰ ਹਿੰਦੁਸਤਾਨ ਦੀਆਂ ਮਹਾਨ ਔਰਤਾਂ ਵਿੱਚ ਸ਼੍ਰੇਸ਼ਟ ਦਰਜਾ ਰੱਖਦੀ ਹੈ। ਲਗਾਤਾਰ 33 ਸਾਲ (1792-1825) ਤੱਕ ਖਾਲਸਾ ਰਾਜ ਦੀ ਉਸਾਰੀ ਲਈ, ਮਹਾਰਾਜਾ ਰਣਜੀਤ ਸਿੰਘ ਦੀ ਕਾਮਯਾਬੀ ਲਈ ਸਭ ਤੋਂ ਮੂਹਰੇ ਰਹੀ। ਲੇਖਕ ਗਰਿਫ਼ਨ ਦਾ ਮੰਨਣਾ ਹੈ ਕਿ ਮਾਈ ਸਦਾ ਕੌਰ ਇਸਤਰੀ ਜਗਤ ਵਿੱਚ ਅਦੁੱਤੀ ਬਹਾਦਰ ਅਤੇ ਅਸਾਧਾਰਨ ਯੋਗਤਾ ਦੀ ਮਾਲਕ ਸੀ। ਕਈ ਲੜਾਈਆਂ ਉਸ ਨੇ ਘੋੜੇ 'ਤੇ ਸਵਾਰ ਹੋ ਕੇ, ਸਿੱਖ ਫੌਜੀਆਂ ਨੂੰ ਅਣਖ ਦੀ ਪੁੱਠ ਦੇ ਕੇ ਲੜੀਆਂ ਤੇ ਜਿੱਤੀਆਂ। ਜ਼ਕਰੀਆ ਖਾਂ ਤੇ ਮੁਗਲ ਹਕੂਮਤ ਨੇ ਜਦੋਂ ਸਿੱਖਾਂ (ਸਿੰਘਾਂ) ਦਾ ਨਾਸ ਕਰਨ ਦਾ ਦਾਈਆ ਮਿੱਥਿਆ ਹੋਇਆ ਸੀ ਤਾਂ ਉਸ ਸੰਕਟ ਸਮੇਂ ਸਿੱਖ ਬੀਬੀਆਂ ਨੇ ਹਥਿਆਰ ਚੁੱਕ ਕੇ ਇਲਾਕੇ ਦੇ ਦੁਸ਼ਮਣਾਂ ਦੇ ਹਮਲਿਆਂ ਤੋਂ ਰੱਖਿਆਂ ਕੀਤੀ। ਇਸ ਗੱਲ ਦੀ ਪੁਸ਼ਟੀ ਅੰਗਰੇਜ਼ ਲੇਖਕ ਵਿਲੀਯਮ ਫਰੈਂਕਸ਼ਨ ਵੀ ਕਰਦਾ ਹੈ। ਜੇਲ੍ਹਾਂ ਵਿੱਚ ਸਵਾ-ਸਵਾ ਮਣ ਪੀਸਣਾ, ਗਲਾਂ ਵਿੱਚ ਬੱਚਿਆਂ ਦੇ ਟੋਟੇ ਕਰ ਕੇ ਪੁਆਣੇ ਤੇ ਤਸੀਹੇ ਝੱਲਣੇ, ਇਹ ਸਿੱਖ ਇਤਿਹਾਸ ਦੀ ਅਰਦਾਸ ਦਾ ਹਿੱਸਾ ਹੈ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਮਹਾਰਾਣੀ ਜਿੰਦਾਂ ਦਾ ਰੋਲ ਉਚੇਚਾ ਧਿਆਨ ਮੰਗਦਾ ਹੈ। ਅੰਗਰੇਜ਼ ਹਕੂਮਤ ਨਾਲ ਟੱਕਰ ਲੈਣ ਵਾਲੀ ਮਹਾਰਾਣੀ ਜਿੰਦਾਂ ਹੀ ਸੀ ਜਿਸ ਨੇ ਕੈਦ ਕੀਤੇ ਮਹਾਰਾਜਾ ਦਲੀਪ ਸਿੰਘ ਨੂੰ ਫਿਰ ਸਿੱਖ ਬਾਣੇ ਵਿੱਚ ਨਾ ਦੇਖ ਸਕੀ।

ਪਟਿਆਲਾ ਰਿਆਸਤ ਦੇ ਇਹਿਤਾਸ ਵਿੱਚ ਰਾਣੀ ਸਾਹਿਬ ਕੌਰ ਦੀ ਮਰਦਾਂਪੁਰ (ਨੇੜੇ ਸੰਭੂ) ਵਿਖੇ ਮਰਹੱਟਿਆਂ ਨਾਲ ਜੂਝਣ ਦੀ ਜੰਗ ਵੀ ਜ਼ਿਕਰਯੋਗ ਹੈ ਜਿਸ ਦੀ ਸੂਰਬੀਰਤਾ ਦੀ ਕਹਾਣੀ ਪ੍ਰੋ. ਮੋਹਨ ਸਿੰਘ ਦੀ ਕਵਿਤਾ ਰਾਹੀਂ ਪੜ੍ਹੀ ਜਾ ਸਕਦੀ ਹੈ। ਕਿੰਨੀਆਂ ਹੀ ਹੋਰ ਸਿੱਖ ਬੀਬੀਆਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ ਜਿਨ੍ਹਾਂ ਨੇ ਪਤੀ ਜਾਂ ਪੁੱਤਰ ਪਹਿਲੀ ਸੰਸਾਰ ਜੰਗ, ਦੂਜੀ ਸੰਸਾਰ ਜੰਗ, ਸਿੱਖ ਮੋਰਚਿਆਂ, ਭਾਰਤ ਦੀ ਅਜ਼ਾਦੀ ਸੰਗਰਾਮ ਹਿੰਦ-ਪਾਕ ਜੰਗਾਂ, ਹਿੰਦ-ਚੀਨ ਜੰਗ ਤੇ ਸਰਹੱਦ ਦੀ ਰੱਖਿਆ ਦੇ ਕਾਰਜਾਂ ਲਈ ਜਾਨਾਂ ਵਾਰਦੇ ਰਹੇ। ਉਨ੍ਹਾਂ ਦੀਆਂ ਕੁਰਬਾਨੀਆਂ ਪਿੱਛੇ ਉਨ੍ਹਾਂ ਔਰਤਾਂ ਨੂੰ ਆਪਣੇ ਘਰ-ਪਰਿਵਾਰ ਅਤੇ ਪੰਜਾਬੀ ਸਭਿਆਚਾਰ ਨੂੰ ਸੁਰੱਖਿਅਤ ਰੱਖਣ ਲਈ ਦ੍ਰਿੜਤਾ ਤੇ ਸੁਘੜਤਾ ਨਾਲ ਭੂਮਿਕਾ ਨਿਭਾਉਣੀ ਪਈ। ਉਨ੍ਹਾਂ ਬੀਬੀਆਂ ਨੂੰ ਸਮਾਜ ਵਿੱਚ ਸਰਵੋਤਮ ਦਰਜਾ ਦੇਣਾ ਅੱਜ ਸਮੇਂ ਦੀ ਲੋੜ ਹੈ ਤਾਂ ਜੋ ਸਮਾਜ-ਸਿਰਜਣ ਵਾਲੀ ਔਰਤ ਦੀ ਮਹੱਤਤਾ ਨੂੰ ਸਮਝ ਸਕੀਏ।

****

ਸਿੰਗਾਂ ਵਾਲੇ ਗਧੇ

ਸ਼ੋਕ ਸਭਾ



ਪ੍ਰੋ: ਜਸਵੰਤ ਸਿੰਘ ਕੈਲਵੀ
9878381474

ਜਦੋਂ ਵੀ ਸਾਹਿਤ ਸਭਾ ਦੀ ਮੀਟਿੰਗ ਬੁਲਾਈ ਜਾਂਦੀ ਹਾਜ਼ਰੀ ਦਾ ਇਹ ਹਾਲ ਹੁੰਦਾ 'ਮਾਵਾਂ ਧੀਆਂ ਗਾਉਣ ਵਾਲੀਆਂ ਪਿਉ ਪੁੱਤ ਜਾਂਵੀ।" ਗਿਆਨੀ ਤੋਤਾ ਸਿੰਘ 'ਪੰਛੀ' ਪ੍ਰਧਾਨ ਤੇ ਰਛਪਾਲ ਸਿੰਘ 'ਲਾਟੂ' ਸਕੱਤਰ ਤੋਂ ਇਲਾਵਾ ਹਾਜ਼ਰੀ ਸੌਣੀ ਕਦੀ ਕਦਾਈਂ ਹੀ ਕੋਈ ਮੌਕਾ ਬਣਦਾ ਜਦੋਂ ਕੋਈ ਹੋਰ ਮੈਂਬਰ ਓਥੇ ਹਾਜ਼ਰੀ ਭਰਦਾ। ਹਾਂ, ਚੋਣ ਦੀ ਮੀਟਿੰਗ ਦੀ ਗੱਲ ਕੁੱਝ ਵੱਖਰੀ ਹੁੰਦੀ। ਇਸ ਵਾਰ ਦੀ ਮੀਟਿੰਗ ਵਿੱਚ 'ਪੰਛੀ' ਤੇ 'ਲਾਟੂ' ਦੋਵੇਂ ਹੀ ਹਾਜ਼ਰ ਸਨ। 'ਇਕ ਤੂੰ ਹੋਵੇਂ ਇਕ ਮੈਂ ਹੋਵਾਂ' ਦਾ ਰੁਮਾਂਟਿਕ ਦ੍ਰਿਸ਼। 'ਪੰਛੀ, 'ਲਾਟੂ' ਵੱਲ ਆਪਣੀ ਚੁੰਝ ਫੈਲਾ ਕੇ ਪੁੱਛਣ ਲੱਗਾ:

'ਘੰਟਾ ਹੋ ਗਿਐ ਉਡੀਕਦਿਆਂ, ਤੂੰ ਸਾਰਿਆਂ ਨੂੰ ਚਿੱਠੀਆਂ ਨਹੀਂ ਲਿਖੀਆਂ?' ਲਾਟੂ ਪੂਰੀ ਤਰ੍ਹਾਂ ਲਾਟੂ ਵਾਂਗ ਸਿਰ ਘੁਮਾ ਕੇ ਡਾਕ ਰਜਿਸਟਰ 'ਪੰਛੀ' ਦੇ ਮੂਹਰੇ ਰੱਖਦਾ ਹੋਇਆ ਬੋਲਿਆ, ਪ੍ਰਧਾਨ ਜੀ, ਆਹ ਵੇਖੋ ! ਪੂਰੀਆਂ ਬੱਤੀ ਚਿੱਠੀਆਂ ਕੱਢੀਆਂ ਨੇ ਸਾਰਿਆਂ ਨੂੰ ਤੇ ਕੱਢੀਆਂ ਵੀ ਪੂਰਾ ਹਫਤਾ ਪਹਿਲਾਂ ਨੇ। ਪੰਜਾਂ ਦਸਾਂ ਮੈਂਬਰਾਂ ਨੂੰ ਤਾਂ ਮੈਂ ਲੰਘਦਾ ਟੱਪਦਾ ਮਿਲ ਕੇ ਇਤਲਾਹ ਦੇ ਆਇਆ ਹਾਂ, ਫੇਰ ਪਤਾ ਨਹੀਂ ਵਾਹਿਗੁਰੂ ਜਾਣੇ ਕੀ ਮਾਰ ਵੱਗੀ ਏ? ਹਰ ਵਾਰੀ ਏਦਾਂ ਹੀ ਹੁੰਦੈ। ਸਰਕਾਰ ਦੀ 'ਹਮ ਦੋ ਹਮਾਰੇ ਦੋ' ਵਾਂਗ ਸਾਡੇ ਤਾਂ ਹੋਰ ਦੋ ਵੀ ਇਕੱਠੇ ਨਹੀਂ ਹੁੰਦੇ। ਡੱਡੂਆਂ ਦੀ ਪੰਸੇਰੀ ਤਾਂ ਸ਼ਾਇਦ ਸੌਖਿਆਂ ਹੀ ਇਕੱਠੀ ਕੀਤੀ ਜਾ ਸਕੇ ਪ੍ਰੰਤੂ ਸਾਹਿਤ ਦੇ ਇਨ੍ਹਾਂ ਸੂਰਮਿਆਂ ਨੂੰ ਇਕੱਠਾ ਕਰਨਾ ਤਾਂ ਗੰਜੇ ਦੇ ਸਿਰ ਤੇ ਵਾਲਾਂ ਦੀ ਖੇਤੀ ਉਗਾਉਣ ਵਾਲੀ ਗੱਲ ਏ।

ਪ੍ਰਧਾਨ ਜੀ-ਇਕ ਵਾਰ ਇਕ ਔਰਤ ਆਪਣੇ ਵਾਲਾਂ ਦੇ ਸ਼ਿੰਗਾਰ ਲਈ ਬਿਊਟੀ ਪਾਰਲਰ ਚਲੀ ਗਈ। ਭੂਤ, ਭਵਿੱਖ ਤੇ ਵਰਤਮਾਨ ਤਿੰਨ ਕਾਲਾਂ ਵਾਂਗ ਵਾਲ ਸਨ ਸਿਰ ਤੇ ਬਸ ਤਿੰਨ ਕੁ ਈ। ਅੱਜ ਕਲ੍ਹ ਦੇ ਛੋਟੇ ਪਰਿਵਾਰ ਵਾਂਗ। ਜਾਕੇ ਕਹਿਣ ਲੱਗੀ: ਮੈਡਮ, ਮੇਰੀ ਜ਼ਰਾ ਗੁੱਤ ਗੁੰਦ ਦੇ। ਮੈਡਮ ਕੰਘੀ ਫੜ ਕੇ ਜਦੋਂ ਗੁੱਤ ਕਰਨ ਲੱਗੀ ਤਾਂ ਇਕ ਵਾਲ ਗੁਜਰਾਤ ਦੇ ਸ਼ੰਕਰ ਸਿਹੁੰ ਵਘੇਲਾ ਵਾਂਗ ਟੁੱਟ ਕੇ ਅਹੁ ਪਰ ਜਾ ਡਿੱਗਾ। ਔਰਤ ਕਹਿਣ ਲੱਗੀ-'ਚਲ ਮੈਡਮ, ਗੁੱਤ ਰਹਿਣ ਦੇ ਤੇ ਤੂੰ ਵਾਲਾਂ ਦਾ ਜੂੜਾ ਹੀ ਕਰ ਦੇ। ਜਦੋਂ ਮੈਡਮ ਜੂੜਾ ਕਰਨ ਲੱਗੀ ਤਾਂ ਇਕ ਹੋਰ ਵਾਲ ਦਮ ਤੋੜ ਗਿਆ। ਔਰਤ ਬੋਲ ਉੱਠੀ, ਚਲ, ਛੱਡ ਪਰੇ ਤਕਲੀਫ ਨਾ ਕਰ ਮੈਂ ਖੁੱਲ੍ਹੇ ਵਾਲਾਂ ਨਾਲ ਹੀ ਕਿੱਟੀ ਪਾਰਟੀ ਤੇ ਚਲੀ ਜਾਂਦੀ ਹਾਂ। ਹੁਣ ਮੇਰੇ ਕੋਲ ਹੋਰ ਸ਼ਿੰਗਾਰ ਲਈ ਸਮਾਂ ਨਹੀਂ ਹੈ।

ਸਾਡੇ ਸਾਹਿਤਕਾਰਾਂ ਕੋਲ ਵੀ ਸਮਾਂ ਕਿੱਥੇ? ਧੜੀ ਧੜੀ ਅੰਨ ਛਕ ਕੇ ਘੁਰਾੜੇ ਮਾਰ ਰਹੇ ਹੋਣਗੇ। ਜੇ ਮੀਟਿੰਗ ਸ਼ਾਮ ਨੂੰ ਬੁਲਾਈਏ ਤਾਂ ਕਹਿਣਗੇ - 'ਸ਼ਾਮ ਦਾ ਸਮਾਂ ਕੋਈ ਮੀਟਿੰਗ ਕਰਨ ਦਾ ਸਮਾਂ ਹੁੰਦੈ? ਇਹ ਤਾਂ ਹਫਤੇ ਭਰ ਦੀਆਂ ਥਕਾਵਟਾਂ ਲਾਹੁਣ ਦਾ ਸਮਾਂ ਹੁੰਦੈ। ਜੇ ਮੀਟਿੰਗ ਸਵੇਰੇ ਬੁਲਾ ਲਈਏ ਨੌਂ ਦਸ ਵਜੇ ਤਾਂ ਕਹਿੰਦੈ ਨੇ - ਬਈ ਇਹੀ ਤਾਂ ਸਾਡੇ ਉੱਠਣ ਤੇ ਨਹਾਉਣ ਧੋਣ ਦਾ ਸਮਾਂ ਹੁੰਦੈ। ਜੇ ਮੀਟਿੰਗ ਬਾਰਾਂ ਵਜੇ ਰਖਨੇ ਆਂ ਜਿਵੇਂ ਐਤਕੀਂ ਰਖੀ ਏ ਤਾਂ ਵੀ ਹਾਲ ਵੇਖ ਲਓ। ਗੱਲਾਂ ਕਰਨਗੇ ਮੇਰੇ ਪਤਿਅਹੁਰੇ ਘੋਟ ਘੋਟ ਕੇ ਜਿਵੇਂ ਬਰਨਾਰਡ ਸ਼ਾਅ, ਟਾਲਸਟਾਏ, ਗੋਰਕੀ ਤੇ ਇਨ੍ਹਾਂ ਦੇ ਹੀ ਚੇਲੇ ਬਾਲੇ ਰਹੇ ਹੋਣ। ਕਹਿੰਦੇ ਨੇ ਕੇਰਾਂ ਇਕ ਆਦਮੀ ਕੋਲ ਵੱਡੇ ਛੋਟੇ ਢੇਰ ਸਾਰੇ ਅਠੂਹੇਂ ਸਨ। ਇਸ਼ਾਰਾ ਕਰਕੇ ਇਕ ਆਦਮੀ ਕਹਿਣ ਲੱਗਾ,

ਬਈ ਸੱਜਣਾਂ ਇਹ ਅਠੂੰਹਾ ਤਾਂ ਸਭਨਾ 'ਚੋਂ ਛੋਟਾ ਏ। ਦੱਸ ਇਹਦਾ ਕੀ ਲੈਣਾ ਈਂ? ਉਹ ਅੱਗੋਂ ਕਹਿਣ ਲੱਗਾ - ਪੰਦਰਾਂ ਰੁਪਏ।

'ਪੰਦਰਾਂ ਰੁਪਏ? ਇਹਦੇ ਵੱਧ ਕਿਉਂ?'

ਉਹ ਆਦਮੀ ਕਹਿਣ ਲੱਗਾ-ਜ਼ਹਿਰੀ ਤਾਂ ਸਾਰੇ ਹੀ ਹਨ ਪਰ ਸਭ ਤੋਂ ਵੱਧ ਜ਼ਹਿਰ ਹੈ ਇਸ ਛੋਟੇ ਵਿੱਚ। ਇਹਦਾ ਡੰਗਿਆ ਤਾਂ ਪਾਣੀ ਨਹੀਂ ਮੰਗ ਸਕਦਾ।'

'ਏਥੇ ਜਿਹੜਾ ਦੋ ਵਿੰਗੀਆਂ ਟੇਢੀਆਂ ਤੁਕਾਂ ਜੋੜ ਲੈਂਣੇ ਉਹੀ ਸਾਲਾ ਟੈਗੋਰ ਬਣੀ ਫਿਰਦੈ।'

'ਪੰਛੀ' ਨੇ ਲਾਟੂ ਦਾ ਕਿਹਾ-ਅੱਛਾ ਤੂੰ ਕੰਨ ਏਧਰ ਕਰ ਤੇ ਮੇਰੀ ਗੱਲ ਧਿਆਨ ਨਾਲ ਸੁਣ ਤੈਨੂੰ ਇਕ ਸਕੀਮ ਦੱਸਦਾ ਹਾਂ। ਅਗਲੀ ਮੀਟਿੰਗ ਦਾ ਏਜੰਡਾ 'ਸ਼ੋਕ ਸਭਾ' ਲਿਖ ਕੇ ਚਿੱਠੀਆਂ ਪੋਸਟ ਕਰ ਦੇ। ਸਮਝ ਗਿਆ ਏਂ ਨਾ? ਬਸ ਜਿਵੇਂ ਤੈਨੂੰ ਮੈਂ ਕਿਹੈ ਉਵੇਂ ਕਰ' ਭੇਤ ਭਰੀ ਹਾਸੀ ਬਖੇਰਦਿਆਂ ਦੋਵੇਂ ਆਪੋ ਆਪਣੇ ਸਾਈਕਲ ਚੁੱਕ ਕੇ ਘਰੋਂ ਘਰੀਂ ਚਲੇ ਗਏ।

ਪ੍ਰਧਾਨ ਜੀ ਦੀ ਹਦਾਇਤ ਅਨੁਸਾਰ ਲਾਟੂ ਦੇ ਅਗਲੀ ਮੀਟਿੰਗ ਦੀਆਂ ਚਿੱਠੀਆਂ ਪੋਸਟ ਕਰ ਦਿੱਤੀਆਂ। ਏਜੰਡੇ ਵਿੱਚ ਇਹ ਲਿਖ ਦਿੱਤਾ ਕਿ ਸਾਹਿੱਤ ਸਭਾ ਦੇ ਪ੍ਰਧਾਨ, ਪੰਜਾਬੀ ਦੇ ਸਿਰਮੌਰ ਕਵੀ, ਸਾਹਿਤਕਾਰ, ਕਹਾਣੀਕਾਰ, ਨਾਟਕਕਾਰ ਸ੍ਰੀ ਪੰਛੀ ਜੀ ਗੁਰ ਚਰਨਾਂ ਵਿੱਚ ਜਾ ਬਿਰਾਜੇ ਹਨ। ਸ਼ੋਕ ਸਭਾ ਐਤਵਾਰ ਨੂੰ ਟਾਊਨ ਹਾਲ ਵਿਖੇ ਢਾਈ ਵਜੇ ਹੋਵੇਗੀ।

ਇਕ ਦੋ ਦਿਨ ਬਾਅਦ ਖੰਜਰ ਸਾਹਿਬ 'ਲਾਟੂ' ਨੂੰ ਬਾਜ਼ਾਰ ਵਿੱਚ ਮਿਲ ਪਏ। ਰੇੜ੍ਹੀ ਵਾਲੇ ਤੋਂ ਕੱਦੂ ਖਰੀਦ ਕੇ ਝੋਲੇ ਵਿੱਚ ਪਾਉਂਦਿਆਂ ਪੁੱਛਣ ਲੱਗੇ - 'ਓਏ ਭਾਈ ਲਾਟੂ! ਪੰਛੀ ਜਿਵੇਂ ਮਰ ਗਿਐ?'

'ਬਸ, ਮਰ ਗਿਐ ਜਿਵੇਂ ਬਾਕੀ ਲੋਕ ਮਰਦੇ ਹਨ।'

ਓਏ ਮੇਰਾ ਭਾਵ ਹੈ ਕੋਈ ਐਕਸੀਡੈਂਟ ਹੋਇਐ ਜਾਂ ਬੀਮਾਰ ਛਮਾਰ ਸੀ?'

'ਬਸ, ਹਾਰਟ ਅਟੈਕ ਹੋਇਐ ਚੰਗੇ ਭਲੇ ਨੂੰ। ਮਿੰਟ ਨਹੀਂ ਲੱਗਾ।'

'ਗੱਲ ਇਹ ਹੈ-ਸਾਹਿਤ ਵਿਚੋਂ ਤਾਂ ਉਹ ਚਰੋਕਣਾ ਮਰ ਗਿਆ ਸੀ। ਜੋ ਕੁੱਝ ਉਹ ਲਿਖ ਗਿਐ ਉਹਨੂੰ ਸਾਹਿਤ ਕਹਿੰਦੇ ਨੇ? ਰਚਨਾਤਮਕਤਾ ਤੇ ਕਲਾਤਮਕਤਾ ਤਾਂ ਉਹਦੇ ਵਿੱਚ ਬਸ ਏਨੀ ਕੁ ਸੀ ਜਿੰਨੀ ਮਾਂਹ ਦੇ ਦਾਣੇ ਵਿੱਚ ਸਫੈਦੀ। ਐਵੇਂ ਜੋੜ ਤੋੜ ਨਾਲ ਹੀ ਉਹ ਧੂੜ 'ਚ ਟੱਟੂ ਭਜਾਈ ਫਿਰਦਾ ਸੀ। ਜੇ ਉਹਨੂੰ ਹਾਰਟ ਅਟੈਕ ਨਾ ਹੁੰਦਾ ਤਾਂ ਉਹਦਾ ਸਾਹਿਤ ਪੜ੍ਹ ਕੇ ਕਿਸੇ ਪਾਠਕ ਨੂੰ ਹੋ ਜਾਂਦਾ। ਗੱਲ ਤਾਂ ਇਕੋ ਹੀ ਹੈ।

ਨਾ ਤੈਨੂੰ ਉਹਦੀ ਮੌਤ ਦਾ ਕੋਈ ਦੁੱਖ ਨਹੀਂ। ਤੂੰ ਨਹੀਂ ਸਮਝਦਾ ਕਿ ਉਹਦੀ ਮੌਤ ਨਾਲ ਉਹਦੇ ਪਰਿਵਾਰ ਨੂੰ ਜਾਂ ਇਥੋਂ ਦੇ ਸਾਹਿਤਿਕ ਹਲਕੇ ਨੂੰ ਘਾਟਾ ਪਿਆ ਏ।'

'ਮੌਤ ਦਾ ਦੁੱਖ ਤਾਂ ਹੈ। ਘਾਟਾ ਪਰਿਵਾਰ ਨੂੰ ਤਾਂ ਹੋ ਸਕਦੈ, ਸਾਹਿਤ ਨੂੰ ਕੋਈ ਘਾਟਾ ਨਹੀਂ। ਇਹੋ ਜਿਹੇ ਕਈ ਪੰਛੀ ਕਬੂਤਰ ਸਾਹਿਤ ਦੇ ਖੁੰਡੇ ਵਿੱਚ ਵਿੱਠਾਂ ਕਰ ਕਰ ਢੇਰ ਲਗਾ ਰਹੇ ਹਨ।'

'ਓਏ-ਖੰਜਰ ਦੇ ਪੁੱਤਰਾਂ, ਤੂੰ ਵਾਕਿਆਂ ਈ ਤਿੱਖਾਂ ਖੰਜਰ ਏਂ। ਦਸ, ਇਸ ਸ਼ੋਕ ਸਭਾ ਵਿੱਚ ਤਸ਼ਰੀਫ ਲਿਆਵੇਂਗਾ ਕਿ ਨਹੀਂ?

'ਆ ਤਾਂ ਮੈਂ ਜਾਂਦਾ ਮੇਰੇ ਭਾਈ ਲਾਟੂ ਸਾਹਿਬ! ਮੈਂ ਕੋਇਲ (ਇਕ ਕਵਿੱਤਰੀ) ਦੇ ਪੁੱਸਤਕ ਰੀਲੀਜ਼ ਸਮਾਗਮ ਦੀ ਪ੍ਰਧਾਨਗੀ ਕਰਨੀ ਏਂ।'

'ਜਾ ਜਾ, ਤੂੰ ਕੱਦੂ ਖਾ ਤੇ ਖੰਜਰ ਚਲਾ। ਤੇਰੀ ਕਲਮ ਨਾਲ ਈ ਤਾਂ ਸਾਲਿਆ ਇਨਕਲਾਬ ਆਵੇਗਾ।'

ਖੰਜਰ ਸਾਹਿਬ ਨਜ਼ਰਾਂ ਦੇ ਖੰਜਰ ਚਲਾਉਂਦੇ ਰਹੇ, ਪਰ 'ਲਾਟੂ' ਲਾਟੂ ਬਣ ਕੇ ਅਗਲਾ ਮੋੜ ਘੁੰਮ ਚੁੱਕਾ ਸੀ। ਐਤਵਾਰ ਢਾਈ ਵਜੇ ਪੰਦਰਾਂ ਕੁ ਮੈਂਬਰ ਹਾਜ਼ਰ ਹੋਏ। ਇਕ ਦੋ ਤਾਂ ਆਉਂਦੇ ਹੀ ਲਾਟੂ ਸਾਹਿਬ ਨੂੰ ਆਪਣੀ ਕੋਈ ਮਜ਼ਬੂਰੀ ਜਾਂ ਜ਼ਰੂਰੀ ਕੰਮ ਦੱਸ ਕੇ ਚਲਦੇ ਬਣੇ-ਅਖੇ ਯਾਰ, ਤੂੰ ਸਾਡੀ ਹਾਜ਼ਰੀ ਲੁਆ ਲੈ। ਸ਼ੋਕ ਮਤਾ ਜਿਹੜਾ ਤੁਸੀਂ ਪਾਸ ਕਰੋਗੇ ਉਹਦੇ ਵਿੱਚ ਅਸੀਂ ਸ਼ਾਮਿਲ ਹੀ ਸ਼ਾਮਿਲ ਹਾਂ। ਬਾਕੀ ਚੌਂਕੜੇ ਮਾਰ ਕੇ ਘਾਹ ਉੱਤੇ ਹੀ ਸਜ ਗਏ ਜਿਵੇਂ ਗੁਰਦੁਆਰੇ ਰਹਿਰਾਸ ਦੇ ਪਾਠ ਸਮੇਂ ਮਾਈ ਭਾਈ ਬੈਠਦੇ ਹਨ। ਲਾਟੂ ਦੇ ਸਾਰਿਆਂ ਨੂੰ ਮੁਖਾਤਿਬ ਹੋ ਕੇ ਕਿਹਾ-'ਹਾਜ਼ਰ ਸਾਹਿਤਕਾਰ ਦੋਸਤੋ! ਆਪ ਸਭ ਨੂੰ ਪਤਾ ਹੀ ਹੈ ਕਿ ਆਪਣੇ ਪ੍ਰਧਾਨ ਪ੍ਰਸਿੱਧ ਸਾਹਿਤਕਾਰ 'ਪੰਛੀ' ਜੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦੀ

ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਆਪਾਂ ਇਕੱਤਰ ਹੋਏ ਹਾਂ। ਸ਼ੋਕ ਸਭਾ ਦੀ ਪ੍ਰਧਾਨਗੀ ਬੇਦਿਲ ਸਾਹਿਬ ਕਰਨਗੇ। ਪਹਿਲਾਂ ਖੜੇ ਹੋ ਕੇ ਦੋ ਮਿੰਟ ਦਾ ਮੋਨ ਰਖਾਂਗੇ।'

ਸਾਰੇ ਸ਼ਰਧਾ ਪੂਰਵਕ ਨਜ਼ਰਾਂ ਝੁਕਾ ਕੇ ਖੜੇ ਹੋ ਗਏ। ਦੋ ਮਿੰਟ ਬਾਅਦ ਸਕੱਤਰ ਦੇ ਇਸ਼ਾਰੇ ਨਾਲ ਥੱਲੇ ਬੈਠ ਗਏ।

'ਅੱਛਾ ਬਈ, ਦੋ ਦੋ ਮਿੰਟ ਜੇ ਕਿਸੇ ਨੇ ਪੰਛੀ ਜੀ ਬਾਰੇ ਵਿਚਾਰ ਰਖਣੇ ਨੇ ਤਾਂ....।

ਸਭ ਤੋਂ ਪਹਿਲਾਂ ਬਾਗੀ ਨੂੰ ਬੋਲਣ ਲਈ ਕਿਹਾ ਗਿਆ। ਬਾਗੀ ਨੇ ਖੰਘੂਰਾ ਮਾਰ ਕੇ ਗਲਾ ਸਾਫ ਕੀਤਾ ਤੇ ਕਿਹਾ:

'ਮੇਰੇ ਸਾਥੀਓ! ਅੱਜ ਸਾਡਾ ਮਹਾਨ ਸਾਹਿਤਕਾਰ ਤੋਤਾ ਸਿੰਘ ਪੰਛੀ ਮੌਤ ਦੇ ਅਗੰਮੀ ਦੇਸ਼ ਵਲ ਉਡਾਰੀ ਮਾਰ ਗਿਆ ਹੈ। ਤੋਤਾ ਸਿੰਘ ਉਨ੍ਹਾਂ ਤੋਤਿਆਂ ਵਿਚੋਂ ਨਹੀਂ ਸੀ ਜੋ ਸਾਰੀ ਉਮਰ ਅੰਬੀਆਂ ਟੁੱਕ ਟੁੱਕ ਖਰਾਬ ਕਰਦੇ ਨੇ। ਭਾਵ ਇਸ਼ਕ ਮੁਸ਼ਕ ਦੀਆਂ ਕਥਾ ਕਹਾਣੀਆਂ ਲਿਖਦੇ ਨੇ, ਸਗੋਂ ਉਹ ਤਾਂ ਇਸ ਯਥਾਰਥਕ ਯੁੱਗ ਦਾ ਸੁਆਦੀ ਫਲ ਖਾਣਾ ਵਾਲਾ ਤੋਤਾ ਸੀ। ਉਹਦੇ ਤੁਰ ਜਾਣ ਨਾਲ ਸਾਹਿਤ ਵਿੱਚ ਪਿਆ ਖੱਪਾ ਕਈ ਦਹਾਕਿਆਂ ਤਕ ਨਹੀਂ ਪੂਰਿਆ ਜਾ ਸਕੇਗਾ। ਅਸੀਂ ਉਹਦੀ ਯਾਦ ਵਿੱਚ ਪੰਛੀ ਐਵਾਰਡ ਕਾਇਮ ਕਰਾਂਗੇ ਜੋ ਹਰ ਸਾਲ ਸਾਹਿਤ ਦੀ ਕਿਸੇ ਵੰਨਗੀ ਦੀ ਉਤਕ੍ਰਿਸ਼ਟ ਰਚਨਾ ਨੂੰ ਦਿੱਤਾ ਜਾਵੇਗਾ। ਪੰਛੀ ਦੇ ਮੁਹੱਲੇ ਚੰਗੜਾਂ ਨੂੰ ਜਾਣ ਵਾਲੀ ਸੜਕ ਦਾ ਨਾਂ 'ਪੰਛੀ ਮਾਰਗ' ਰਖਵਾਇਆ ਜਾਵੇਗਾ। ਤੇ ਉਹਦੀ ਯਾਦ ਨੂੰ ਸਦੀਵੀ ਬਣਾਉਣ ਲਈ ਇਕ ਵਧੀਆ ਲਾਇਬਰੇਰੀ ਸਥਾਪਤ ਕੀਤੀ ਜਾਵੇਗੀ।'

'ਬਾਗੀ ਸਾਹਿਬ! ਗੱਲਾਂ ਤਾਂ ਤੂੰ ਲੀਡਰਾਂ ਤੋਂ ਸਿੱਖੀਆਂ ਲਗਦੀਆਂ ਨੇ। ਅਖੇ ਪੱਲੇ ਨਹੀਂ ਧੇਲਾ ਤੇ ਕਰਦੀ ਮੇਲਾ ਮੇਲਾ। ਭਾਸ਼ਨ ਦੇ ਕੇ ਘਰ ਜਾ ਵੜੇਂਗਾ ਤੂੰ ਤੇ ਪੈਸੇ ਕਿੱਥੋਂ ਆਉਣਗੇ?' ਅਨਪੜ੍ਹ ਨੇ ਟੋਕਿਆ।

'ਹਾਂ ਹਾਂ, ਫੰਡ ਤੋਂ ਬਗੈਰ ਤਾਂ ਗੱਡੀ ਨਹੀਂ ਚਲਣੀ। ਆਪਾਂ ਫੰਡ ਸਰਕਾਰ ਤੋਂ ਲਵਾਂਗੇ। ਵਜ਼ੀਰ ਸਾਹਿਬ ਤੋਂ ਇਕੱਠੇ ਹੋ ਕੇ ਮੰਗਾਂਗੇ।

'ਵਜ਼ੀਰ ਸਾਹਿਬ ਤੋਂ ਲੈ ਲਈਂ ਡੋਕੇ। ਅੱਗੇ ਵਜ਼ੀਰ ਸਾਹਿਬ ਤਾਂ ਤੇਰੇ ਲੰਗੋਟੀਏ ਨੇ ਨਾ? ਫੰਡ ਖਰਚਣ ਲਈ ਉਨ੍ਹਾਂ ਕੋਲ ਹੋਰ ਕੰਮ ਥੋੜ੍ਹੇ ਨੇ?'

'ਭੂੰਡ ਨੇ ਕਿਹਾ-'ਭਾਵੇਂ **ਗਰੀਬੀ** ਨੇ ਪੰਛੀ ਦੇ ਖੰਭਾਂ ਨੂੰ ਉੱਗਣ ਹੀਂ ਨਹੀਂ ਦਿੱਤਾ ਤਾਂ ਵੀ ਉਹ ਆਕਾਸ਼ ਉਡਾਰੀਆ ਲਾਉਣੋਂ ਨਹੀਂ ਹਟਿਆ। ਉਹ ਸੰਘਰਸ਼ ਦਾ ਕਵੀ ਸੀ। ਬਹੁਪੱਖੀ ਕਲਾਕਾਰ!'

ਬੇਦਿਲ ਸਾਹਿਬ ਦੀ ਪ੍ਰਧਾਨਗੀ ਵਿੱਚ 'ਅਨਪੜ੍ਹ' 'ਤੀਰ' 'ਕਿਰਨ' ਤੇ 'ਰਾਹੀ' ਨੇ ਵੀ ਦੋ ਦੋ ਮਿੰਟ ਲਾਏ। ਸ਼ੋਕ ਮਤਾ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ।

ਪੰਛੀ ਐਵਾਰਡ ਕਾਇਮ ਕਰਨ, ਪੰਛੀ ਮਾਰਗ ਬਣਾਉਣ, ਤੇ ਪੰਛੀ ਦੇ ਨਾਂ ਤੇ ਵਧੀਆ ਲਾਇਬਰੇਰੀ ਚਾਲੂ ਕਰਨ ਦਾ ਫੈਸਲਾ ਲੈ ਲਿਆ ਗਿਆ। ਬੇਦਿਲ ਸਾਹਿਬ ਦੇ ਪ੍ਰਧਾਨਗੀ ਭਾਸ਼ਨ ਨੂੰ ਬੇਦਿਲੀ ਨਾਲ ਸੁਣਨ ਉਪਰੰਤ ਸਾਰੇ ਸਾਹਿਤਕਾਰ ਗਜ਼ ਗਜ਼ ਲੰਮੀਆਂ ਉਬਾਸੀਆਂ ਲੈਣ ਲੱਗੇ। ਏਨੇ ਨੂੰ ਪਿਛਲੇ ਪਾਸਿਉਂ ਚਾਹ ਵਾਲੀ ਦੁਕਾਨ ਦਾ ਮੁੰਡੂ ਚਾਹ ਲੈ ਕੇ ਆ ਗਿਆ। ਸਾਰੇ ਹੈਰਾਨ ਸਨ ਕਿ ਇਹ ਚਾਹ ਕਿਧਰੋਂ ਆਣ ਟਪਕੀ?'

'ਓਏ-ਤੈਨੂੰ ਚਾਹ ਲਈ ਕਿਸ ਆਡਰ ਦਿੱਤੈ?'

'ਜੀ, ਪੰਛੀ ਸਾਹਿਬ ਨੇ।'

'ਪੰਛੀ ਸਾਹਿਬ ਨੇ? ਕਿਹੜੇ ਪੰਛੀ ਸਾਹਿਬ ਨੇ?

'ਜਿਹੜੇ ਪ੍ਰਧਾਨ ਆ ਜੀ ਥੋਡੀ ਸਭਾ ਦੇ।'

'ਕਿਥੇ ਨੇ ਉਹ ਪਤੰਦਰਾ! ਤੈਂ ਕੋਈ ਭੂਤ ਵੇਖਿਆ ਹੋਊ।'

ਏਨੇ ਨੂੰ ਪੰਛੀ ਹੱਥ ਵਿੱਚ ਬਿਸਕੁਟਾਂ ਦੇ ਪੈਕਟ ਫੜੀ ਆਣ ਪੁੱਜਾ, 'ਲਓ ਬਈ ਸੱਜਣੋਂ! ਚਾਹ ਨਾਲ ਬਿਸਕੁੱਟ ਵੀ ਛਕੋ। ਮੇਰੇ ਅਕਾਲ ਚਲਾਣੇ ਤੇ ਸ਼ੋਕ ਮਤਾ ਪਾਸ ਕਰਦਿਆਂ ਤੁਹਾਡਾ ਖਾਸਾ ਜ਼ੋਰ ਲੱਗ ਗਿਆ ਹੋਣੈਂ। ਅੱਗੋਂ ਵੀ ਜਦੋਂ ਸਾਹਿਤ ਸਭਾ ਦੀ ਮੀਟਿੰਗ ਦੀ ਚਿੱਠੀ ਮਿਲੇ ਬੀਬੇ ਸਾਊ ਬਣ ਕੇ ਆ ਜਾਇਆ ਕਰੋ। ਘਰੇ ਰਹਿ ਕੇ ਘਰ ਆਲੀਆਂ ਨੂੰ ਕਿਉਂ ਤੰਗ ਕਰਦੇ ਹੋ?'

'ਹੈ ਤੇਰੀ ਪੰਛੀਆਂ! ਪੁੱਤ ਤੂੰ ਸਾਡਾ ਮੌਜੂ ਬਣਾਇਐ-ਅਸੀਂ ਵੀ ਅੱਜ ਤੇਰਾ ਭੋਗ ਪਾ ਕੇ ਹੀ ਛੱਡਾਂਗੇ।'

****

ਗੁਰੂ ਨਾਨਕ ਕਾਵਿ ਅੰਜਲੀ



ਮਨਮੋਹਨ ਸਿੰਘ ਦਾਊਂ
9815123900

ਸ. ਮਨਮੋਹਨ ਸਿੰਘ ਦਾਊਂ ਦਾ ਨਾਂ ਅਜੋਕੇ ਸਮੇਂ ਦੇ ਕਵੀਆਂ/ਸ਼ਾਇਰਾਂ ਦੀ ਪਹਿਲੀ ਕਤਾਰ ਵਿੱਚ ਆਉਂਦਾ ਹੈ। ਉਹ ਆਪਣੀ ਵਿਲੱਖਣ ਸ਼ੈਲੀ ਤੇ ਵਿਸ਼ਿਆਂ ਲਈ ਜਾਣੇ ਜਾਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਉਨ੍ਹਾਂ ਨੇ ਅਜੇਹੀ ਹੀ ਇਕ ਵਿਲੱਖਣ ਪੁਸਤਕ ਹੋਂਦ ਵਿੱਚ ਲਿਆਂਦੀ ਹੈ। ਸ਼ਾਇਦ ਇਹ ਉਨ੍ਹਾਂ ਦੇ ਹਿੱਸੇ ਹੀ ਆਇਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸੰਬੋਧਿਤ ਕਵਿਤਾਵਾਂ ਆਦਿ ਉਨ੍ਹਾਂ ਨੇ ਬਹੁਤ ਹੀ ਸ਼ਿਦਤ ਨਾਲ ਇਕੱਤਰ ਕੀਤੀਆਂ ਅਤੇ ਇਕ ਨਿਵੇਕਲੀ ਪੁਸਤਕ ਦਾ ਰੂਪ ਦਿੱਤਾ। ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਆਧੁਨਿਕ ਯੁੱਗ ਦੇ ਚੋਣਵੇਂ ਸ਼ਾਇਰਾਂ ਤੱਕ, ਗੁਰੂ ਜੀ ਦੀ ਮਹਿਮਾਂ ਵਿੱਚ ਲਿਖੀਆਂ ਕਵਿਤਾਵਾਂ ਨੂੰ ਬਹੁਤ ਹੀ ਸੂਝ-ਬੂਝ ਤੇ ਤਰਤੀਬ ਨਾਲ ਦਰਜ ਕੀਤਾ ਹੈ। ਨਵੇਂ ਦਿਸਹੱਦੇ ਕਾਇਮ ਕਰ ਦਿੱਤੇ ਹਨ। ਵਧਾਈ ਦੇ ਪਾਤਰ ਹਨ ਇਸ ਵਡਮੁੱਲੇ ਕਾਰਜ ਲਈ। ਭਾਈ ਦਿੱਤ ਸਿੰਘ ਪੱਤ੍ਰਿਕਾ ਮਈ 2019 ਅੰਕ ਤੋਂ ਇਸ ਪੁਸਤਕ ਨੂੰ ਲੜੀਵਾਰ ਪ੍ਰਕਾਸ਼ਿਤ ਕਰਨ ਦੀ ਖੁਸ਼ੀ ਪ੍ਰਾਪਤ ਕਰ ਰਹੀ ਹੈ। ਪੇਸ਼ ਹੈ ਪਹਿਲੀ ਕਿਸ਼ਤ !

ਮੁੱਖ ਸੰਪਾਦਕ

ਪ੍ਰਵੇਸ਼ਕਾ

ਗੁਰੂ ਨਾਨਕ ਦਾ ਆਗਮਨ ਜਗਤ ਨੂੰ ਪ੍ਰਕਾਸ਼ ਵੰਡਣ ਲਈ ਹੋਇਆ। ਰਾਇ ਭੋਇੰ ਦੀ ਤਲਵੰਡੀ (ਨਨਕਾਣਾ ਸਾਹਿਬ) ਨੂੰ ਜੱਗ-ਚਾਨਣ ਦੇਣ ਲਈ, ਮਾਤਾ ਤ੍ਰਿਪਤਾ ਦੀ ਕੁੱਖੋਂ, ਪਿਤਾ ਮਹਿਤਾ ਕਲਿਆਣ ਜੀ ਦੇ ਗ੍ਰਹਿ ਵਿਖੇ 1469 ਈ: ਨੂੰ ਪ੍ਰਗਟ ਹੋਏ ਨਾਨਕ ਨੇ, ਮਾਈ ਦੌਲਤਾਂ ਦੀ ਮੁਕੱਦਸ ਨਜ਼ਰ ਨੂੰ ਰੂਹਾਨੀ ਝਲਕ ਨਾਲ ਵਿਸਮਾਦੀ ਖੁਸ਼ੀ ਪ੍ਰਦਾਨ ਕੀਤੀ। ਪੰਦਰਵੀਂ ਸਦੀ ਵਿੱਚ ਨਾਨਕ ਜੀ ਦੇ ਆਉਣ ਨਾਲ ਪੰਜਾਬ ਦੇ ਸਭਿਆਚਾਰ ਨੂੰ ਨਵੀਂ ਦਿਸ਼ਾ ਮਿਲੀ। ਹਿੰਦੁਸਤਾਨ ਅਤੇ ਮੁਲਕਾਂ ਦੇ ਭੂ-ਖੰਡਾਂ ਨੂੰ ਆਪਣੀ ਬਾਣੀ ਅਤੇ ਗੋਸ਼ਟਾਂ ਨਾਲ, ਇਕ ਈਸ਼ਵਰਵਾਦ ਦਾ ਸੰਦੇਸ਼ ਅਤੇ ਪ੍ਰਭੂ ਦੀ ਸਰਬਵਿਆਪਕਤਾ ਦੀ ਹੋਂਦ ਨੂੰ ਸਿੱਧ ਕਰਕੇ ਭਰਮ-ਭੁਲੇਖਿਆਂ ਨੂੰ ਦੂਰ ਕੀਤਾ। ਕਰਮ ਕਾਂਡਾਂ ਦੇ ਅੰਧਕਾਰ ਨੂੰ ਦੂਰ ਕਰਨ ਲਈ, ਚਾਰ-ਦਿਸ਼ਾਵਾਂ ਦਾ ਭ੍ਰਮਣ ਕੀਤਾ ਤੇ ਮਨੁੱਖ ਦੀ ਹੋਣੀ ਨੂੰ ਉਜਵਲ ਕਰਨ ਲਈ ਸ਼ਬਦ ਦੇ ਪ੍ਰਕਾਸ਼ ਤੇ ਵਿਸ਼ਵਾਸ਼ ਨਾਲ ਸਾਰੇ ਧਰਮਾਂ ਦੇ ਸਹੀ ਅਰਥਾਂ ਦਾ ਨੂਰਾਨੀ ਦਾ ਗਿਆਨ ਵੰਡਿਆ। ਇਸੇ ਕਰਕੇ ਗੁਰੂ ਨਾਨਕ ਨੂੰ ਜਗਤ ਗੁਰੂ ਦੀ ਉਪਾਧੀ ਮਿਲੀ।

ਭਾਈ ਗੁਰਦਾਸ ਪਹਿਲਾ ਸਿੱਖ ਇਤਿਹਾਸ -ਕਾਰ ਕਵੀ ਹੈ ਜਿਸ ਨੇ ਇਸ ਚਮਤਕਾਰੀ ਗੁਰੂ ਬਾਰੇ ਆਪਣੀ ਵਾਰ ਨੂੰ ਉੱਚਤਮ ਕਾਵਿ-ਰੂਪ ਦਿੱਤਾ:

ਸਤਿਗੁਰੂ ਨਾਨਕ ਪ੍ਰਗਟਿਆ, ਮਿਟੀ ਧੁੰਧ ਜਗ ਚਾਨਣ ਹੋਆ॥

ਪੰਜਾਬ ਦੇ ਲੋਕ-ਗੀਤਾਂ ਵਿੱਚ ਇਹ ਪਹਿਲੀ ਵਾਰ ਲੋਕ-ਵਿਸ਼ਵਾਸ਼ ਕਿਸੇ ਮਹਾਂ ਪੁਰਖ ਬਾਰੇ ਸਿਰਜਿਆ ਹੋਵੇ ਜਦੋਂ ਆਮ-ਲੋਕਾਈ ਵੀ ਇਹ ਕਹਿ ਉੱਠੇ:

ਬਾਬੇ ਨਾਨਕ ਜੇਹਾ ਭਗਤ ਨਾ ਕੋਈ
ਜਿਨ ਹਰਿ ਕਾ ਨਾਮ ਪਛਾਤਾ।

ਗੁਰੂ ਨਾਨਕ ਬਾਰੇ ਜਾਣਕਾਰੀ ਦੇ ਚਾਰ ਪ੍ਰਮੁੱਖ-ਸ੍ਰੋਤਾਂ

ਨੂੰ ਮਾਧਿਅਮ ਬਣਾਇਆ ਜਾ ਸਕਦਾ ਹੈ। ਉਂਝ ਤਾਂ ਬਾਬੇ ਨਾਨਕ ਬਾਰੇ ਮੁਕੰਮਲ ਜਾਣਕਾਰੀ ਅਭੀਵਿਅਕਤ ਕਰਨੀ ਅਤੇ ਉਸ ਨਿਰੰਕਾਰੀ-ਜੋਤ ਬਾਰੇ ਗੱਲ ਕਰਨੀ ਬਹੁਤ ਅਸੰਭਵ ਜਾਪਦੀ ਹੈ ਪਰ ਫਿਰ ਵੀ ਸਾਡੇ ਕੋਲ ਬਾਬੇ ਬਾਰੇ ਲਿਖੀਆਂ ਜਨਮ ਸਾਖੀਆਂ ਇਕ ਵਚਿੱਤਰ ਖਜ਼ਾਨਾ ਹੈ। ਬਾਬੇ ਨੇ ਜਿਨ੍ਹਾਂ ਥਾਵਾਂ ਨੂੰ ਉਜਵਲ ਕੀਤਾ, ਉਹ ਅਸਥਾਨ ਹਨ ਜਿਨ੍ਹਾਂ ਤੋਂ ਸਾਨੂੰ ਉਨ੍ਹਾਂ ਦੀ ਕੀਰਤੀ ਤੇ ਮਹਿਮਾ ਦੇ ਦਰਸ਼ਨ ਹੋ ਸਕਦੇ ਹਨ। ਸਭ ਤੋਂ ਵੱਡਾ ਸੋਮਾ ਸਾਡੇ ਕੋਲ ਬਾਬੇ ਦੀ ਉਚਾਰੀ ਬਾਣੀ ਹੈ, ਜਿਸ ਦੇ ਅਧਿਐਨ ਨਾਲ ਉਸ ਮਹਾਂ-ਪੁਰਖ ਦੀ ਸਮੁੱਚੀ ਮਾਨਵ ਕਲਿਆਣਕਾਰੀ ਦ੍ਰਿਸ਼ਟੀ ਤੇ ਉਪਦੇਸ਼ ਨੂੰ ਗ੍ਰਹਿਣ ਕੀਤਾ ਜਾ ਸਕਦਾ ਹੈ। ਹੋਰ ਕਿਸੇ ਮਹਾਂ-ਪੁਰਸ਼ ਜਾਂ ਪੈਗੰਬਰ ਦੇ ਕਹੇ ਪ੍ਰਵਚਨ ਲਿੱਪੀ ਰੂਪ ਵਿੱਚ ਉਪਲੱਬਧ ਨਹੀਂ। ਬਾਣੀ ਵੀ ਸੰਗੀਤ ਬੱਧ ਕੀਤੀ 19 ਰਾਗਾਂ ਵਿੱਚ ਮਿਲਦੀ ਹੈ। ਤਦੇ ਤਾਂ ਜਨਮ-ਸਾਖੀਆਂ 'ਚ ਪ੍ਰਸੰਗ ਆਉਂਦਾ ਹੈ। "ਮਾਰਦਾਨਿਆਂ, ਰਬਾਬ ਜਗਾ, ਬਣੀ ਆਈ ਹੈ।" ਇਸ ਤੋਂ ਬਿਨ੍ਹਾਂ ਬਾਬੇ ਨਾਨਕ ਬਾਰੇ ਲਿਖੇ ਗ੍ਰੰਥ, ਖੋਜ ਪੁਸਤਕਾਂ ਅਤੇ ਸਾਹਿਤਕ ਸਮੱਗਰੀ ਹੈ ਜਿਨ੍ਹਾਂ 'ਚ ਗੁਰੂ ਨਾਨਕ ਬਾਰੇ ਲਿਖਿਆ ਮਿਲਦਾ ਹੈ। ਗੁਰੂ ਜਸ ਦਾ ਪ੍ਰਾਰੰਭ ਗੁਰੂ ਅੰਗਦ ਦੇਵ ਤੋਂ ਸ਼ੁਰੂ ਹੋਇਆ ਤੇ ਉਸ ਤੋਂ ਬਾਅਦ ਉੱਤਰਕਾਲੀ ਗੁਰੂ ਸਾਹਿਬਾਨ, ਭੱਟ ਕਵੀ ਤੇ ਭਾਈ ਗੁਰਦਾਸ ਨੇ ਅੱਗੇ ਤੋਰਿਆ।

ਇਸ ਤੋਂ ਬਾਅਦ ਸਮੇਂ ਸਮੇਂ ਵਿਦਵਾਨਾਂ, ਚਿੰਤਕ, ਸਾਹਿਤਕਾਰਾਂ ਤੇ ਮਹਾਂ ਕਵੀਆਂ ਨੇ ਗੁਰੂ ਨਾਨਕ ਦੀ ਮਹਿਮਾ ਦਾ ਜ਼ਿਕਰ ਬਹੁਤ ਉੱਚ-ਮੰਡਲ ਦੀਆਂ ਕਾਵਿ ਕਿਰਤਾਂ ਰਾਹੀਂ ਪੇਸ਼ ਕੀਤਾ ਹੈ। ਭਾਈ ਨੰਦ ਲਾਲ ਗੋਯਾ ਨੇ ਫਾਰਸੀ 'ਚ ਲਿਖਿਆ ਹੈ:

ਗੁਰੂ ਨਾਨਕ ਆਮਦ ਨਰਾਇਨ ਰੂਪ॥
ਹੁਮਾਨਾ ਨਿਰੰਜਨ ਨਿਰੰਕਾਰ ਰੂਪ॥

ਕਵੀ ਗਿਆਨੀ ਸੰਤ ਸਿੰਘ ਲਿਖਦੇ ਹਨ: ਦੋਹਰਾ:

ਸ੍ਰੀ ਨਾਨਕ ਪੁਰੁਸੋਤਮ ਪਰਮ ਪਰਾਵਰ ਨਾਥ।
ਯੁਗਲ ਚਰਨ ਪੁਰ-ਬੰਦਨਾਂ ਧਰ ਪਰ ਧਰਿ ਕਰਿ ਮਾਥ॥

ਗਿਆਨੀ ਗਿਆਨ ਸਿੰਘ ਪੰਥ ਪ੍ਰਕਾਸ਼ 'ਚ ਚੌਪਈ 'ਚ ਗੁਰੂ ਨਾਨਕ ਦੀ ਉਸਤਤ ਕਰਦੇ ਹਨ:

ਆਪ ਪ੍ਰਭੂ ਗੁਰੂ ਨਾਨਕ ਰੂਪਾ॥
ਪ੍ਰਗਟ ਭਏ ਜਗ ਮੈਂ ਸੁਖ ਭੂਪਾ॥

ਨਾ ਕੇਵਲ ਸਿੱਖ ਜਾਂ ਹਿੰਦੂ ਮਹਾਂ-ਕਵੀਆਂ ਨੇ ਗੁਰੂ ਨਾਨਕ ਦੀ ਨਿੰਰਕਾਰ ਜੋਤ ਦੀ ਵਡਿਆਈ ਕੀਤੀ ਹੈ, ਉਥੇ ਹੋਰ ਧਰਮਾਂ ਦੇ ਵਿਦਵਾਨਾਂ, ਸ਼ਾਇਰਾਂ ਤੇ ਚਿੰਤਕਾਂ ਨੇ ਵੀ ਆਪਣੀ ਆਪਣੀ ਸ਼ਾਇਰੀ ਰਾਹੀਂ ਗੁਣ-ਗਾਇਨ ਕੀਤਾ ਹੈ। ਲਾਲਾ ਦਿਆ ਰਾਮ ਨੇ ਬੜਾ ਸਪਸ਼ਟ ਲਿਖਿਆ ਹੈ:

ਦਰਿਆਇ ਸਖਾਵਤ ਬਹਿਰਿ ਕਰਮ ਹੈਂ ਬਾਬਾ ਨਾਨਕ ਸ਼ਾਹ ਗੁਰੂ। ਕਰ ਅਰਦਾਸ ਝੁਕਾਓ ਸਰ, ਦਮ ਦਮ ਪਰ ਬੋਲੋ ਵਾਹ ਗੁਰੂ॥

ਗੁਰੂ ਨਾਨਕ ਦੇ ਗਿਆਨ ਮਈ ਪ੍ਰਕਾਸ਼ ਤੋਂ ਕੁੱਲ ਆਲਮ ਜਗਮਗਾ ਉੱਠਿਆ ਅਤੇ ਨਾਨਕ ਦੇ ਬਾਣੀ ਰੂਪੀ ਸੰਦੇਸ਼ ਤੋਂ ਕਾਇਲ ਹੋ ਉੱਠਿਆ।

ਜਨਾਬ ਮੁਸੱਦਸ ਦਰ ਮਦਾਰ ਮੁਬਾਰਕ ਤਾਂ ਗੁਰੂ ਨਾਨਕ ਸਾਹਿਬ ਨੂੰ ਹਜ਼ਰਤ ਬਾਬਾ ਆਖਦੇ ਹਨ:

ਤੂ ਨੇ ਵੋਹ ਡੰਕਾ ਬਜਾਇਆ ਦਹਿਰ ਮੇਂ ਤੌਹੀਦ ਕਾ।

ਏਕ ਆਲਮ ਹੋ ਗਿਆ ਸੈਦਾ ਤੇਰੀ ਤਕਲੀਦ ਕਾ॥

ਸ਼ਾਇਰ ਮੁੰਤਜਿਰ (ਗੁਜਰਾਂਵਾਲਾ) ਤਾਂ ਆਪ ਦੀ ਖਿਦਮਤ ਨੂੰ ਕਮਾਲ ਦੀ ਸ਼ਾਇਰੀ ਨਾਲ ਨਿਵਾਜ਼ਦਾ ਹੈ ਤੇ ਲਿਖਦਾ ਹੈ ਕਿ ਬਾਬਾ ਨਾਨਕ ਕਿਸੇ ਇਕ ਧਰਮ ਦਾ ਰਹਿਬਰ ਨਹੀਂ ਸੀ, ਉਹ ਤਾਂ ਕੁੱਲ ਲੋਕਾਈ ਲਈ ਚਾਨਣ ਸੀ:

ਨਾਨਕਿ ਆਜ਼ਮ ਕੀ ਹਰ ਤਾਲੀਮ ਆਲਮਗੀਰ ਥੀ।
ਉਲਫਤਿ ਇਨਸਾਂ ਕੀ ਜੀਤੀ ਜਾਗਤੀ ਤਸਵੀਰ ਥੀ॥
ਏਕੇ ਮਜ਼ਹਬ ਕੇ ਲੀਹੇ ਹਰਗਿਜ਼ ਨਾ ਥੀ ਮਹਿਦੂਦ ਵੋਹ।
ਸ਼ਬ ਕੌ ਦਿਖਲਾਤੀ ਥੀ ਰਾਹਿ ਮੰਜ਼ਿਲਿ ਮਕਬਦ ਵੋਹ॥
ਤੂ ਵੋਹ ਕਾਅਬਾ ਹੈ ਕਿ ਕਾਅਬਾ ਨੇ ਕੀਆ ਤੇਰਾ ਤਵਾਫ।
ਜ਼ਾਹਿਰਓ ਬਾਤਨ ਤੇਰਾ ਮਾਨਿੰਦਿ ਆਈਨਾ ਸਾਫ਼॥

ਮਹਾਂ ਕਵੀ ਸੰਤੋਖ ਸਿੰਘ ਆਪਣੇ ਕਾਵਿ 'ਚ ਇਉਂ ਸੰਬੋਧਨ ਕਰਦਾ ਹੈ:

ਸ੍ਰੀ ਨਾਨਕ ਸੁਖ ਸਿੰਧੁ ਕੋ ਹਾਥਿ ਜੋਰਿ ਪਰਨਾਮ॥
ਜਿਸ ਕਰਨਾ ਤੇ ਵਡ ਆਪੀ ਪਾਵਹਿ ਗਤਿ ਬਿਸਰਾਮ॥

ਉਰਦੂ ਕੇ ਕਤਬੂਲ ਸ਼ਾਇਰ ਡਾ. ਅਲਾਮਾ-ਏ-ਸਰ ਮੁਹੰਮਦ ਇਕਬਾਲ ਦੀ ਨਜ਼ਮ ਦੇ ਬੜੀ ਸ਼ੁਹਰਤ ਖੱਟੀ ਤੇ ਉਸ ਦੀਆਂ ਇਹ ਕਾਵਿ-ਸਤਰਾਂ ਗੁਰੂ ਨਾਨਕ ਪ੍ਰਤੀ ਇੱਕ ਇਤਿਹਾਸਕ ਕਥਨ ਬਣ ਗਿਆ:

ਫਿਰ ਉੱਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ।
ਹਿੰਦ ਕੋ ਏਕ ਮਰਦਿ ਕਾਮਿਲ ਨੇ ਜਗਾਇਆ ਖ੍ਵਾਬ ਸੇ॥

ਪੰਜਾਬ ਤੋਂ ਪੈਦਾ ਹੋਈ ਕ੍ਰਾਂਤੀਕਾਰੀ ਆਵਾਜ਼ ਨੇ ਸੁੱਤੀ ਪਈ ਹਿੰਦੁਸਤਾਨ ਦੀ ਅਜ਼ਮਤ ਨੂੰ ਜਗਾ ਦਿੱਤਾ।

ਕੰਵਰ ਮਹਿੰਦਰ ਸਿੰਘ ਬੇਦੀ 'ਸਹਰ' ਜਿਸ ਨੇ 'ਨਾਨਕ ਨਾਮ ਜਹਾਜ ਹੈ' ਫਿਲਮ ਬਣਾਈ ਸੀ, ਉਹ ਗੁਰੂ ਨਾਨਕ ਨੂੰ ਅਕੀਦਤ ਦੇ ਫੁੱਲ ਭੇਟ ਕਰਦਾ ਹੋਇਆ ਲਿਖਦਾ ਹੈ:

ਯਿਹ ਜਹਾਂ ਏਕ ਅੰਜੁਮਨ ਹੈ,
ਤੂ ਚਰਾਗ-ਇ-ਅੰਜੁਮਨ।

ਇਸੇ ਕਰਕੇ ਕਿਹਾ ਜਾਂਦਾ ਹੈ:

ਸੁਣੀ ਪੁਕਾਰਿ ਦਾਤਾਰ ਪ੍ਰਭ, ਗੁਰੂ ਨਾਨਕ ਜਗ ਮਾਹਿ ਪਠਾਇਆ॥ ਕਲਿ ਤਾਰਣਿ ਗੁਰੁ ਨਾਨਕ ਆਇਆ॥

ਜਨਾਬੇ ਨਜ਼ੀਰ ਅੱਕਬਰ ਇਲਾਹਾਬਾਦੀ ਆਪਣੀ ਉਰਦੂ ਰਚਨਾ 'ਚ ਮਹਿਮਾ ਕਰਦਾ ਹੈ:

ਹੈਂ ਬਾਬਾ ਨਾਨਕ ਸ਼ਾਹ ਗੁਰੂ।

ਇਹ ਗੁਰੂ ਨਾਨਕ ਦੀ ਸਭ ਧਰਮਾਂ ਨਾਲ ਸਾਂਝ ਸੀ ਜਿਸ ਕਰਕੇ ਲੋਕੀਂ ਆਖਣ ਲੱਗੇ:

ਗੁਰੂ ਨਾਨਕ ਸ਼ਾਹ ਫਕੀਰ,
ਹਿੰਦੂ ਕਾ ਗੁਰ, ਮੁਸਲਮਾਨ ਕਾ ਪੀਰ।

....

ਬੁਲਬੁਲ ਕੋ ਗੁਲ ਮੁਬਾਰਕ, ਗੁਲ ਕੋ ਚਮਨ ਮੁਬਾਰਕ।
ਨਾਨਕ ਕੇ ਆਸ਼ਕੋਂ ਕੋ, ਖਾਕਿ ਗੁਰੂ ਮੁਬਾਰਕ।

ਗੁਰੂ ਨਾਨਕ ਨੇ ੧ਓ ਦੇ ਸਕੰਲਪ ਰਾਹੀਂ ਮੂਲ-ਮੰਤਰ 'ਚ ਅਕਾਲ ਪੁਰਖ ਬਾਰੇ ਜੋ ਸੰਦੇਸ਼ ਦਿੱਤਾ, ਉਸ ਦੀ ਸੰਪੂਨਤਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗੰਮੀ ਬਾਣੀ ਹੈ। ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ ਦੇ ਸਿੱਖੀ ਸਿਧਾਂਤ ਨੂੰ ਗੁਰੂ ਜੀ ਨੇ ਆਪਣੀ ਜੀਵ-ਸ਼ੈਲੀ ਰਾਹੀਂ ਪ੍ਰਸੁਤੱਤ ਕੀਤਾ। ਹੱਕ-ਸੱਚ ਲਈ ਆਵਾਜ਼ ਉਠਾਈ। ਜਬਰ-ਜ਼ੁਲਮ ਵਿਰੁੱਧ ਬਾਬਰ-ਬਾਣੀ ਰਚ ਕੇ ਇਸਲਾਮੀ-ਹਕੂਮਤ ਨੂੰ ਵੰਗਾਰਿਆ ਅਤੇ ਪ੍ਰਮਾਤਮਾ ਨੂੰ ਵੀ ਸ਼ਿਕਵਾ ਕਰਨ ਤੋਂ ਗੁਰੇਜ਼ ਨਹੀਂ ਕੀਤਾ। ਬ੍ਰਹਿਮੰਡ ਦੀ ਉਤਪਤੀ, ਵਿਕਾਸ ਅਤੇ ਨਾਸ਼ਮਾਨਤਾ ਬਾਰੇ ਬਾਣੀ ਰਚ ਕੇ ਕੁਦਰਤ ਦੇ ਰਹੱਸ ਨੂੰ ਸਮਝਾਇਆ ਤੇ ਉਸ 'ਚੋਂ ਰੱਬੀ ਹੋਂਦ ਦੇ ਦਰਸ਼ਨ ਕਰਵਾਏ। ਬ੍ਰਹਿਮੰਡ ਦੀ ਆਰਤੀ ਉਤਾਰੀ, ਜਿਸ ਨੂੰ ਸੁਣਕੇ ਮਹਾਂਕਵੀ ਸੀ ਰਾਬਿੰਦਰਾ ਨਾਥ ਟੈਗੋਰ ਨੇ ਗੁਰਬਾਣੀ ਦੇ ਸੰਗੀਤਮਈ ਰਸ ਨੂੰ ਮਾਣਦਿਆਂ ਕਿਹਾ ਸੀ ਕਿ ਗੁਰੂ ਨਾਨਕ ਦੀ ਆਰਤੀ ਸ਼ਬਦ ਤੋਂ ਵਡੇਰਾ ਕੁੱਲ-ਆਲਮ ਲਈ ਹੋਰ ਕੋਈ ਗੀਤ (Universal Anthem) ਨਹੀਂ ਰਚਿਆ ਜਾ ਸਕਦਾ।

ਗੁਰੂ ਨਾਨਕ ਨੇ ਆਪਣੀ ਬਾਣੀ ਨੂੰ ਪੋਥੀ ਨੂੰ ਰੂਪ ਦੇ ਕੇ ਸ਼ਬਦ ਨੂੰ ਉੱਚਤਾ ਦਿੱਤੀ, ਉਥੇ ਭਗਤਾਂ ਦੀ ਬਾਣੀ ਨੂੰ ਇਕੱਤਰ ਕਰਕੇ ਪੋਥੀ ਪਰਮੇਸ਼ਰ ਨਾਲ ਨਿਵਾਜਿਆ ਤੇ ਆਪਣੇ ਆਪ ਨੂੰ "ਨਾਨਕ ਸ਼ਾਇਰ ਇਵ ਕਹਿਤ ਹੈ।" ਨਾਲ ਖੁਸ਼ੀ ਪ੍ਰਗਟ ਕੀਤੀ।

'ਮਿਲਾਰ ਕੀ ਵਾਰ' 'ਚ ਗੁਰੂ ਨਾਨਕ ਲਿਖਾਰੀ ਭਾਵ ਲੇਖਕ ਦੀ ਉਸਤਤ ਅਤੇ ਜ਼ਿੰਮੇਵਾਰੀ ਪ੍ਰਤੀ ਸੁਚੇਤ ਕਰਦੇ ਹੋਏ, ਉਚਾਰਦੇ ਹਨ:

ਧੰਨ ਸੁ ਕਾਗਦੁ ਕਲਮ ਧੰਨ ਧਨੁ ਭਾਂਡਾ ਧਨੁ ਮਸੁ॥
ਧੰਨ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ॥
ਧੰਨ ਨਾਨਕ ਤੇਰੀ ਵਡੀ ਕਮਾਈ॥

'ਗੁਰੂ ਨਾਨਕ ਕਾਵਿ-ਅੰਜਲੀ' ਦਾ ਨਾਮ ਦਿੱਤਾ ਗਿਆ ਹੈ। ਇਹ ਇੱਕ ਬਹੁਤ ਨਿਗੂਣਾ ਜਿਹਾ ਜਤਨ ਹੈ। ਅਸੀਂ ਬੜੇ ਸੁਭਾਗੜੇ ਹਾਂ ਕਿ ਬਾਬੇ ਨਾਨਕ ਦਾ 550ਵਾਂ ਜਨਮ ਪ੍ਰਕਾਸ਼ ਉਤਸਵ ਸੰਸਾਰ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਇਸ ਮੌਕੇ ਗੁਰੂ ਜੀ ਬਾਰੇ ਰਚੇ ਗਏ ਕਾਵਿ ਰੂਪ ਨੂੰ ਇਸ ਸੰਗ੍ਰਹਿ 'ਚ ਸਾਂਭਣ ਦੀ ਕੋਸ਼ਿਸ਼ ਕੀਤੀ ਗਈ ਹੈ ਜਿਸ ਨੂੰ ਚਾਰ ਸਰਗਾਂ ਵਿੱਚ ਵੰਡਿਆ ਗਿਆ ਹੈ। ਸਾਨੂੰ ਪਤਾ ਹੈ ਹੋਰ ਬਹੁਤ ਸਾਰਾ ਕਾਵਿ ਰੂਪ ਵੀ ਰਚਿਆ ਮਿਲਦਾ ਹੈ ਪ੍ਰੰਤੂ ਇਸ ਸੰਗ੍ਰਹਿ ਦੀ ਆਪਣੀ ਸੀਮਾ ਤੇ ਮਜਬੂਰੀ ਹੈ। ਸਾਨੂੰ ਇਹ ਵੀ ਆਸ ਹੈ ਕਿ ਇਸ ਵਰ੍ਹੇ ਹੋਰ ਉੱਤਮ ਕਾਵਿ-ਰਚਨਾਵਾਂ ਗੁਰੂ ਨਾਨਕ ਬਾਰੇ ਲਿਖੀਆਂ ਜਾਣਗੀਆਂ ਜੋ ਪੰਜਾਬੀ ਕਾਵਿ-ਜਗਤ ਦਾ ਮਾਣ ਵਧਾਉਣਗੀਆਂ।

ਨਾਨਕ-ਨਾਮ ਲੇਵਾ ਆਲਮ ਲਈ ਸ੍ਰੀ ਨਨਕਾਣਾ ਸਾਹਿਬ, ਸ੍ਰੀ ਸੁਲਤਾਨਪੁਰ ਲੋਧੀ ਅਤੇ ਸ੍ਰੀ ਕਰਤਾਰਪੁਰ ਸਾਹਿਬ ਪੂਜਣ ਯੋਗ ਅਸਥਾਨ ਹਨ। ਇਨ੍ਹਾਂ ਥਾਵਾਂ 'ਤੇ ਗੁਰੂ ਨਾਨਕ ਦੀ ਠਹਿਰ ਦਾ ਅਦੁੱਤੀ ਇਤਿਹਾਸ ਪ੍ਰੇਰਨਾਦਾਇਕ ਹੈ। ਦੁਨੀਆਂ 'ਚ ਹੋਰ ਕੋਈ ਅਜਿਹਾ ਮਹਾਂ-ਪੁਰਸ਼ ਨਹੀਂ ਹੋਇਆ ਜਿਸ ਨੇ ਆਪਣੀ ਸੱਤਰ ਸਾਲਾਂ ਦੀ ਆਰਜਾ 'ਚੋਂ ਲਗਭਗ 25 ਵਰ੍ਹੇ ਇਕ ਮਹਾਂ-ਪਾਂਧੀ ਵੱਜੋਂ ਚਾਰ ਉਦਾਸੀਆਂ ਕਰ ਕੇ, ਹਜ਼ਾਰਾਂ ਮੀਲਾਂ ਦੇ ਸਫਰ ਦੌਰਾਨ ਸ਼ਬਦ ਦੀ ਸ਼ਕਤੀ ਨਾਲ ਪਰਮਾਰਥ ਕਾਰਜ ਕੀਤਾ ਹੋਵੇ। ਨਦਰੀ ਪੈਂਡਿਆਂ ਦਾ ਪੈਂਡਾ ਅਗੰਮ ਅਗੋਚਰ ਸੀ। ਭਾਈ ਗੁਰਦਾਸ ਕਹਿ

ਉੱਠੇ:

ਜਿਥੇ ਬਾਬਾ ਪੈਰੁ ਧਰੈ, ਪੂਜਾ ਆਸਣ ਥਾਪਣ ਸੋਆ॥ ਬਾਬੇ ਤਾਰੇ ਚਾਰ ਚਕ, ਨੌਂ ਖੰਡ ਪ੍ਰਿਥਮੀ ਸਚਾ ਢੋਆ॥ ਚੜ੍ਹਿਆ ਸੋਧਣਿ ਧਰਤਿ ਲੁਕਾਈ॥

ਇਕ ਕਾਵਿ-ਸੰਗ੍ਰਹਿ ਨੂੰ ਸੰਪੂਰਨਤਾ ਦੇਣੀ ਮੇਰੀ ਪਹੁੰਚ ਤੋਂ ਪਰ੍ਹੇ ਦੀ ਗੱਲ ਹੈ ਪ੍ਰੰਤੂ ਇਕ ਜਤਨ ਜ਼ਰੂਰ ਹੈ। ਜੇ ਸਭੰਵ ਤਾਂ ਦੂਜੇ ਸੰਸਕਰਨ ਵਿੱਚ ਹਰ ਕਾਵਿ-ਰਚਨਾਵਾਂ ਨੂੰ ਸ਼ਾਮਲ ਕਰਨ ਦੀ ਕੋਸ਼ਿਸ਼ ਜ਼ਰੂਰ ਕੀਤੀ ਜਾਵੇਗੀ। "ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ॥' ਅਜਿਹੇ ਅਕਾਲ ਰੂਪ ਪ੍ਰਮੇਸ਼ਰ ਨੂੰ ਕਿਸੀ ਵੀ ਕਾਵਿ-ਰਚਨਾ ਵਿੱਚ ਕਾਨੀਬੰਦ ਕਰਨਾ ਅਸੰਭਵ ਹੈ। ਬਾਬੇ ਨਾਨਕ ਦਾ ਸੱਚ ਆਦਿ-ਜੁਗਾਦਿ ਹੈ ਤੇ ਨਾਨਕ ਨਾਮੁ ਹੀ ਸੱਚ ਹੈ। ਇਸ ਪ੍ਰਥਾਏ ਇਸ ਕਾਵਿ-ਸੰਗ੍ਰਹਿ ਨੂੰ ਚਾਰ ਸਰਗਾਂ ਵਿੱਚ ਵੰਡਿਆ ਗਿਆ ਹੈ।

ਪਹਿਲਾ ਸਰਗ ਗੁਰੂ ਨਾਨਕ ਜੋਤ ਨੂੰ ਸਿਜਦਾ ਹੈ ਜਿਸ ਵਿੱਚ ਗੁਰੂ ਅੰਗਦ ਦੇਵ ਤੋਂ ਪ੍ਰਾਰੰਭ ਕਰਕੇ ਹੋਰ ਗੁਰੂ ਸਾਹਿਬਾਨ ਤੇ ਭੱਟ ਸਾਹਿਬਾਨ ਦੀਆਂ ਕੁਝ ਪੰਗਤਿਆਂ ਲਈਆਂ ਗਈਆਂ ਹਨ। ਭਾਈ ਗੁਰਦਾਸ ਦੀ ਪਹਿਲੀ ਵਾਰ 'ਚੋਂ ਪਉੜੀ 27 ਤੋਂ ਪਉੜੀ 49 ਤੱਕ ਗੁਰੂ ਨਾਨਕ ਦੀ ਮਹਿਮਾ, ਪਿਛੋਕੜ ਅਤੇ ਉੱਤਰ ਕਾਲ 'ਚ ਝਾਤ ਪੁਆਈ ਗਈ ਹੈ। ਭਾਈ ਗੁਰਦਾਸ ਜੀ ਦੀ ਦਿੱਬ-ਦ੍ਰਿਸ਼ਟੀ ਤੇ ਕਾਵਿ-ਬਿੰਬਾਵਲੀ ਦਾ ਕੋਈ ਮੁਕਾਬਲਾ ਨਹੀਂ। ਇਸ ਵਾਰ ਦਾ ਰੂਹਾਨੀ-ਗਾਇਨ ਗੁਰਮਤਿ-ਕਾਵਿ ਦੀ ਅਲੌਕਿਕਤਾ ਦਾ ਪ੍ਰਮਾਣ ਹੈ ਜਿਸ ਨੂੰ ਸਰਵਣ ਕਰਕੇ ਸਰੋਤਾ ਗੁਰੂ ਜਸ ਨਾਲ ਓਤਪੋਤ ਹੋ ਜਾਂਦਾ ਹੈ।

ਦੂਜਾ ਸਰਗ ਗੁਰੂ ਨਾਨਕ ਦੀ ਉਸਤਤ ਗਾਉਂਦੀ ਕਵਿਤਾ ਹੈ। ਪੰਜਾਬੀ ਕਵਿਤਾ ਦਾ ਆਧੁਨਿਕ ਯੁੱਗ ਵਿੱਚ ਭਾਈ ਵੀਰ ਸਿੰਘ ਤੋਂ ਸ਼ੁਰੂ ਹੁੰਦਾ ਮੰਨਿਆ ਗਿਆ ਹੈ। ਇਸ ਸਰਗ ਵਿੱਚ ਭਾਈ ਵੀਰ ਸਿੰਘ ਦੀਆਂ ਸ਼ਾਮਲ ਦੋ ਕਵਿਤਾਵਾਂ ਦਾ ਮੁੱਖ ਉਦੇਸ਼ ਹੈ:

ਗੁਰੂ ਨਾਨਕ ਕੀਤ ਪਛਾਣਾ ਮੈਂ,
ਹਿਤ ਚਿਤ ਕਰ ਉਸਤਤਿ ਗਾਵਾਂ ਮੈਂ।

ਪ੍ਰੋ: ਪੂਰਨ ਸਿੰਘ ਨੇ 'ਬਾਬਾ ਜੀ ਦੀ ਪ੍ਰਾਹੁਣਚਾਰੀ' 'ਚ ਗੁਰੂ ਜੀ ਦੀਆਂ ਗਗਨ ਉਡਾਰੀਆਂ ਦਾ ਵਿਸਮਾਦੀ ਰੰਗ ਪੇਸ਼ ਕੀਤਾ ਹੈ ਤੇ ਨਾਨਕ ਧੰਨ ਕਮਾਈ ਨਾਲ ਵਡਿਆਈ ਕੀਤੀ ਹੈ। ਧਨੀਰਾਮ ਚਾਤ੍ਰਿਕ ਦਾ ਤਕਵਾ ਆਪਣੇ ਰਹਿਬਰ ਦਾਨੇ ਬੀਨੇ 'ਬਾਬਾ ਨਾਨਕ' 'ਤੇ ਹੈ। ਹੀਰਾ ਸਿੰਘ ਦਰਦ ਨੇ ਆਪਣੇ ਕਾਲ ਦੀ ਭਾਰਤ ਦੀ ਹਾਲਤ ਦੇ ਪ੍ਰਸੰਗ 'ਚ 'ਤੈਂ ਕੀ ਦਰਦ ਨਾ ਆਇਆ' ਨਾਲ ਸੰਬੋਧਨ ਕੀਤਾ ਹੈ। ਮੁਸਲਮਾਨ ਸ਼ਾਇਰ ਫਿਰੋਜ਼ਦੀਨ ਸਰਫ ਨੇ ਗੁਣੀ ਗਹੀਰ ਨਾਨਕ ਨੂੰ ਪੀਰ ਦੀ ਪਦਵੀ ਨਾਲ ਅਕੀਦਤ ਪੇਸ਼ ਕੀਤੀ ਹੈ। ਬਾਵਾ ਬੁੱਧ ਸਿੰਘ ਨੇ ਖ਼ੂਬਸੂਰਤ ਕਵਿਤਾ 'ਜਪੁ ਸਤਿਗੁਰੂ ਨਾਨਕ ਦੇਵ' ਰਾਹੀਂ ਬਹੁ-ਪੱਖਾਂ ਨੂੰ ਪ੍ਰਸੰਗ ਬਣਾਇਆ ਹੈ। ਯੁੱਗ ਸ਼ਾਇਰ ਪ੍ਰੋ: ਮੋਹਨ ਸਿੰਘ ਨੇ ਵਤਨ ਦੀ ਗਿਰਾਵਟ ਦੇ ਪ੍ਰਸੰਗ ਵਿੱਚ ਗੁਰੂ ਨਾਨਕ ਨੂੰ ਆਪਣੇ ਕਾਵਿ ਬੋਲਾਂ ਰਾਹੀਂ ਆਵਾਜ਼ ਮਾਰੀ ਹੈ ਅਤੇ ਮਹਾਂ-ਕਾਵਿ 'ਨਨਕਾਇਣ' ਦੀ ਅਦੁੱਤੀ ਵੰਨਗੀ ਰਾਹੀਂ ਗਾਥਾ ਦੀ ਰੰਗਣ ਕੀਤੀ ਹੈ। ਵਿਧਾਤਾ ਸਿੰਘ ਤੀਰ ਨੇ ਧਰਮ ਦੇ ਬਾਗ ਦੀ ਪਤਝੜ ਰਾਹੀਂ 'ਹੇ ਗੁਰੂ ਨਾਨਕ ਜੀ' ਨੂੰ ਯਾਦ ਕੀਤਾ ਹੈ। ਗਿ: ਗੁਰਮੁੱਖ ਸਿੰਘ ਮੁਸਾਫਿਰ ਨੇ ਨਾਨਕ ਸੰਦੇਸ਼ ਨੂੰ 'ਨੂਰ ਨਾਨਕ' ਰਾਹੀਂ ਉਪਮਾ ਦਿੱਤੀ ਹੈ। ਪਾਕਿਸਤਾਨੀ ਸ਼ਾਇਰ ਅਫਜ਼ਲ ਸਾਹਿਰ ਨੇ ਲੋਕ ਬੋਲਾਂ ਰਾਹੀਂ 'ਮੈਂ ਜਾਣੂੰ ਅਨਜਾਣੂ' ਬਾਬਾ ਨਾਨਕ ਦੀ ਵੇਲ ਦੀ ਰਸਮ ਪੁਗਾਈ ਹੈ। ਡਾ. ਗੋਪਾਲ ਸਿੰਘ ਨੇ ਜਨਮ-ਸਾਖੀਆਂ ਦੀ ਵਾਰਤਾਲਾਪ ਨੂੰ 'ਚਾਨਣ ਦਾ ਪਹਾੜ' ਰਾਹੀਂ ਗੁਰੂ ਨਾਨਕ ਦੀ ਕੀਰਤੀ ਰੌਚਿਕ ਢੰਗ ਨਾਲ ਪੇਸ਼ ਕੀਤੀ ਹੈ। ਜਾਵੇਦ ਜ਼ਕੀ ਦੀ ਕਵਿਤਾ 'ਗੁਰੂ ਨਾਨਕ ਜੀ' ਇੱਕ ਵੱਖਰੀ ਸ਼ੈਲੀ ਵਾਲੀ ਹੈ ਜੋ ਗੁਰੂ ਜੀ ਨੂੰ ਪੰਜਾਬ ਦਾ ਸੁਰਜਨ ਤਾਰਾ ਪੰਜ ਨਦੀਆਂ ਦਾ ਵਾਲੀ ਕਹਿੰਦੀ ਹੈ।

ਤੀਜਾ ਸਰਗ ਗੁਰੂ ਨਾਨਕ ਦੇ ਚਿੰਤਨ ਨੂੰ ਪ੍ਰਤੀਬਿੰਬਤ ਕਰਦੀ ਕਵਿਤਾ ਹੈ। ਸਿਰਮੌਰ ਕਵਿੱਤਰੀ ਅੰਮ੍ਰਿਤਾ ਪ੍ਰੀਤਮ ਨੇ ਮਾਤਾ ਤ੍ਰਿਪਤਾ ਦੇ ਸੁਪਨਿਆਂ ਨੂੰ 'ਗਰਭਵਤੀ' ਕਵਿਤਾ ਰਾਹੀਂ ਗਰਭ ਦੇ ਬਾਲਕ (ਨਾਨਕ) ਨੂੰ ਅਜ਼ਲ ਦੇ ਜੋਗੀ ਦੀ ਤਸ਼ਬੀਹ ਦੇ ਕੇ ਮਾਤਾ ਤ੍ਰਿਪਤਾ ਦੀ ਕਰਤਾਰੀ ਕੁੱਖ ਦੀਆਂ ਗੱਲਾਂ ਕੀਤੀਆਂ ਹਨ। ਅਜਿਹੀ ਕਵਿਤਾ ਅੰਮ੍ਰਿਤਾ ਪ੍ਰੀਤਮ ਨੇ ਹੀ ਲਿਖਣੀ ਸੀ। ਡਾ. ਹਰਿਭਜਨ ਸਿੰਘ ਦੀਆਂ ਬਹੁ-ਚਰਚਿਤ ਕਵਿਤਾਵਾਂ 'ਮਰਦਾਨਾ ਬੋਲਦਾ ਹੈ', 'ਮਨੁੱਖ ਦੇ ਪੈਰ' ਤੇ 'ਕੇਵਲ ਸ਼ਰਧਾਂਜਲੀ' ਝੰਜੋੜਨ ਵਾਲੀਆਂ ਹਨ ਜਿਨ੍ਹਾਂ ਦੀ ਕਾਵਿਕ-ਸੰਵੇਦਨਾ ਅਤੀ ਚਿੰਤਨਮਈ ਹੈ। ਪ੍ਰੀਤਮ ਸਿੰਘ ਸਫੀਰ ਦੀ ਬੌਧਿਕ ਤੇ ਰਹੱਸਮਈ ਕਵਿਤਾ-'ਏਕੁੰਕਾਰ ਬ੍ਰਹਿਮੰਡਾਂ ਦਾ ਮਾਲਕ ਦਾ ਬਿੰਬ ਸਿਰਜਦੀ ਹੈ। ਸੁਖਬੀਰ ਦੀ ਕਵਿਤਾ 'ਗੁਰੂ ਨਾਨਕ' ਲਹੂ ਮਿੱਟੀ ਦੇ ਸੁਪਨੇ ਨੂੰ ਚਾਨਣ ਦੀਆਂ ਅੱਖਾਂ ਤੇ ਧਰਤੀ ਦੇ ਨਕਸ਼ ਅਨਾਦੀ ਦੇ ਪ੍ਰਤੀਕ ਪ੍ਰਦਾਨ ਕਰਦੀ ਹੈ।

ਸੁਰਜੀਤ ਰਾਮਪੁਰੀ ਪ੍ਰਗੀਤਕ ਗੀਤ ਰਾਹੀਂ 'ਇੱਕ ਫਕੀਰ ਵੱਡਾ ਮਸਤਾਨਾ' ਦੀ ਧੁਨ ਅਲਾਪਦਾ ਹੈ। ਮਾਰਕਸੀ-ਚਿੰਤਕ ਡਾ. ਕੇਸਰ ਸਿੰਘ ਕੇਸਰ ਅਜੋਕੇ ਮਨੁੱਖ ਦੇ ਕਪਟੀ ਸਵੈ ਨੂੰ 'ਹਉਂ ਢਾਡੀ ਬੇਕਾਰ' ਰਾਹੀਂ ਸ਼ਰਮਿੰਦਗੀ ਦੇ ਚੁਰੱਸਤੇ 'ਤੇ ਖੜ੍ਹਾ ਕਰਦਾ ਹੈ। ਸਰਦਾਰ ਅੰਜੁਮ ਮੁਹੱਬਤ ਦੇ ਸਬਕ ਲਈ 'ਗੁਰੂ ਨਾਨਕ' ਦੇ ਨੂਰੀ ਛਿੱਟਿਆਂ ਨੂੰ ਯਾਦ ਕਰਦਾ ਹੈ। ਬਿਰਹਾ ਤੂੰ ਸੁਲਤਾਨ ਦੇ ਸ਼ਾਇਰ ਸ਼ਿਵ ਕੁਮਾਰ ਬਟਾਲਵੀ 'ਵਣਜਾਰੇ ਦੀ ਪੈੜ ਸਰਾਪੀ', 'ਸੱਚਾ ਵਣਜਾਰਾ', 'ਬਾਬਾ ਤੇ ਮਰਦਾਨਾ' ਅਤੇ 'ਕਰਤਾਰਪੁਰ ਵਿੱਚ' ਕਵਿਤਾਵਾਂ 'ਚ ਸਰੋਦੀ-ਸ਼ੈਲੀ ਰਾਹੀਂ ਨਾਨਕ ਪ੍ਰਕਾਸ਼ ਦੀ ਨਿਰਾਲੀ ਚਮਕ ਦੇ ਦਰਸ਼ਨ ਕਰਵਾਉਂਦਾ ਹੈ। ਲਾਲ ਚੰਦ ਯਮਲਾ ਜੱਟ ਆਪਣੀ ਤੂੰਬੀ ਦੀ ਟੁਣਕਾਰ ਰਾਹੀਂ ਲੋਕ-ਸੁਰਾਂ ਲਈ ਹੋਕਾ ਦੇਂਦਾ ਹੈ। ਬਾਬੂ ਰਜਬ ਅਲੀ ਆਪਣੇ ਵੱਖਰੇ ਫੰਨ 'ਚ 'ਗੁਰੂ ਨਾਨਕ ਸਾਂਝੇ ਕੁੱਲ ਦੇ ਐ' ਕਵਿਤਾ ਰਾਹੀਂ ਪੂਰੀ ਸ਼ਿੱਦਤ ਨਾਲ ਨੂਰੀ ਰੱਬ ਦੀ ਮੂਰਤ ਪੇਸ਼ ਕਰਦਾ ਹੈ।

ਚੌਥਾ ਸਰਗ ਗੁਰੂ ਨਾਨਕ ਦੇ ਬ੍ਰਹਿਮੰਡੀ ਉਜਾਲੇ ਦਾ ਚਿੰਤਨ ਕਰਦੀ ਕਵਿਤਾ ਵਾਲਾ ਹੈ। ਪ੍ਰਗਤੀਵਾਦੀ-ਧਾਰਾ ਦਾ ਸੁਹਜਮਈ ਕਵੀ ਪਿਆਰਾ ਸਿੰਘ ਸਹਿਰਾਈ 'ਨਾਨਕ' ਕਵਿਤਾ 'ਚ ਤੂੰ (ਗੁਰੂ ਜੀ) ਜੁਗਾਂ ਦੇ ਖਾਬ ਦੀ ਤਾਸੀਰ ਤੇ ਲੋਕ ਦਰਦ ਦੀ ਅਕਸੀਰ ਨਾਲ ਮੁਖਾਤਿਬ ਹੁੰਦਾ ਹੈ। ਸੁਰਜੀਤ ਸਿੰਘ ਮਰਜਾਰਾ ਦੀਆਂ ਕਵਿਤਾਵਾਂ 'ਗੁਰੂ ਨਾਨਕ ਨੂੰ' 'ਰਬਾਬ' ਅਜੋਕੇ ਸਮਿਆਂ ਦੀ ਤ੍ਰਾਸਦੀ ਦਾ ਹੌਕਾ ਭਰਦੀਆਂ ਹਨ।

ਗੁਰਦੇਵ ਸਿੰਘ ਰਾਏ 'ਨਾਨਕ ਆਗਮਨ' ਅਤੇ 'ਜਨਮ ਕੰਢੇ ਸੱਚ ਦਾ ਗਿਆਨ' ਆਪਣੇ ਮਹਾਂ-ਕਾਵਿ 'ਚ ਬਿਰਤਾਂਤਿਕ ਸ਼ੈਲੀ 'ਚ ਧੁਰੋਂ ਸੰਪੂਰਨ ਬੁੱਧ ਨਾਨਕ ਨੂਰ ਦੀ ਉਪਮਾ ਕਰਦਾ। ਸੁਹਜ ਤੇ ਸੂਖਮ ਦ੍ਰਿਸ਼ਟੀ ਵਾਲੀ ਬ੍ਰਹਿਮੰਡ ਦੀ ਆਰਤੀ ਅਤੇ ਕਿਰਤ ਦੇ ਦੀਵੇ ਉਤਾਰਦੀ ਮੋਹਨਜੀਤ ਦੀ ਕਵਿਤਾ 'ਚਾਨਣ ਉਦੈ' ਵੱਖਰਾ ਰਸ ਭਰਦੀ ਹੈ। ਮਨਮੋਹਨ ਸਿੰਘ ਦਾਊਂ ਦੀਆਂ ਕਵਿਤਾਵਾਂ 'ਨੂਰੀ ਸ਼ਬਦ ਦਾ ਜਨਮ', 'ਚਾਨਣ ਦੀਆਂ ਪੈੜਾਂ' ਤੇ 'ਚਾਨਣ ਦਾ ਵਾਕ' ਵਿਸਮਾਦੀ, ਰੱਹਸਵਾਦੀ ਤੇ ਸੰਵੇਦਨਾ ਦੀ ਵੱਖਰੀ ਤਰਜਮਾਨੀ ਵਾਲੀਆਂ ਹਨ ਜਿਨ੍ਹਾਂ ਵਿੱਚ ਨਾਨਕ-ਨਿਰੰਕਾਰ ਦੀ ਅਗੰਮੀ ਸ਼ਕਤੀ ਦ੍ਰਿਸ਼ਮਾਨ ਹੈ। ਪ੍ਰੋ. ਗੁਰਭਜਨ ਗਿੱਲ ਨੇ ਕਰਤਾਰਪੁਰ ਲਾਂਘੇ ਦੇ ਪ੍ਰਸੰਗ ਵਿੱਚ ਪੰਜ ਸਦੀਆਂ ਦੇ ਨਾਨਕ-ਕਾਲ ਨੂੰ ਸਿਮਰਿਆ ਹੈ। ਨਵ ਰਹੱਸਵਾਦੀ ਸ਼ਾਇਰ ਸੁਖਪਾਲ ਆਪਣੀਆਂ ਕਵਿਤਾਵਾਂ 'ਨਾਨਕ', 'ਮੈਂ ਤੇ ਨਾਨਕ' ਅਤੇ 'ਨਾਨਕ ਨਚਦਾ' ਵਿੱਚ ਪਾਣੀਆਂ ਤੇ ਦੀਵਾ ਧਰਦਾ ਤੇ ਸਦੀਆਂ ਤੀਕ ਰੌਸ਼ਨੀ ਜਗਾਉਣ ਵਾਲੇ ਸੱਚ ਨੂੰ ਨਿਹਾਰਦਾ ਹੈ। ਡਾ. ਗੁਰਨਾਇਬ ਸਿੰਘ ਆਪਣੀ ਕਵਿਤਾ 'ਰਬਾਬ' ਰਾਹੀਂ ਨਾਨਕ ਤੇ ਭੈਣ ਨਾਨਕੀ ਦੇ ਜਸ ਨੂੰ ਨਵੇਂ ਅਰਥਾਂ ਰਾਹੀਂ ਸਿਰਜਦਾ ਹੈ। ਵਿਅੰਗ ਤੇ ਕਟਾਖਸ਼ੀ ਬੋਲਾਂ ਕਰਕੇ ਜਸਵੰਤ ਜ਼ਫਰ ਦੀਆਂ ਕਵਿਤਾਵਾਂ 'ਅਸੀਂ ਨਾਨਕ ਦੇ ਕੀ ਲਗਦੇ ਹਾਂ' ਅਤੇ 'ਨਾਨਕ' ਅਸਲੀਅਤ ਤੇ ਸੱਚ ਨੂੰ ਪੇਸ਼ ਕਰਨ ਵਾਲੀਆਂ ਹਨ। ਡਾ. ਗੁਰਬਖ਼ਸ਼ ਸਿੰਘ ਭੰਡਾਲ 'ਵੇਈਂ ਦੀ ਵੇਦਨਾ' ਕਵਿਤਾ 'ਚ ਮਨੁੱਖ ਦੀ ਮੈਲੀ ਨਿਯਤ ਨੂੰ ਉਜਾਗਰ ਕਰਦੀ ਇਲਾਹੀ ਸਰੂਪ ਦੇ ਚਿੰਤਨ ਵੱਲ ਮੋੜਾ ਦੇਂਦੀ ਹੈ। ਡਾ. ਸਰਬਜੀਤ ਕੌਰ ਸੰਧਾਵਾਲੀਆ 'ਸਤਿਗੁਰ ਨਾਨਕ ਪ੍ਰਗਟਿਆ' ਰੱਬੀ-ਸੰਦੇਸ਼ 'ਤੇ ਕੇਂਦਰਤ ਹੈ। ਦਲਜੀਤ ਕੌਰ ਦਾਊਂ ਆਪਣੀਆਂ ਕਵਿਤਾਵਾਂ 'ਵੇਈਂ ਉਜਵਲ ਹੋਈ', 'ਵਡ ਪੁਰਖ' ਤੇ 'ਬਖਸ਼ਸ਼ਾਂ ਦਾ ਪਾਂਧੀ' ਗੁਰੂ ਨਾਨਕ ਬਾਣੀ ਦਾ ਚਿੰਤਨ ਕਰਦੀਆਂ, ਮਨੁੱਖ ਨੂੰ ਸਵੈ-ਉਜਵਲਤਾ ਦੀ ਪ੍ਰੇਰਨਾ ਦੇਂਦੀਆਂ ਹਨ। ਸ਼ਾਇਰਾ ਸੁਖਵਿੰਦਰ ਅੰਮ੍ਰਿਤ ਆਪਣੇ ਬਚਪਨ ਦੀ ਸਿਮਰਤੀ ਨੂੰ 'ਭਾਈ ਲਾਲੋ' ਦੀ ਸਾਖੀ ਰਾਹੀਂ ਕਿਰਤ ਦੀ ਮਹੱਤਤਾ ਨੂੰ ਸੁੱਚੇ ਅੱਖਰਾਂ 'ਚ ਬਦਲ ਦੇਂਦੀ ਹੈ। ਮਨਜੀਤ ਕੌਰ ਅੰਬਾਲਵੀ ਵਰਤਮਾਨ ਪ੍ਰਸਥਿਤੀਆਂ ਨੂੰ ਚਾਨਣਮਈ ਬਣਾਉਣ ਲਈ 'ਪੰਜਵੀਂ ਉਦਾਸੀ' ਕਵਿਤਾ ਰਾਹੀਂ ਨਾਨਕ ਦੀਆਂ ਖੜਾਵਾਂ ਨੂੰ ਆਵਾਜ਼ ਦੇਂਦੀ ਹੈ। ਡਾ. ਸੁਦਰਸ਼ਨ ਗਾਸੋ ਹਨੇਰੇ ਘਰਾਂ 'ਚ ਰੌਸ਼ਨੀ ਕਰਨ ਲਈ 'ਸ੍ਰੀ ਗੁਰੂ ਨਾਨਕ ਦੇਵ' ਕਵਿਤਾ 'ਚ ਸ਼ਬਦ-ਸ਼ਕਤੀ ਦਾ ਆਸਰਾ ਮੰਗਦਾ ਹੈ। 'ਤ੍ਰਿਪਤਾ ਦਾ ਚੰਨ' ਗਿਆਨੀ ਮਾਨ ਸਿੰਘ ਮਾਨ ਦੀ ਕਵਿਤਾ ਵੱਖਰੇ ਛੰਦ ਦੀ ਖੂਬਸੂਰਤੀ ਵਾਲੀ ਹੈ। ਡਾ. ਗੁਰਮੀਤ ਸਿੰਘ ਬੈਦਵਾਣ ਦੀ ਕਵਿਤਾ 'ਚਾਨਣ-ਚਾਨਣ ਹੋਈ ਤਲਵੰਡੀ' ਸੱਚਮੁੱਖ ਰੌਸ਼ਨੀ ਦੀ ਗੁਆਹੀ ਭਰਦੀ ਹੈ। ਨੌਜੁਆਨ ਸ਼ਾਇਰ ਹਰਮਨ ਆਪਣੀ ਕਵਿਤਾ 'ਨਾਨਕ' 'ਚ ਭਾਈ ਮਰਦਾਨਾ ਦੇ ਅਲੌਕਿਕ ਪ੍ਰਸੰਗਾਂ ਰਾਹੀਂ ਗੁਰੂ ਨਾਨਕ ਦੀ ਪਹਿਲੀ ਉਦਾਸੀ ਨੂੰ ਚਿਤਵਤ ਕਰਦਾ, ਦੈਵੀ ਗੁਣਾਂ ਵਿੱਚ ਲੁਪਤ ਹੋ ਜਾਂਦਾ ਹੈ। ਡਾ. ਮਨਮੋਹਨ ਨੇ ਉਦਾਸੀ 1 ਤੇ ਉਦਾਸੀ 2 ਕਵਿਤਾਵਾਂ ਵਿੱਚ ਗੁਰੂ ਨਾਨਕ ਦੀ ਸ਼ਬਦ ਸ਼ਕਤੀ ਤੇ ਉਦਾਸੀਆਂ ਦੇ ਸੰਕਲਪਾਂ ਨੂੰ ਬਾਖੂਬੀ

ਚਿਤਰਿਆ ਹੈ।

ਇਸ ਪ੍ਰਵੇਸ਼ਕਾ ਦੇ ਸ਼ਬਦ ਲਿਖਦਿਆਂ ਕੁਝ ਸ਼ਾਇਰਾਂ ਦੀਆਂ ਪੂਰੀਆਂ ਕਵਿਤਾਵਾਂ ਦੀ ਥਾਂ ਕਾਵਿ-ਟੁਕੜੀਆਂ ਦੇ ਸਨਮੁਖ ਹੋਣਾ ਚੰਗਾ ਲਗ ਰਿਹਾ ਹੈ ਜਿਨ੍ਹਾਂ ਦਾ ਪੰਜਾਬੀ ਟ੍ਰਿਬਿਊਨ 'ਚ ਅਮਰਜੀਤ ਚੰਦਨ ਨੇ ਆਪਣੀ ਰਚਨਾ 'ਨਾਨਕ ਨਾਮੁ' ਵਿੱਚ 6 ਜਨਵਰੀ, 2019 ਨੂੰ ਜ਼ਿਕਰ ਕੀਤਾ:

ਨਨਕਾਣਾ ਧੁਰਾ ਧਰਤੀ ਦਾ
ਨਨਕਾਣਾ ਸੂਰਜ ਬ੍ਰਹਿਮੰਡ ਦਾ
ਕੁੱਖ ਸ਼ਬਦ ਦੀ ਨਨਕਾਣਾ ਹੈ
ਨਨਕਾਣਾ ਮੰਜ਼ਿਲ ਹੈ ਕੁਲ ਰਾਹਵਾਂ ਦੀ
ਨਨਕਾਣਾ ਘਰ ਦਾ ਰਾਹ ਹੈ

ਇਥੇ ਹਰ ਪਲ ਰਾਤ ਚਾਨਣੀ
ਅੰਮ੍ਰਿਤ ਵੇਲਾ ਪਹਿਰ ਰਾਤ ਦਾ
ਨਿੱਤ ਗਿਆਨ ਦੀ ਅੱਖ ਖੁੱਲ੍ਹਦੀ ਹੈ।

ਕਵੀ ਹਰਨਾਮ 'ਗੁਰੂ ਨਾਨਕ ਇਕ ਅਦਦ ਅਕਾਰ' ਕਵਿਤਾ 'ਚ ਆਖਦਾ ਹੈ:

ਤੂੰ ਤਾਂ ਤਰ ਰਹੇ ਭਾਵਾਂ ਦਾ ਇੱਕ ਅਕਾਰ ਏਂ
ਤੂੰ ਜੋ ਕੱਲ੍ਹ ਸੀ ਅੱਜ ਨਹੀਂ ਏਂ
ਤੂੰ ਜੋ ਅੱਜ ਏਂ ਕੱਲ੍ਹ ਨਹੀਂ ਰਹਿਣਾ
ਮੈਂ ਤੇਰੀ ਇਸ ਤੋਰ ਨਾਲ ਦੌੜਨਾ ਹੈ।

ਗੁਰੂ ਜੀ ਦੀ ਪੱਛਮ-ਉਦਾਸੀ ਨੂੰ ਪਰਮਵੀਰ ਸਿੰਘ ਇੰਜ ਪ੍ਰਮੁੱਖਤਾ ਦੇਂਦਾ ਹੈ:

ਵੱਜੀ ਏ ਰਬਾਬ ਕੋਈ
ਅਰਬਾਂ ਦੇ ਦੇਬ ਵਿੱਚ
ਐਵੇਂ ਨਹੀਂ ਰਸੀਆਂ
ਖਜੂਰਾਂ ਬਹੁੰ ਪਿਆਰੀਆਂ।

ਸਵਾਮੀ ਅੰਤਰ ਨੀਰਵ (ਗੁਰਵਿੰਦਰ ਸਿੰਘ) ਭਾਈ ਮਰਦਾਨੇ ਦੇ ਵਿਛੋੜੇ ਦੀ ਸੋਗੀ ਖਬਰ ਨੂੰ ਨਾਨਕ ਦੇ ਬੋਲਾਂ ਰਾਹੀਂ ਚਿਤਾਰਦਾ:

ਸਬ ਮਿਹਰ ਐ, ਰਬਾਬ ਚੁੱਪ ਐ
ਚੁੱਪ ਸਾਂਝੀ ਬਾਬਾ ਜਾਣੇ
ਸਿੱਧਾ ਮਰਦਾਨੇ ਦੇ ਬੇਹੜੇ
ਮਰਦਾਨੀ ਕੋਲ ਬਛੋੜ ਹੱਥਾਂ 'ਚ
ਛੋਪਲੇ ਜਿਹੇ ਲੁੱਗੀ ਰਬਾਬ ਧਰਣੇ
ਸਤਿਨਾਮੁ ਕਰਣੇ।

ਲੋਕ ਕਵੀ ਬਾਬਾ ਨਜਮੀ (ਲਹਿੰਦਾ ਪੰਜਾਬ) ਗੁਰੂ ਨਾਨਕ ਦੀ ਸਿਫ਼ਤ ਕਰਦਾ ਦੁਆ ਕਰਦਾ ਹੈ:

ਨਾਨਕ ਵਰਗਾ ਹੋਜਲਾ ਪੁੱਤਰ,
ਮਾਂ-ਬੋਲੀ ਦਾ ਕੋਈ ਨਈਂ
ਉਹਦੀ ਦਵਾਤੋਂ ਗੂੜ੍ਹੀ ਸ਼ਾਹੀ,
ਦੇ-ਦੇ ਥੋਹੜੀ ਜਿਹੀ।

ਇਥੇ ਪੁਆਧੀ ਨਾਵਲਕਾਰ ਜਸਬੀਰ ਮੰਡ ਦੇ 2015 'ਚ ਛਪੇ ਨਾਵਲ 'ਬੋਲ ਮਰਦਾਨਿਆਂ' ਦਾ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ ਜਿਸ ਰਾਹੀਂ ਮੰਡ ਨੇ ਬਾਬੇ ਨਾਨਕ ਤੇ ਮਰਦਾਨੇ ਦੇ ਕਾਵਿਕ-ਸੰਵਾਦ ਰਾਹੀਂ ਨਾਨਕ ਪ੍ਰਕਾਸ਼ ਦੇ ਦਰਸ਼ਨ ਕਰਵਾਏ ਹਨ। ਡਾ. ਦਲੀਪ ਕੌਰ ਟਿਵਾਣਾ ਦਾ ਮੰਨਣਾ: "ਇਹ ਤਾਂ ਬਾਬੇ ਨਾਨਕ ਦੇ ਸਮੁੱਚੇ ਸਵੈ ਨੂੰ ਗਾਉਂਦੀ ਮਰਦਨੇ ਦੀ ਰਬਾਬ ਦਾ ਗੀਤ ਹੈ ਜਿਸ ਨੂੰ ਮੰਡ ਬੋਲਾਂ ਵਿੱਚ ਉਤਾਰਨ ਦੀ ਕੋਸ਼ਿਸ਼ ਕਰ ਰਿਹਾ ਹੈ।"

ਇੰਝ ਹੀ ਨਾਨਕ ਮਹਿਮਾ ਨੂੰ ਜੁਗਾਂ ਤੀਕ ਕਾਵਿ-ਵੰਨਗੀਆਂ ਤੇ ਹੋਰ ਵਿਧਾਵਾਂ 'ਚ ਗਾਇਆ-ਸੁਣਿਆ ਜਾਂਦਾ ਰਹੇਗਾ।

ਮੈਂ ਉਨ੍ਹਾਂ ਸਾਰੇ ਰਚਨਾਕਾਰਾਂ ਦਾ ਅਤੀ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਦੀਆਂ ਕਾਵਿ ਰਚਨਾਵਾਂ ਨਾਲ ਇਹ ਕਾਵਿ-ਸੰਗ੍ਰਹਿ ਸੰਜੋਇਆ ਜਾ ਸਕਿਆ ਹੈ।

ਡਾ. ਨਿਰਮਲ ਸਿੰਘ ਲਾਂਬੜਾ, ਸੱਥਾਂ ਦੇ ਮੁੱਖ ਸਿਰਜਕ ਅਤੇ ਸ. ਮੋਤਾ ਸਿੰਘ ਸਰਾਏ, ਸੰਚਾਲਕ, ਯੂਰਪੀ ਪੰਜਾਬੀ ਸੱਥ ਵਾਲਸੱਲ ਯੂ.ਕੇ. ਹੁਰਾਂ ਦਾ ਮੈਂ ਅਤੀ ਰਿਣੀ ਹਾਂ ਜਿਨ੍ਹਾਂ ਦੀ ਅਗਵਾਈ, ਸੇਧ ਤੇ ਸਹਿਯੋਗ ਮੈਨੂੰ ਮਿਲਦਾ ਰਹਿੰਦਾ ਹੈ।

ਪੁਸਤਕ ਦੇ ਸਰਵਰਕ ਦੀ ਪੇਟਿੰਗ ਲਈ ਉੱਘੇ ਬੰਗਾਲੀ ਚਿੱਤਰਕਾਰ ਦੀਪੰਕਰ ਮਜੁਮਦਾਰ ਦਾ ਮੈਂ ਤਹਿ ਦਿਲੋਂ ਧੰਨਵਾਦੀ ਹਾਂ।

ਕੰਪਿਊਟਰ ਕੰਪੋਜ਼ਿੰਗ ਦੇ ਕਾਰਜ ਲਈ ਨਵਰੂਪ ਕੌਰ ਨੇ ਸਾਰੀ ਸਮੱਗਰੀ ਨੂੰ ਹੁੱਨਰੀ ਛੁਹਾਂ ਦਿੱਤੀਆਂ ਦਾ ਦਿਲੋਂ ਧੰਨਵਾਦ।

ਲੋਕਗੀਤ ਪ੍ਰਕਾਸ਼ਨ ਮੁਹਾਲੀ ਦੇ ਮਾਲਕ ਸ਼੍ਰੀ ਹਰੀਸ਼ ਜੈਨ ਦਾ ਧੰਨਵਾਦ ਕਰਨਾ ਮੇਰੇ ਲਈ ਖੁਸ਼ੀ ਹੈ।

ਮਿਤੀ 15 ਜਨਵਰੀ 2019

ਮਨਮੋਹਨ ਸਿੰਘ ਦਾਊਂ
ਸੰਪਾਦਕ

****



ਜਸਪਾਲ ਸਿੰਘ ਕੰਵਲ
8968968397

14 ਪੁਸਤਕਾਂ ਲੋਕ-ਅਰਪਣ ਅਤੇ 9 ਸ਼ਖ਼ਸੀਅਤਾਂ ਦਾ ਸਨਮਾਨ

ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ.) ਵਲੋਂ ਬੀਤੇ ਦਿਨ 'ਰਤਨ ਗਰੁੱਪ ਆਫ ਇੰਸਟੀਚਿਊਸ਼ਨ, ਸੋਹਾਣਾ, ਮੁਹਾਲੀ' ਵਿਖੇ ਸ਼ਾਨਦਾਰ ਤੇ ਨਿਵੇਕਲਾ ਸਮਾਗਮ ਅਯੋਜਿਤ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਮੁੱਖ ਮਹਿਮਾਨ ਮੈਡਮ ਊਸ਼ਾ ਆਰ ਸ਼ਰਮਾ ਆਈ. ਏ. ਐਸ. (ਰਿਟਾ.) ਅਤੇ ਸ੍ਰ. ਰਾਜਵੰਸ ਸਿੰਘ ਚਾਹਲ, ਆਈ. ਆਰ. ਐਸ. (ਰਿਟਾ.) ਜੀ ਵੱਲੋਂ ਸ਼ਮਾਂ ਰੋਸ਼ਨ ਕਰਕੇ ਕੀਤੀ ਗਈ।

ਇਸ ਅਵਸਰ ਤੇ ਪ੍ਰਧਾਨਗੀ-ਮੰਡਲ ਵਿਚ ਸ੍ਰੀ ਵਿਪਨ ਜੇਠੀ, ਕਾਨੂੰਨੀ ਸਲਾਹਕਾਰ, ਗਮਾਡਾ, ਸ੍ਰ. ਸੁਖਚਰਨ ਸਿੰਘ ਸਾਹੋਕੇ, ਅੰਡਰ ਸੈਕਟਰੀ ਅਤੇ ਸ੍ਰ. ਫਤਿਹਜੰਗ ਸਿੰਘ ਵੀ ਸੁਸ਼ੋਭਿਤ ਸਨ।

ਸਮਾਗਮ ਦੌਰਾਨ 7 ਸਾਹਿਤਕਾਰਾਂ ਦੀਆਂ 14 ਪੁਸਤਕਾਂ ਲੋਕ-ਅਰਪਣ ਕਰਨ ਦੇ ਨਾਲ-ਨਾਲ 9 ਸਾਹਿਤਕਾਰਾਂ ਨੂੰ ਉਨਾਂ ਦੀਆਂ ਵੱਡਮੁੱਲੀਆਂ ਸਾਹਿਤਕ ਸੇਵਾਵਾਂ ਬਦਲੇ ਵੱਖ-ਵੱਖ ਐਵਾਰਡਾਂ ਨਾਲ ਸਨਮਾਨਿਆ ਗਿਆ। ਜਿਨਾਂ ਵਿਚ ਊਸ਼ਾਂ ਆਰ ਸ਼ਰਮਾ ਨੂੰ 'ਅੰਮ੍ਰਿਤਾ ਪ੍ਰੀਤਮ ਐਵਾਰਡ-2019' (ਦੋ ਪੁਸਤਕਾਂ ਰੀਲੀਜ), ਲਾਲ ਸਿੰਘ ਲਾਲੀ ਨੂੰ 'ਨੰਦ ਲਾਲ ਨੂਰ ਪੁਰੀ ਐਵਾਰਡ-2019' (ਤਿੰਨ ਪੁਸਤਕਾਂ ਰੀਲੀਜ) ਜਗਜੀਤ ਮੁਕਤਸਰੀ ਨੂੰ 'ਲਾਲ ਚੰਦ ਯਮਲਾ ਜੱਟ ਐਵਾਰਡ-2019' (ਚਾਰ ਪੁਸਤਕਾਂ), ਕੁਲਵਿੰਦਰ ਕੌਰ ਮਹਿਕ ਅਤੇ ਵਰਿੰਦਰ ਕੌਰ ਰੰਧਾਵਾ ਨੂੰ 'ਮਾਣ ਪੰਜਾਬ ਦਾ ਐਵਾਰਡ-2019' (ਕ੍ਰਮਵਾਰ ਦੋ ਅਤੇ ਇਕ ਪੁਸਤਕ), ਜਰਨੈਲ ਹਸਨਪੁਰੀ ਨੂੰ 'ਕਲਮ ਦਾ ਵਣਜਾਰਾ ਐਵਾਰਡ-2019' (ਇਕ ਪੁਸਤਕ), ਐਡਵੋਕੇਟ ਕਮਲਜੀਤ ਸਿੰਘ ਕਮਲ ਨੂੰ 'ਬਹ-ਪੱਖੀ ਸ਼ਖ਼ਸੀਅਤ ਐਵਾਰਡ-2019' (ਇਕ ਪੁਸਤਕ) ਅਤੇ ਮਨਦੀਪ ਕੌਰ ਪ੍ਰੀਤ ਮੁਕੇਰੀਆਂ ਅਤੇ ਕਿਰਨ ਪਾਹਵਾ ਨੂੰ 'ਹੋਣਹਾਰ ਧੀ ਪੰਜਾਬ ਦੀ ਐਵਾਰਡ-2019' ਨਾਲ ਬੜੀ ਸ਼ਾਨੋ-ਸ਼ੌਕਤ ਨਾਲ ਸਨਮਾਨਿਤ ਕੀਤਾ ਗਿਆ।

ਊਸ਼ਾ ਆਰ ਸਰਮਾ ਜੀ ਨੂੰ ਐਵਾਰਡ, ਸਨਮਾਨ-ਚਿੰਨ ਅਤੇ ਸ਼ਾਲ ਮੁੱਖ ਮਹਿਮਾਨ ਸ. ਰਾਜਵੰਸ ਸਿੰਘ ਚਾਹਲ ਅਤੇ ਪ੍ਰਧਾਨਗੀ ਮੰਡਲ ਵਲੋਂ ਦਿੱਤਾ ਗਿਆ, ਜਦ ਕਿ ਬਾਕੀ ਅੱਠ ਸਾਹਿਤਕਾਰਾਂ ਨੂੰ ਐਵਾਰਡ, ਸਨਮਾਨ੍ਹਚਿੰਨ ਅਤੇ ਸ਼ਾਲ ਊਸ਼ਾ ਆਰ ਸ਼ਰਮਾ, ਸ੍ਰ. ਚਾਹਲ ਅਤੇ ਪ੍ਰਧਾਨਗੀ-ਮੰਡਲ ਵਲੋਂ ਸਮੂਹਿਕ ਤੌਰ 'ਤੇ ਦਿੱਤੇ ਗਏ। ਇਸ ਤੋਂ ਇਲਾਵਾ 'ਸਪਤਰਿਸ਼ੀ ਪਬਲੀਸ਼ਰ ਚੰਡੀਗੜ੍ਹ' ਵਲੋਂ ਵੀ ਇਨਾਂ ਲੇਖਕਾਂ ਵਿਚੋਂ ਜਿਨਾਂ ਪੰਜ ਲੇਖਕਾਂ ਦੀਆਂ ਪੁਸਤਕਾਂ ਛਾਪੀਆਂ ਗਈਆਂ, ਉਨ੍ਹਾਂ ਲਈ ਅਤੇ ਆਪਣੀ ਟਾਈਪਿਸਟ ਨਵਰੂਪ ਕੌਰ ਰੂਪ ਲਈ ਆਪਣੇ ਵਲੋਂ ਬਣਾਏ ਸ਼ਾਨਦਾਰ ਯਾਦਗਾਰੀ-ਚਿੰਨ ਇਸ ਮੌਕੇ 'ਤੇ ਦਿੱਤੇ ਗਏ।

ਸਮਾਗਮ ਦੌਰਾਨ ਕ੍ਰਿਸ਼ਨ ਰਾਹੀ ਸੰਗੀਤਕਾਰ ਦੀ ਨਿਰਦੇਸ਼ਨਾ ਹੇਠ ਅਮਰੀਕ ਚੰਡੀਗੜੀਆ ਬੈਂਜੋ-ਵਾਦਕ ਅਤੇ ਦੇਪਿੰਦਰ ਸਿੰਘ ਤਬਲਾ-ਵਾਦਕ ਦੀਆਂ ਸੰਗੀਤਕ ਧੁਨਾਂ ਅਧੀਨ ਗੁਰਵਿੰਦਰ ਗੁਰੀ, ਸੰਨੀ ਊਨੇ ਵਾਲਾ, ਬੀਬਾ ਨਵਪ੍ਰੀਤ ਸੰਧੂ, ਕ੍ਰਿਸ਼ਨ ਰਾਹੀ ਅਤੇ ਬਾਵਾ ਬੱਲੀ ਨੇ ਲਾਲ ਸਿੰਘ ਲਾਲੀ, ਕੁਲਵਿੰਦਰ ਕੌਰ ਮਹਿਕ, ਜਰਨੈਲ ਹਸਨਪੁਰੀ ਅਤੇ ਵਰਿੰਦਰ ਕੌਰ ਰੰਧਾਵਾ ਦੇ ਗੀਤਾਂ ਨਾਲ ਖ਼ੂਬ ਰੰਗ ਬੰਨਿਆ: ਜਦ ਕਿ ਜਗਜੀਤ ਮੁਕਤਸਰੀ, ਐਡਵੋਕੇਟ ਕਮਲਜੀਤ ਸਿੰਘ ਕਮਲ, ਮਨਦੀਪ ਕੌਰ ਪ੍ਰੀਤ ਮੁਕੇਰੀਆਂ ਅਤੇ ਕਿਰਨ ਪਾਹਵਾ ਵਲੋਂ ਆਪੋ-ਆਪਣੀਆਂ ਰਚਨਾਵਾਂ ਖ਼ੁਦ ਬਾ-ਖ਼ੂਬੀ ਅੰਦਾਜ ਵਿਚ ਪੇਸ਼ ਕੀਤੀਆਂ ਗਈਆਂ। ਸਟੇਜ-ਸਕੱਤਰ ਦੇ ਫਰਜ ਸਟੇਜਾਂ ਦੀ ਧਨੀ, ਦੂਰਦਰਸ਼ਨ ਦੀ ਐਂਕਰ ਸੰਦੀਪ ਕੌਰ ਅਰਸ਼ (ਧੰਜਲ) ਵਲੋਂ ਕਮਾਲ ਮਈ ਢੰਗ ਨਾਲ ਨਿਭਾਏ ਗਏ।

ਅੰਤ ਵਿਚ ਜਿੱਥੇ ਕਲਾਕਾਰਾਂ, ਸਾਜਿੰਦਿਆਂ, ਪ੍ਰਬੰਧਕਾਂ ਅਤੇ ਟੀਮ ਦੇ ਵਰਕਰਾਂ ਨੂੰ ਮੈਡਲਾਂ ਨਾਲ

ਸਨਮਾਨਿਆ ਗਿਆ, ਉਥੇ ਸਟੇਜ-ਸੰਚਾਲਕ ਅਤੇ ਵਿਸ਼ੇਸ਼ ਮਹਿਮਾਨਾਂ ਦੇ ਨਾਲ-ਨਾਲ ਇਕ ਯਾਦਗਾਰੀ ਚਿੰਨ ਮੁੱਖ ਮਹਿਮਾਨ ਸ੍ਰ. ਰਾਜਵੰਸ ਸਿੰਘ ਚਾਹਲ ਜੀ ਨੂੰ ਵੀ ਸੰਸਥਾ ਵੱਲੋਂ ਦਿੱਤਾ ਗਿਆ।

ਸਮਾਗਮ ਨੂੰ ਹਰ ਪੱਖ ਤੋਂ ਸਫਲ ਕਰਨ ਲਈ ਕ੍ਰਿਸ਼ਨ ਰਾਹੀ, ਸ਼ਮਸ਼ੇਰ ਸਿੰਘ ਪਾਲ, ਪ੍ਰਿੰ. ਬਲਬੀਰ ਸਿੰਘ ਛਿੱਬੜ, ਸਿਕੰਦਰ ਰਾਮਪਰੀ, ਜਸਪਾਲ ਸਿੰਘ ਕੰਵਲ, ਪ੍ਰਿੰ. ਹਰਨੇਕ ਸਿੰਘ ਸਾਗੀ, ਸ਼ਿਵ ਸਿੰਘ ਬੱਲੀ, ਅਸ਼ੋਕ ਟਾਂਡੀ, ਅਵਤਾਰ ਸਿੰਘ ਪਾਲ, ਜਸਪ੍ਰੀਤ ਕੌਰ ਮੁਕਤਸਰੀ, ਪਰਮਜੀਤ ਸਿੰਘ ਪਾਲ ਅਤੇ ਜਸਵੀਰ ਛਿੱਬੜ ਪੂਰੀ ਤਰਾਂ ਸਰਗਰਮ ਸਨ। ਇਨਾਂ ਤੋਂ ਇਲਾਵਾ ਲਖਵਿੰਦਰ ਧੰਜਲ, ਪ੍ਰਿੰ ਸੁਰਿੰਦਰ ਕੌਰ, ਪੰ. ਸ਼ਕਤੀ ਪ੍ਰਕਾਸ਼ ਬਨੂੜ, ਵਿਨੋਦ ਪਾਠਕ ਹਠੂਰੀਆ, ਲਛਮਣ ਦਾਸ ਜੱਖੇਪਲੀਆ, ਜਸਵੀਰ ਲੋਈ, ਸੁਰਿੰਦਰ ਮਹਿਤੋ, ਰਾਜੂ ਨਾਹਰ, ਪੂਰਨ ਪਰਦੇਸੀ, ਅਮਰ ਵਿਰਦੀ, ਆਰ. ਕੇ. ਸਾਹੋਵਾਲੀਆ, ਕਸ਼ਮੀਰ ਘੇਸਲ, ਬਹਾਦਰ ਸਿੰਘ ਗੋਸਲ, ਪ੍ਰੀਤਮ ਸਿੰਘ ਭੂਪਾਲ, ਸੋਹਣ ਸਿੰਘ ਮਹਿਮੀ, ਸੁਖਵਿੰਦਰ ਨੂਰਪੁਰੀ, ਧਿਆਨ ਸਿੰਘ ਕਾਹਲੋਂ ਅਤੇ ਰਾਜਿੰਦਰ ਰੈਣਾ ਆਦਿ ਸਾਹਿਤਕਾਰਾਂ ਦਾ ਰੋਲ ਵੀ ਸਲਾਹੁਣ ਯੋਗ ਰਿਹਾ। ਕੁੱਲ ਮਿਲਾਕੇ ਸਮਾਗਮ ਅ੧ਓਪਣੀਅ੧ਓਂ ਯਾਦਗਾਰੀ ਪਲੜਾਂ ਛੱਡ ਗਿਅ੧ਓ।



Registration No. R.N.I. CHAPUN/2010/33423, P.O. REGD. No CHD/144/2017-19 Posted at M.B.U. CHD



ਬਾਬਾ ਨਾਨਕ-ਬਾਬਾ ਨਾਨਕ....

ਬਾਬਾ ਨਾਨਕ - ਬਾਬਾ ਨਾਨਕ
ਪੂਰੀ ਦੁਨੀਆਂ ਤੇਰਾ 550 ਵਾਂ ਪ੍ਰਕਾਸ਼ ਪੁਰਬ
ਮਨਾ ਰਹੀ ਏ
ਵਿਸ਼ਵ ਪੱਧਰ 'ਤੇ ਖੂਬ ਚਰਚਾ ਕਰਵਾ ਰਹੀ ਏ
ਦਿਖਾਵਿਆਂ, ਛੋਛੇਬਾਜ਼ੀਆਂ, ਰੀਸੋ-ਘੜੀਸ 'ਚ
ਗੁੱੜਚ ਤੇਰੀ ਪਿਆਰੀ ਸੰਗਤ
ਲਗਦੈ ਤੇਰੇ ਅਸਲ ਸੰਦੇਸ਼ ਤੋਂ ਦੂਰ ਜਾ ਰਹੀ ਏ
ਪਰ ਸੱਚ ਹੈ ਕਿ ਤੇਰਾ ਪੁਰਬ ਤਾਂ ਮਨ੍ਹਾ ਰਹੀ ਏ
ਤੇਰੀਆਂ ਦਸ ਜੋਤਾਂ ਤੱਕ ਖੂਬ ਪ੍ਰਚਾਰ ਹੋਇਆ
ਤੇਰੀ ਫ਼ਿਲਾਸਫ਼ੀ ਤੇ ਤੇਰੀ ਸਿੱਖੀ ਦਾ ਪ੍ਰਸਾਰ ਹੋਇਆ
ਫਿਰ ਇਸ ਦੀ ਕਮਾਨ ਪੰਥ ਦੇ ਹੱਥ ਆ ਗਈ
ਤੇ ਨਾਲ ਹੀ ਜ਼ੁਲਮਾਂ ਦੀ ਹਨੇਰੀ ਵੀ ਛਾ ਗਈ
ਜੋ ਮਨੂੰ ਤੇ ਜ਼ਕਰੀਆ ਦੇ ਸਮੇਂ ਤੱਕ ਸਿਖਰਾਂ
'ਤੇ ਸੀ ਆ ਗਈ
ਤੇਰੀ ਸਿੱਖੀ ਨੂੰ ਮਿਟਾਉਣ ਵਾਲੇ
ਆਪ ਮੁੱਕ ਗਏ ਪਰ ਜੀਵਤ ਰਹੇ
ਤੇਰਾ ਝੰਡਾ ਝੁਲਾਉਣ ਵਾਲੇ
ਪਰ ਤੇਰਾ ਸੰਦੇਸ਼ ਤਾਂ ਜਿਵੇਂ ਗੁਆਚ ਗਿਆ
ਫੇਰ ਵੀ ਤੇਰੀ ਸਿੱਖ ਕੌਮ ਇਹ ਪੁਰਬ ਮਨ੍ਹਾ ਰਹੀ ਏ
ਭਾਵੇਂ ਅਸਲ ਮੁੱਦੇ ਤੋਂ ਦੂਰ ਜਾ ਰਹੀ ਏ
ਠੀਕ ਹੈ ਅਜੇਹੇ ਦਿਹਾੜੇ ਮਨਾਉਣੇ ਚਾਹੀਦੇ ਨੇ
ਕਵੀ ਦਰਬਾਰ, ਕੀਰਤਨ, ਸੈਮੀਨਾਰ ਕਰਾਉਣੇ
ਚਾਹੀਦੇ ਨੇ
ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਕਰਾਉਣੇ ਚਾਹੀਦੇ ਨੇ
ਲੰਗਰ ਲਗਾਉਣੇ ਚਾਹੀਦੇ ਨੇ-ਉਸਤਤ ਦੇ ਸੋਹਲੇ
ਗਾਉਣੇ ਚਾਹੀਦੇ
ਲਗਦੈ ਇਹ ਸਭ ਦਿਖਾਵੇ ਨੇ
ਤਰ੍ਹਾਂ-ਤਰ੍ਹਾਂ ਦੇ ਛਲਾਵੇ ਨੇ
ਜਿਨ੍ਹਾਂ 'ਚ ਦੁਨੀਆਂ ਫਸਦੀ ਜਾ ਰਹੀ ਏ
ਪਰ ਤੇਰਾ ਪੁਰਬ..........।
ਇਹ ਪੁਰਬ ਸ਼੍ਰੋਮਣੀ ਕਮੇਟੀ, ਸਰਕਾਰਾਂ, ਸਭਾਵਾਂ
ਮਨਾ ਰਹੀਆਂ ਨੇ
ਪਰ ਆਪਣੀ-ਆਪਣੀ ਡਫ਼ਲੀ ਵਜਾ ਰਹੀਆਂ ਨੇ
ਕੁਝ ਨੋਟਾਂ ਲਈ ਕੁਝ ਵੋਟਾਂ ਲਈ
ਸਭ ਪਖੰਡ ਹੈ ਆਮ ਲੋਕਾਂ ਲਈ
ਭੰਬਲਭੂਸੇ 'ਚ ਤੇਰੇ ਸਿੱਖ ਤੈਨੂੰ ਯਾਦ ਕਰਦੇ ਨੇ
ਪਰ ਮੈਨੂੰ ਤਾਂ ਲੱਗਦਾ ਜਿਵੇਂ ਬਾਬਾ ਨਾਨਕ ਦਾ
ਸ਼ਰਾਧ ਕਰਦੇ ਨੇ
ਕਿਉਂਕਿ ਸ਼ਰਾਧ ਵਿੱਚ ਵੀ ਤਾਂ ਮੋਹਰੀ ਖਾਣ-ਪਾਣ
ਹੁੰਦਾ ਏ।
ਤੇ ਸਮਾਗਮਾਂ ਵਿੱਚ ਵੀ ਲੰਗਰ ਪ੍ਰਧਾਨ ਹੁੰਦਾ ਏ।
ਇੱਕ ਤੋਂ ਵੱਧ ਇਕ ਸ਼ਾਹੀ ਪਕਵਾਨ ਹੁੰਦਾ ਏ।
ਰੋਟੀਆਂ ਕਾਰਨ ਹੀ ਸਭ ਤਾਲ ਵਜਦੇ ਨੇ।
ਗੋਲਕਾਂ ਭਰਨ ਲਈ ਸਭ ਦੀਵਾਨ ਸਜਦੇ ਨੇ।
ਤੇਰੀ ਸਿੱਖੀ ਇਨ੍ਹਾਂ 'ਚ ਉਲਝੀ ਜਾ ਰਹੀ ਏ।
ਪਰ ਤੇਰਾ ਪੁਰਬ..........।
ਤੂੰ ਕਿਹਾ ਸੀ ਘਰ-ਘਰ ਅੰਦਰ ਧਰਮਸਾਲ ਹੋਵੇ।
ਉਥੇ ਕੁਰਬਾਣੀ ਦਾ ਪ੍ਰਵਾਹ ਬੇ-ਮਿਸਾਲ ਹੋਵੇ।
ਅਸੀਂ ਤਾਂ ਮਹਿਲਾਂ ਵਰਗੇ ਗੁਰਦੁਆਰੇ ਬਣਾ ਲਏ।
ਇੰਜ ਲਗਦੈ ਜਿਵੇਂ ਗੋਲਕਾਂ ਦੇ ਅਦਾਰੇ ਬਣਾ ਲਏ।
ਨਾਮ ਦੀ ਨਹੀਂ ਗੋਲਕ ਖੁਮਾਰੀ ਚੜ੍ਹਦੀ ਜਾ ਰਹੀ ਏ।
ਪਰ ਤੇਰਾ ਪੁਰਬ..........।
ਦੇਖ ਲਵੋ ਕਿਸ ਤਰ੍ਹਾਂ ਅਜੇਹੇ ਪੁਰਬ ਮਨਾਉਂਦੇ ਨੇ।
ਸੰਦੇਸ਼ ਦੇਣਾ ਭੁਲ ਗਏ ਪਰ ਡਫ਼ਲੀ ਆਪਣੀ
ਵਜਾਉਂਦੇ ਨੇ।
ਧਰਮ ਦਾ ਮਖੌਟਾ ਪਹਿਨ ਕੇ ਧਰਮ ਦੇ ਠੇਕੇਦਾਰਾਂ ਨੇ।
ਜਕੜ ਲਿਆ ਤੇਰੀ ਸਿੱਖੀ ਨੂੰ ਅਖੌਤੀ ਜਥੇਦਾਰਾਂ ਨੇ।
'ਤੇ ਨਸੀਬ ਵਰਗੇ ਨੂੰ ਸਦਾ ਦਬਾ ਰਹੇ ਨੇ।
ਪਰ ਤੇਰਾ ਪੁਰਬ..........।

ਪ੍ਰਿੰ: ਨਸੀਬ ਸਿੰਘ 'ਸੇਵਕ'
9465216530

IF UN-DELIVERED PLEASE RETURN TO:- BHAI DIT SINGH PATRIKA, # 712 APC, KAJHERI, CHANDIGARH - 160036